SATJUG

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੨ ਤੋਂ ੧੮ ਵੈਸਾਖ ੨੦੭੮ ਬਿ.
14 To 30 Apr. 2021

ਜਿਲਦ 29
ਨੰਬਰ 5
Total pages- 68

ਦੇਹਿ ਅਸੀਸ ਕਹੈਂ ਜਗਦੀਸ ਇਹ ਜੋਰੀ ਜਿਯੋ ਜੁਗ ਚਾਰਿ ਤਿਹਾਰੀ॥



20/-



ਹੋਲੇ-ਮਹੱਲੇ ਦੀ ਸੇਵਾ ਕਰਨ ਵਾਲੇ ਨਾਮਧਾਰੀ ਹਾਕੀ ਖਿਡਾਰੀਆਂ ਦੀ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਨਾਲ ਯਾਦਗਰੀ ਤਸਵੀਰ





ਹੋਲੇ-ਮਹੱਲੇ ਦੌਰਾਨ ਹੋਏ ਅਨੰਦ ਕਾਰਜਾਂ ਦਾ ਦ੍ਰਿਸ਼

# ਸਤਿਜੁਗ


੨ ਵੈਸਾਖ ਤੋਂ ੧੯ ਵੈਸਾਖ ੨੦੭੮ ਬਿ.
14 ਅਪ੍ਰੈਲ ਤੋਂ 30 ਅਪ੍ਰੈਲ 2021 ਈ.
ਜਿਲਦ 29, ਨੰਬਰ 5



**ਸਤਿਜੁਗ**: ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



ਸਲਾਹਕਾਰ ਮੈਂਬਰ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ

ਸੰਪਾਦਕ
ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
**ਹਾਕਮ ਸਿੰਘ**
**ਤਰਨ ਸਿੰਘ ਬੱਲ**
***Email- Satjug@sribhainisahib.com***



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98155-75099
99147-02201


# ਤਤਕਰਾ


* ਵੈਸਾਖੀ : ਨਵਾਂਪਣ
  ਭਜਨ ਸਿੰਘ....4
* ਗੁਰਬਾਣੀ ਵਿਆਖਿਆ....6
* ਉਪਦੇਸ਼ ਸਤਿਗੁਰੂ ਉਦੇ ਸਿੰਘ ਜੀ....7
* ਖਾਲਸਾ ਪੰਥ ਦੀ ਸਾਜਨਾ ਦਾ ਰਾਜਨੀਤਕ ਉਦੇਸ਼
  ਡਾ. ਭਜਨ ਸਿੰਘ....10
* ਮਾਤਾ ਚੰਦ ਕੌਰ ਜੀ ਨੂੰ ਯਾਦ ਕਰਦਿਆਂ
  ਗੁਰਲਾਲ ਸਿੰਘ....13
* ਕਿਸਾਨ ਅੰਦੋਲਨ ਅਤੇ ਨਾਮਧਾਰੀ ਸਿੱਖ ਸਮਾਜ
  ਸਰਬ ਸ਼ਕਤੀਮਾਨ....14
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....16
* A Saga of Sri Satguru Jagjit Singh ji
  Dr. Sharada Jayagovind ....17
* ਸੁੱਚੇ ਮੋਤੀ....19
* ਬੱਚਿਆਂ ਦਾ ਪੰਨਾ....20
* ਖ਼ਬਰਨਾਮਾ....21
* ਮਾਨ-ਪੱਤਰ (ਸਨਮਾਨਤ ਸ਼ਖ਼ਸੀਅਤਾਂ)....62


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਸਤਿਜੁਗ

# ਵੈਸਾਖੀ : ਨਵਾਂਪਣ

ਮਨੁੱਖੀ ਮਨ ਨਵੇਂਪਣ ਦਾ ਮੁਤਾਸਿਰ ਹੈ। ਤਕਨਾਲੋਜੀ (Technology) ਦੇ ਇਸ ਯੁੱਗ ਵਿੱਚ ਨਵੀਆਂ ਖੋਜਾਂ ਹਰ ਰੋਜ਼ ਕੁਝ ਨਾ ਕੁਝ ਨਵਾਂ ਲੈ ਕੇ ਆ ਰਹੀਆਂ ਹਨ। ਤਕਨਾਲੋਜੀ ਰਾਹੀਂ ਨਵੇਂ ਈਜਾਦ ਹੋ ਰਹੇ ਸਾਧਨ ਮਨੁੱਖ ਲਈ ਜਿੱਥੇ ਸੁਖਦਾਇਕ ਹਨ, ਉਥੇ ਹੋਰ ਨਵੀਂਆਂ ਚੁਣੌਤੀਆਂ ਵੀ ਨਾਲ ਲਿਆ ਰਹੇ ਹਨ। ਅਜੋਕਾ ਮਨੁੱਖ ਇਸ ਸਾਰੇ ਵਰਤਾਰੇ ਨੂੰ ਇਕ challenge ਵਾਂਗ ਸਵੀਕਾਰ ਕਰ ਕੇ ਆਪਣੀ ਲੀਹੇ ਤੁਰ ਰਿਹਾ ਹੈ। ਇਕੱਲੀ ਤਕਨਾਲੋਜੀ ਹੀ ਨਹੀਂ ਸਗੋਂ ਮਨੁੱਖੀ ਮਨ ਦਾ ਸਮੁੱਚਾ ਮਾਨਸਿਕ ਢਾਂਚਾ ਨਵੇਂਪਣ ਤੋਂ ਪ੍ਰਭਾਵਿਤ ਹੈ। ਹਰ ਰੋਜ਼ ਮਨੁੱਖੀ ਮਨ ਵੇਲਾ ਵਿਹਾ ਚੁੱਕੀਆਂ ਕਦਰਾਂ-ਕੀਮਤਾਂ, ਵਿਚਾਰਾਂ, ਸਾਧਨਾਂ, ਪਦਾਰਥਕ ਸਹੂਲਤਾਂ ਨੂੰ ਤਿਲਾਂਜਲੀ ਦੇ ਕੇ ਨਵੀਂਆਂ ਉਸਾਰ ਰਿਹਾ ਹੈ। ਅਜੋਕੇ ਸਮੇਂ ਵਿਚ ਤਾਂ ਇਸ ਨਵੇਂਪਣ ਦੀ ਰਫ਼ਤਾਰ ਬਹੁਤ ਤੇਜ਼ ਹੋ ਗਈ ਹੈ। ਜੇ ਇਹ ਵੀ ਕਹਿ ਲਿਆ ਜਾਵੇ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਮਨੁੱਖ ਪ੍ਰਗਤੀ ਹੀ ਨਵੇਂਪਣ ਵਿਚੋਂ ਕਰਦਾ ਹੈ।

ਵੈਸਾਖੀ ਨਵੇਂਪਣ ਦੀ ਹੀ ਪ੍ਰਤੀਕ ਹੈ। ਵੈਸਾਖੀ ਕੁਝ ਨਵਾਂ ਕਰਨ ਦੀ ਰੀਝ, ਨਵੀਆਂ ਸੋਚਾਂ ਅਤੇ ਕੁਝ ਨਵਾਂ ਕਰਨ ਦਾ ਹੌਂਸਲਾ ਲੈ ਕੇ ਆਉਂਦੀ ਹੈ। ਅੰਗਰੇਜ਼ੀ ਮਹੀਨੇ ਅਪ੍ਰੈਲ ਦੀ ਜਿਆਦਾਤਰ 13 ਜਾਂ 14 ਤਾਰੀਖ਼ ਅਤੇ ਦੇਸੀ ਮਹੀਨੇ 'ਵੈਸਾਖ' ਦੀ ਪਹਿਲੀ ਤਾਰੀਖ਼ ਦਾ ਦਿਨ 'ਵੈਸਾਖੀ' ਹੈ। 'ਵੈਸਾਖੀ' ਤਿਉਹਾਰ ਦਾ ਸਬੰਧ ਪੰਜਾਬੀ ਜਨ-ਜੀਵਨ ਨਾਲ ਏਨਾ ਗਹਿਰਾ ਜੁੜਿਆ ਹੋਇਆ ਹੈ ਕਿ ਪੰਜਾਬੀ ਜਨ-ਜੀਵਨ ਦਾ ਧਾਰਮਿਕ, ਸੱਭਿਆਚਾਰਕ, ਸਮਾਜਿਕ ਤੇ ਭੂਗੋਲਿਕ ਵਾਅ-ਮੰਡਲ ਇਸ ਤੋਂ ਪ੍ਰਭਾਵਿਤ ਹੁੰਦਾ ਹੈ। ਇਨ੍ਹਾਂ ਦਿਨਾਂ ਵਿਚਲੇ ਮੌਸਮ ਦੀ ਸਮੁੱਚੀ ਤਬਦੀਲੀ ਪੰਜਾਬੀ ਮਨ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਬਿਰਖਾਂ ਦੇ ਪੱਤੇ ਨਵੀਂ ਰੌਂ ਵਿੱਚ ਆਉਂਦੇ ਹਨ, ਨਵੀਂਆਂ ਕਰੂੰਬਲਾਂ ਫੁੱਟਦੀਆਂ ਹਨ। ਸਮੁੱਚੇ ਪੰਜਾਬ ਦੇ ਖੇਤ ਸੁਨਹਿਰੀ ਰੰਗ ਦੇ ਸੁਹੱਪਣ ਬਿਖੇਰਦੇ ਨਜ਼ਰ ਆਉਂਦੇ ਹਨ। ਪੰਜਾਬੀ ਜਨ-ਜੀਵਨ ਕਿਸਾਨੀ ਨਾਲ ਸਬੰਧਤ ਹੋਣ ਕਰਕੇ ਫ਼ਸਲ ਦੀ ਕਟਾਈ ਕਰਦਿਆਂ ਆਪਣੇ-ਆਪ ਨੂੰ ਪਦਾਰਥਕ ਤੇ ਮਾਇਕ ਖੁਸ਼ਹਾਲੀ ਵਿੱਚ ਲਬਰੇਜ਼ ਵੇਖਦਾ ਹੈ। ਲਾਲਾ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਇਨ੍ਹਾਂ ਦਿਨਾਂ ਦੇ ਪੰਜਾਬੀ ਮਨ ਦੀ ਬਾਖ਼ੂਬੀ ਤਰਜ਼ਮਾਨੀ ਕਰਦੀ ਹੈ-

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ। ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਕੱਛੇ ਮਾਰ ਵੰਝਲੀ ਆਨੰਦ ਛਾ ਗਿਆ। ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਪੁਰਾਣਾ ਸਾਲ ਮੁੱਕਦਾ ਹੈ, ਨਵੇਂ ਸਾਲ ਦੀ ਸ਼ੁਰੂਆਤ ਹੁੰਦੀ ਹੈ। ਪੁਰਾਣੀ ਫਸਲ ਸਾਂਭ ਲਈ ਜਾਂਦੀ ਹੈ ਅਤੇ ਨਵੀਆਂ ਫਸਲਾਂ ਬਾਰੇ ਵਿਉਂਤਾਂ ਬਣਾਈਆਂ ਜਾਂਦੀਆਂ ਹਨ। ਠੀਕ ਉਸੇ ਤਰ੍ਹਾਂ ਜਿਵੇਂ ਪੁਰਾਣੇ ਪੱਤੇ ਝੜ ਜਾਂਦੇ ਹਨ, ਨਵੇਂ ਨਿਕਲਦੇ ਹਨ, ਪੁਰਾਣੀ ਰਾਤ ਮੁੱਕ ਜਾਂਦੀ ਹੈ, ਨਵਾਂ ਸੂਰਜ ਉਦੇ ਹੁੰਦਾ ਹੈ। ਸਮੁੱਚੇ ਵਿਸ਼ਵ ਦਾ ਦਫ਼ਤਰੀ ਕੰਮਕਾਰ ਪੁਰਾਣੀ ਇਸੇ ਤਰਜ਼ 'ਤੇ ਇਨ੍ਹਾਂ ਦਿਨਾਂ ਦੇ ਨੇੜੇ-ਤੇੜੇ 30-31 ਮਾਰਚ ਤੱਕ ਮੁਕੰਮਲ ਕਰ ਲਿਆ ਜਾਂਦਾ ਹੈ ਤੇ ਅਪਰੈਲ ਦੇ ਮਹੀਨੇ ਜਾਂ ਵੈਸਾਖ ਦੀ ਸ਼ੁਰੂਆਤ ਨਵੇਂ ਕੰਮਾਂ ਨਾਲ ਸ਼ੁਰੂ ਹੁੰਦੀ ਹੈ। ਬੱਚਿਆਂ ਦੀਆਂ ਪੜ੍ਹਾਈਆਂ ਦਾ ਨਵਾਂ ਸ਼ੈਸ਼ਨ ਇਨ੍ਹਾਂ ਦਿਨਾਂ 'ਚ ਹੀ ਸ਼ੁਰੂ ਹੁੰਦਾ ਹੈ।

ਗੱਲ ਕੀ ਵੈਸਾਖੀ ਨਵਾਂਪਣ ਲੈ ਕੇ ਆਉਂਦੀ ਹੈ। ਨਵੀਂਆਂ ਰੀਝਾਂ ਅਤੇ ਕੁਝ ਨਵਾਂ ਕਰਨ ਦਾ ਹੌਸਲਾ ਅਸੀਂ 'ਵੈਸਾਖੀ' 'ਚੋਂ ਵੇਖ ਸਕਦੇ ਹਾਂ। ਪੰਜਾਬ ਦਾ ਇਤਿਹਾਸ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ। ਕਈ ਐਸੀਆਂ ਨਵੀਂਆਂ ਵੈਸਾਖੀਆਂ ਆਈਆਂ, ਜਿਨ੍ਹਾਂ ਨਵੀਂ ਸੋਚ ਨਾਲ ਨਵੇਂ ਇਤਿਹਾਸ ਨੂੰ ਸਿਰਜਿਆ।

1. ਜਦੋਂ ਗੁਰੂ ਨਾਨਕ ਦੇਵ ਜੀ ਵੇਈਂ ਨਦੀ 'ਚੋਂ ਟੁੱਬੀ ਮਾਰ ਬਾਹਰ ਨਿਕਲੇ ਤਾਂ ਉਨ੍ਹਾਂ ਸੰਸਾਰ ਦੇ ਲੋਕਾਂ ਨੂੰ ਇੱਕ ਨਵਾਂ ਪੈਗਾਮ ਦਿੱਤਾ ਸੀ, ਨਵੀਂ ਗੱਲ ਆਖੀ ਸੀ-

ਨਾ ਕੋ ਹਿੰਦੂ ਨਾ ਮੁਸਲਮਾਨ

ਉਹ ਦਿਨ 1501 ਈ. ਦੀ ਵੈਸਾਖੀ ਦਾ ਦਿਨ ਸੀ।

2. ਜਿਸ ਦਿਨ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ ਦੇ ਪੰਡਤਾਂ ਦਾ ਚੜ੍ਹਦੇ ਸੂਰਜ ਨੂੰ ਪਾਣੀ ਦੇਣ ਦਾ ਭਰਮ ਤੋੜਿਆ। ਅਗਿਆਨਤਾ ਦੇ ਹਨ੍ਹੇਰੇ ਨੂੰ ਗਿਆਨ ਰੂਪੀ ਸੂਰਜ ਨਾਲ ਰੁਸ਼ਨਾਇਆ ਤਾਂ ਉਹ 1505 ਈ. ਦੀ ਵੈਸਾਖੀ ਦਾ ਹੀ ਦਿਨ ਸੀ।

3. ਜਦੋਂ ਗੁਰੂ ਅਮਰਦਾਸ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕਰ ਰਹੇ ਸਨ। ਮਿੱਟੀ ਪੁੱਟੀ ਜਾ ਰਹੀ ਸੀ, ਪਰ ਪਾਣੀ ਨੇੜੇ ਪਹੁੰਚ ਕੇ ਪੱਥਰਾਂ ਦੇ ਕੜ ਨੇ ਕਈ ਦਿਨ ਰੁਕਾਵਟ ਪਾ ਛੱਡੀ ਸੀ। ਉਸ ਕੜ ਨੂੰ ਮਾਣਕ ਚੰਦ ਨਾਮ ਦੇ ਇਕ ਸਿੱਖ ਨੇ 1559 ਈ. ਦੀ ਵੈਸਾਖੀ ਵਾਲੇ ਦਿਨ ਹੀ ਤੋੜਿਆ ਸੀ।

4. ਸਿੱਖਾਂ ਵਿੱਚ ਸਭ ਤੋਂ ਪਹਿਲਾ ਮੇਲਾ ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਪਾਰੋ ਜੁਲਕਾ ਦੀ ਅਰਜ਼ ’ਤੇ ਸ਼ੁਰੂ ਹੋਇਆ ਸੀ। ਇਸ ਤੋਂ ਪਹਿਲਾਂ ਸਿੱਖ ਪੰਥ ਵਿੱਚ ਸਮੁੱਚੇ ਪੰਥ ਦੇ ਇਕੱਠੇ ਹੋਣ ਦੀ ਕੋਈ ਰੀਤ ਨਹੀਂ ਸੀ। ਉਹ ਵੀ ਵੈਸਾਖੀ ਵਾਲਾ ਹੀ ਦਿਨ ਸੀ 1567 ਈ. ਦੀ ਵੈਸਾਖੀ।

5. ਮੁੱਖ ਘਟਨਾ ਜਿਹੜੀ ਸਿੱਖ ਬੜੇ ਉਤਸ਼ਾਹ ਨਾਲ ਆਨੰਦਪੁਰ ’ਕੱਠੇ ਹੋ ਕੇ ਮਨਾਉਂਦੇ ਹਨ, ਉਹ 1699 ਈ. ਦੀ ਵੈਸਾਖੀ ਵਾਲੇ ਦਿਨ ਹੋਈ ਸੀ। ਉਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਨਵਾਂ ਸੁਪਨਾ ਸਿਰਜਿਆ। ਮਜ਼ਲੂਮਾਂ ਦੇ ਹੱਕ ਵਿੱਚ ਖਲੋ, ਹਕੂਮਤ ਨਾਲ ਆਢਾ ਲੈਣ ਲਈ ਲੋਕਾਂ ਅੰਦਰ ਇੱਕ ਰੂਹ ਫੂਕੀ। ਜ਼ਬਰਨ ਧਰਮ ਬਦਲਣ ਵਾਲੀ, ਸੱਭਿਆਚਾਰਕ ਰਹੁ ਰੀਤਾਂ ਦਾ ਨਾਸ ਕਰਨ ਵਾਲੀ, ਲੋਕਾਂ ਦੀਆਂ ਧਾਰਮਿਕ ਆਸਥਾਵਾਂ ਨੂੰ ਸੱਟ ਦੇਣ ਵਾਲੀ, ਹਿੰਦੁਸਤਾਨ ਦੀ ਵੰਨ-ਸਵੰਨਤਾ ਖ਼ਤਮ ਕਰਨ ਵਾਲੀ ਹਕੂਮਤ ਖ਼ਿਲਾਫ਼ ਗੁਰੂ ਸਾਹਿਬ ਆਪ ਹੀ ਨਹੀਂ ਖੜ੍ਹੇ, ਸਗੋਂ ਉਨ੍ਹਾਂ ਭਾਰਤ ਵਾਸੀਆਂ ਦੇ ਮਨਾਂ ਨੂੰ ਵੀ ਹਲੂਣਿਆ, ਜੋ ਗੁਲਾਮੀ ਸਵੀਕਾਰ ਕਰ ਆਪਣੇ ਦਿਨ ਕੱਟੀ ਜਾ ਰਹੇ ਸਨ। ਉਨ੍ਹਾਂ ਨੂੰ ਉਨ੍ਹਾਂ ਦੇ ਪੰਜਾਬੀ ਸੁਭਾਅ ਤੋਂ ਜਾਣੂੰ ਕਰਵਾਇਆ-

ਇਕ ਪੈਰ ਘੱਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ।

ਉਹ ਲੋਕ ਜਿਹੜੇ ਜ਼ਾਲਮੀ ਹਕੂਮਤ ਤੋਂ ਥਰ-ਥਰ ਕੰਬਦੇ ਸੀ, ਲੱਖਾਂ ਦੀ ਫ਼ੌਜ ਨਾਲ ਆਢਾ ਲੈਣ ਲਈ ਤਿਆਰ ਕਰ ਦਿੱਤੇ।

6. ਇਕ ਹੋਰ ਘਟਨਾ, ਜਿਹੜੀ 1857 ਈ. ਦੀ ਵੈਸਾਖੀ ਆਪਣੇ-ਆਪ ਨੂੰ ਨਵੇਂ ਰੰਗ ਵਿੱਚ ਰੰਗਦੀ ਹੋਈ ਲੈ ਕੇ ਆਈ। ਇਤਿਹਾਸ ਦੁਹਰਾਇਆ ਗਿਆ। ਪਹਿਲਾਂ ਪੰਜਾਬ ਦੇ ਹੁਕਮਰਾਨ ਮੁਗਲ ਸਨ, ਸੰਘਰਸ਼ ਕਰਨ ਵਾਲੇ ਸਾਧਾਰਨ-ਪੰਜਾਬੀ, ਜਿਨ੍ਹਾਂ ਦੀ ਅਗਵਾਈ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਹੁਣ ਹੁਕਮਰਾਨ ਅੰਗਰੇਜ਼ ਸੀ ਤੇ ਸੰਘਰਸ਼ ਦੀ ਅਗਵਾਈ ਗੁਰੂ ਰਾਮ ਸਿੰਘ ਨੇ ਕੀਤੀ। ਧੱਕੇ ਨਾਲ ਭਾਰਤੀ ਲੋਕਾਂ ਦੀ ਕਿਰਤ ਨੂੰ ਲੁੱਟ ਅੰਗਰੇਜ਼ ਸਾਧਨ-ਪ੍ਰਸਤ ਬਣ ਰਿਹਾ ਸੀ। ਪਰ ਗ਼ਰੀਬ ਨੂੰ ਉਸ ਦੀ ਕਿਰਤ ਦਾ ਵੀ ਮੁੱਲ ਨਹੀਂ ਸੀ ਮਿਲ ਰਿਹਾ। ਹੁਣ ਦੁਬਾਰਾ ਪੰਜਾਬ ਦੀ ਜ਼ਰਖੇਜ਼ ਭੂਮੀ, ਇੱਥੋਂ ਦੇ ਰਹਿਤਲ, ਧਰਮ, ਸੱਭਿਆਚਾਰ ਨੂੰ ਬਚਾਉਣ ਲਈ ਬੁਲੰਦ ਆਵਾਜ਼ ਉਠਾਈ ਗਈ। ਇਹ ਆਵਾਜ਼ ਵੀ ਸਮੁੱਚੇ ਪੰਜਾਬੀਆਂ ਨੂੰ ਇਕੱਠਿਆਂ ਕਰ, ਗ਼ੁਲਾਮੀ ਦਾ ਜੂਲਾ ਲਾਹ, ਆਜ਼ਾਦੀ ਨਾਲ ਜਿਊਣ ਦਾ ਸੰਘਰਸ਼ ਸੀ। ਇਹ ਆਵਾਜ਼ ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) ਦੀ ਧਰਤੀ ਤੋਂ 12 ਅਪ੍ਰੈਲ 1857 ਈ. ਦੀ ਵੈਸਾਖੀ ਵਾਲੇ ਦਿਨ ਹੀ ਉੱਠੀ ਸੀ।

ਵੈਸਾਖੀ ਤੋਂ 15-20 ਦਿਨ ਪਹਿਲੇ ਤੇ ਪਿਛਲੇ ਜਿੱਥੇ ਭੂਗੋਲਕ ਤੌਰ ’ਤੇ ਮੌਸਮੀ ਨਵਾਂਪਣ ਜਾਂ ਬਦਲਾਅ ਲਿਆਉਂਦੇ ਹਨ। ਉੱਥੇ ਪੰਜਾਬੀ ਮਨ ਨੂੰ ਮੁਤਾਸਰ ਕਰਨ ਦੇ ਨਾਲ-ਨਾਲ ਪੰਜਾਬੀ ਜਨ-ਜੀਵਨ ਨੂੰ ਵੀ ਬਹੁਤ ਪ੍ਰਭਾਵਿਤ ਕਰਦੇ ਹਨ। ਇਤਿਹਾਸਕ ਵਿਸਾਖੀਆਂ ਵੀ ਇਸੇ ਗੱਲ ਦੀ ਗਵਾਹੀ ਭਰਦੀਆਂ ਹਨ। ਗੁਰੂਆਂ ਦੇ ਇਤਿਹਾਸ ਨਾਲ ਜੁੜੀਆਂ ਵੱਡੀਆਂ ਘਟਨਾਵਾਂ ਦੇ ਦਿਨ ਇਹੀ ਸਨ।

ਜੇ ‘ਸਤਿਜੁਗ’ ਪਰਚੇ ਦੀ ਇਸ ਸੰਦਰਭ ਵਿੱਚ ਗੱਲ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ‘ਸਤਿਜੁਗ’ ਪਰਚਾ ਇਸ ਵਾਰ ਹੋਲੇ-ਮਹੱਲੇ ਦੌਰਾਨ 31 ਮਾਰਚ ਨੂੰ ‘ਸਤਿਜੁਗ ਸ਼ਤਾਬਦੀ ਸੈਮੀਨਾਰ’ ਅਤੇ ‘ਪੁਸਤਕ-ਮੇਲੇ’ ਦੇ ਰੂਪ ਵਿੱਚ ਆਪਣੇ ਇੱਕ ਸਦੀ ਦੇ ਸਫ਼ਰ ਦਾ ਜਸ਼ਨ ਮਨਾ ਚੁੱਕਾ ਹੈ। 30-31 ਮਾਰਚ ਅਤੇ 1 ਅਪ੍ਰੈਲ ਨੂੰ ਸ੍ਰੀ ਭੈਣੀ ਸਾਹਿਬ ਲਾਇਆ ਗਿਆ, ਪੁਸਤਕ-ਮੇਲਾ ‘ਸਤਿਜੁਗ’ ਸ਼ਤਾਬਦੀ ਨੂੰ ਹੀ ਸਮਰਪਿਤ ਸੀ। 31 ਮਾਰਚ ਵਾਲੇ ਦਿਨ ਪੰਜਾਬੀ ਸਾਹਿਤ ਦੇ ਚਿੰਤਕਾਂ ਮਿਲ-ਬੈਠ ਸਤਿਜੁਗ ਦੇ 100 ਸਾਲ ਦਾ ਸ਼ਾਨਾਮੱਤਾ ਇਤਿਹਾਸ ਜਿੱਥੇ ਆਪਸ ਵਿੱਚ ਸਾਂਝਾ ਕੀਤਾ, ਉਥੇ ਉਨ੍ਹਾਂ ਇਸ ਬਾਰੇ ਹਜ਼ਾਰਾਂ ਸਰੋਤਿਆਂ ਨੂੰ ਵੀ ਜਾਣੂੰ ਕਰਵਾਇਆ। ਹੁਣ ‘ਸਤਿਜੁਗ’ ਪਰਚਾ ਪੰਦਰਵਾੜੇ ਦੇ ਰੂਪ ਵਿੱਚ 101 ਵੇਂ ਸਾਲ ਵਿੱਚ ਪੈਰ ਰੱਖ ਚੁੱਕਾ ਹੈ। ‘ਸਤਿਜੁਗ’ Digital ਰੂਪ ਵੀ ਅਖਤਿਆਰ ਕਰ ਚੁੱਕਾ ਹੈ। ਹੁਣ ਅਸੀਂ ਮੋਬਾਇਲ App ਰਾਹੀਂ ‘ਸਤਿਜੁਗ’ ਵਿਚਲੇ ਲੇਖਾਂ ਨੂੰ ਪੜ੍ਹ ਅਤੇ ਸੁਣ ਸਕਦੇ ਹਾਂ।

ਨਾਮਧਾਰੀ ਪੰਥ ਵਾਸਤੇ ਇੱਕ ਹੋਰ ਖੁਸ਼ੀ ਦੀ ਗੱਲ ਸਤਿਗੁਰੂ ਉਦੇ ਸਿੰਘ ਜੀ ਦੇ ਇਕਲੌਤੇ ਸਾਹਿਬਜ਼ਾਦੇ ਉੱਤਮ ਸਿੰਘ ਦਾ ਆਨੰਦ ਕਾਰਜ 1 ਅਪ੍ਰੈਲ 2021 ਨੂੰ ਹੋਲੇ-ਮਹੱਲੇ ਦੇ ਭੋਗ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਬੀਬੀ ਜੀਵਨ ਕੌਰ ਨਾਲ ਹੋਇਆ। ਬੀਬੀ ਜੀਵਨ ਕੌਰ ਦੀ ਗੁਰੂ-ਘਰ ਵਿੱਚ ਆਮਦ ਵੀ ਵੈਸਾਖੀ ਨੇੜਲੇ ਉਨ੍ਹਾਂ ਦਿਨਾਂ ਵਿੱਚ ਹੀ ਹੋਈ, ਜਦੋਂ ਪੰਜਾਬ ਦੀ ਸਮੁੱਚੀ ਫ਼ਿਜ਼ਾ, ਧਰਾਤਲ, ਆਲਾ-ਦੁਆਲਾ, ਮੌਸਮ ਆਦਿ ਨਵੀਂ ਕਰਵਟ ਲੈ ਰਿਹਾ ਹੈ। ‘ਸਤਿਜੁਗ’ ਆਪਣੇ ਪਰਚੇ ਦੇ ਸ਼ਤਾਬਦੀ ਸਮਾਰੋਹ ’ਤੇ ਸ਼ਤਾਬਦੀ ਅੰਕ ਨਾਲ ਮਾਣ ਮਹਿਸੂਸ ਕਰਦਿਆਂ ਸਮੁੱਚੇ ਨਾਮਧਾਰੀ ਪੰਥ ਨੂੰ ਸਾਹਿਬਜ਼ਾਦਾ ਉੱਤਮ ਸਿੰਘ ਤੇ ਬੀਬੀ ਜੀਵਨ ਕੌਰ ਦੇ ਮੇਲ ਦੀਆਂ ਵਧਾਈਆਂ ਤੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਵੈਸਾਖੀ ਪੁਰਬ ਦੀਆਂ ਵਧਾਈਆਂ ਆਖਦਾ ਹੈ।

**– ਭਜਨ**
**ਸੰਪ: 9988445538, ਸ੍ਰੀ ਭੈਣੀ ਸਾਹਿਬ**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ੴ**

ਪਰਮੇਸ਼ਰ ਇੱਕ ਹੈ ਅਤੇ ਉਹ ਹਰ ਥਾਂ ਰਮਿਆ ਹੋਇਆ ਹੈ।

**ਸਤਿਨਾਮੁ**

ਉਸਦਾ ਨਾਮ ਸੱਚਾ ਹੈ।

**ਕਰਤਾ ਪੁਰਖੁ**

ਉਹ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ ਅਤੇ ਸਭ ਥਾਂ ਵਿਆਪਕ ਹੈ।

**ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਉਸਨੂੰ ਕਿਸੇ ਦਾ ਡਰ ਨਹੀਂ, ਉਸਦਾ ਕਿਸੇ ਨਾਲ ਵੈਰ ਨਹੀਂ, ਉਸਦਾ ਸਰੂਪ ਕਾਲ ਭਾਵ ਮੌਤ ਤੋਂ ਰਹਿਤ ਹੈ, ਉਹ ਜੂਨਾਂ ਵਿੱਚ ਨਹੀਂ ਆਉਂਦਾ, ਉਹ ਆਪਣੇ ਆਪ ਤੋਂ ਹੀ ਪੈਦਾ ਹੋਇਆ ਹੈ, ਐਸਾ ਪਰਮੇਸ਼ਰ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

**॥ਜਪੁ॥**

ਇਹ ਬਾਣੀ ਦਾ ਨਾਮ ਹੈ।

**ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪ੍ਰਭੂ ਸ਼ੁਰੂ ਤੋਂ ਹੀ ਮੌਜੂਦ ਹੈ, ਜੁਗਾਂ ਤੋਂ ਪਹਿਲਾਂ ਵੀ ਮੌਜੂਦ ਸੀ, ਉਸਦੀ ਹੋਂਦ ਹੁਣ ਵੀ ਮੌਜੂਦ ਹੈ ਅਤੇ ਅੱਗੋਂ ਵੀ ਹੋਵੇਗੀ।

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥**

ਸ਼ੌਚ (ਇਸ਼ਨਾਨ ਆਦਿਕ ਕਿਰਿਆ) ਕਰਨ ਨਾਲ ਮਨ ਦੀ ਸੁੱਚ ਪ੍ਰਾਪਤ ਨਹੀਂ ਹੁੰਦੀ, ਭਾਵੇਂ ਮਨੁੱਖ ਲੱਖ ਵਾਰ ਬਾਹਰੀ ਇਸ਼ਨਾਨ ਕਰਦਾ ਰਹੇ।

**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥**

ਚੁੱਪ ਰਹਿਣ ਨਾਲ ਵੀ ਮਨ ਨੂੰ ਵਾਸ਼ਨਾ ਵੱਲੋਂ ਸ਼ਾਂਤੀ ਨਹੀਂ ਹੁੰਦੀ, ਚਾਹੇ ਇੱਕ ਰਸ ਲਿਵ ਲਾਈ ਰੱਖੇ।

**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥**

ਐ ਭੁੱਖਿਆ! ਜੇ ਤੂੰ ਚੌਦਾਂ ਲੋਕਾਂ ਦੇ ਪਦਾਰਥ ਵੀ ਬੰਨ੍ਹ ਕੇ ਰੱਖ ਲਵੇਂ ਤਾਂ ਵੀ ਤੇਰੀ ਭੁੱਖ ਨਹੀਂ ਉੱਤਰਨੀ।

**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥**

ਹਜ਼ਾਰਾਂ ਲੱਖਾਂ ਸਿਆਣਪਾਂ ਹੋਣ, ਪਰ ਪ੍ਰਭੂ ਦੇ ਸਾਮ੍ਹਣੇ ਤਾਂ ਇੱਕ ਵੀ ਨਹੀਂ ਚੱਲਣੀ।

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**

ਫਿਰ ਮਨੁੱਖ ਸੱਚਾ ਕਿਵੇਂ ਹੋ ਸਕਦਾ ਹੈ ਅਤੇ ਉਸਦੇ ਮਨ ਵਿਚਲੀ ਝੂਠ ਦੀ ਕੰਧ ਕਿਵੇਂ ਟੁੱਟ ਸਕਦੀ ਹੈ?

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਧੁਰੋਂ ਲਿਖ ਦਿੱਤਾ ਹੈ ਕਿ ਰਜ਼ਾ ਦੇ ਮਾਲਕ ਦੇ ਹੁਕਮ ਵਿੱਚ ਚਲਣ ਨਾਲ ਹੀ ਸਚਿਆਰ ਹੋਈਦਾ ਹੈ ਭਾਵ ਹੁਕਮ ਵਿੱਚ ਚਲਣ ਨਾਲ ਸੱਚਾ ਹੁੰਦਾ ਹੈ।

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**1 ਅਪ੍ਰੈਲ 2021 ਈ.** **ਹੋਲੇ-ਮਹੱਲੇ ਦੇ ਭੋਗ ਸਮੇਂ (ਸ੍ਰੀ ਭੈਣੀ ਸਾਹਿਬ)**

ਪਰਮ ਸਤਿਕਾਰਯੋਗ ਸਾਧ ਸੰਗਤ ਜੀ ਅੰਮ੍ਰਿਤ ਵੇਲੇ ਤੋਂ ਤੁਸੀਂ ਨਾਮ ਸਿਮਰਨ ਕੀਤੈ। ਆਸਾ ਦੀ ਵਾਰ ਦਾ ਕੀਰਤਨ ਸੁਣਿਐ। ਇਕ ਵਾਰ ਉਸ ਪਾਤਸ਼ਾਹ ਨੂੰ ਯਾਦ ਕਰੀਏ, ਜਿਨ੍ਹਾਂ ਦਾ ਦੱਸਿਆ ਹੋਇਆ ਰਸਤਾ, ਜਿਹਨਾਂ ਦੀ ਦੱਸੀ ਹੋਈ ਸਿੱਖੀ ਦਾ ਅਨੰਦ ਲੈ ਰਹੇ ਹਾਂ। ਇਕ ਵਾਰੀ ਬੜੇ ਪਿਆਰ ਨਾਲ ਆਖੀਏ- 'ਧੰਨ ਸ੍ਰੀ ਸਤਿਗੁਰੂ ਨਾਨਕ ਦੇਵ ਜੀ'। ਇਹ ਸਿੱਖੀ ਸਰੂਪ ਦੇਖ ਕੇ ਇਸ ਦੁਨੀਆਂ ਵਿੱਚ ਜਿਥੇ ਈਰਖਾ ਦਾ ਬਹੁਤ ਪ੍ਰਭਾਵ ਹੈ, ਜਿਥੇ ਧਰਮ ਦੇ ਨਾਮ ਤੇ ਲੜਾਈਆਂ ਹੁੰਦੀਆਂ ਨੇ, ਉਥੇ ਉਸ ਪਾਤਸ਼ਾਹ ਦੇ ਚਰਨਾਂ ਵਿੱਚ ਸਿਰ ਝੁਕਾਉਣ ਨੂੰ, ਇਕ ਸਿੱਖ ਦੇ ਰੂਪ ਵਿੱਚ, ਇਹ ਸਿੱਖੀ ਦਾ ਅਨੰਦ ਮਾਨਣ ਕਰਕੇ, ਇਹ ਧੰਨਵਾਦ ਕਰਨ ਨੂੰ ਜੀ ਕਰਦੈ ਕਿ ਪਾਤਸ਼ਾਹ ਤੂੰ ਇਹ ਮਨੁੱਖਾ ਜਨਮ ਦੇ ਕੇ ਇਸ ਸਿੱਖੀ ਨਾਲ ਜੋੜਿਆ। ਕਿਰਪਾ ਕਰ ਸਾਡੇ ਅੰਦਰੋਂ ਈਰਖਾ, ਵੈਰ, ਵਿਰੋਧ ਛੁੱਟ ਜਾਵੇ ਤੇ ਉਹ ਕਿਰਪਾ ਹੋਵੇ, ਜਿਹੜਾ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ 'ਮਾਈ ਮੈ ਧਨੁ ਪਾਇਓ ਹਰਿ ਨਾਮੁ' ਇਕ ਵਾਰੀ ਫਿਰ ਕਿਰਪਾ ਕਰੋ, ਉਸ ਪਾਤਸ਼ਾਹ ਨੂੰ ਯਾਦ ਕਰੀਏ ਜਿਹਨਾਂ ਦਾ ਇਸ ਸਾਲ ਸਾਰਾ ਸਿੱਖ ਜਗਤ 400 ਸਾਲਾ ਪ੍ਰਕਾਸ਼ ਪੁਰਬ ਮਨਾ ਰਿਹਾ ਹੈ। ਜੇ ਅਸੀਂ ਇਹ ਕਹਿ ਲਈਏ ਕਿ ਅੱਜ ਇਹ ਦੇਸ਼ ਦਾ ਜੋ ਰੂਪ ਹੈ, ਜਿਹਨੂੰ ਬਹੁਤ ਸਾਰੇ ਹਿੰਦੂ-ਰਾਸ਼ਟਰ ਵੀ ਕਹਿੰਦੇ ਹਨ। ਜਿਸ ਸੱਚੇ ਪਾਤਸ਼ਾਹ ਜੀ ਨੇ ਇਹ ਬਚਾਇਆ, ਉਹ ਇਹਨਾਂ ਚੀਜ਼ਾਂ ਤੋਂ ਹਿੰਦੂ, ਮੁਸਲਮਾਨ ਸਾਰਿਆਂ ਤੋਂ ਉੱਤੇ ਹੋ ਕੇ ਉਸ ਪਾਤਸ਼ਾਹ ਨੇ ਸਾਰਿਆਂ ਨੂੰ ਇਕ ਸਮਝਿਆ, ਉਹਨਾਂ ਦੇ ਚਰਨਾਂ ਵਿੱਚ ਸਿਰ ਝੁਕਾਉਂਦੇ ਹੋਏ ਇਕ ਵਾਰੀ ਆਖੀਏ- 'ਧੰਨ ਸਤਿਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ'। ਸਾਧ-ਸੰਗਤ ਜੀ ਇਹ ਖਾਲਸਾ ਰੂਪ ਜਿਸ ਪਾਤਸ਼ਾਹ ਨੇ ਦਿੱਤਾ ਹੈ ਉਸ ਸਰਬੰਸ ਦਾਨੀ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਸਿਰ ਝੁਕਾਈਏ ਤੇ ਆਖੀਏ- 'ਧੰਨ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ'। ਉਹਨਾਂ ਦੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ ਭਾਵੇਂ ਉਹ ਸਿੱਖੀ, ਨਾਮਧਾਰੀ ਰੂਪ ਵਿੱਚ ਹੈ, ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੈ ਪਰ ਉਸ ਬਰਤਾਨਵੀ ਸਰਕਾਰ ਦੇ ਰਾਜ ਵਿੱਚ ਜਿਨ੍ਹਾਂ ਨੇ ਉਸ ਸਿੱਖੀ ਨੂੰ ਮੁੜ ਸੁਰਜੀਤ ਕੀਤਾ, ਇਕ ਵਾਰੀ ਉਹਨਾਂ ਨੂੰ ਯਾਦ ਕਰੀਏ ਤੇ ਆਖੀਏ- 'ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ'। ਇਹ ਸਾਧ ਸੰਗਤ ਜੀ ਜੋ ਤੁਸੀਂ ਸਿੱਖੀ ਦਾ ਰੂਪ ਵੇਖ ਰਹੇ ਹੋ, ਨਾਮਧਾਰੀਆਂ ਵਿੱਚ ਅੱਜ ਬੈਠੇ ਹਾਂ, ਅੱਜ ਇਹ ਪਹਿਰਾਵੇ ਬਹੁਤ ਹੱਦ ਤੱਕ ਸਭ ਚਿੱਟੇ ਦਿੱਸਦੇ ਹਨ। ਇਹ ਦਸਤਾਰਾਂ ਸਿੱਧੀਆਂ ਦਿੱਸਦੀਆਂ ਨੇ, ਸਿੱਖੀ ਸਰੂਪ ਦਿੱਸਦਾ, ਉਸ ਸਤਿਗੁਰੂ ਨਾਨਕ ਦੇਵ, ਸਤਿਗੁਰੂ ਰਾਮ ਸਿੰਘ ਦੀ ਸਿੱਖੀ ਨਾਲ ਜਿਸ ਪਾਤਸ਼ਾਹ ਨੇ ਜੋੜ ਕੇ ਰੱਖਿਆ ਹੈ, ਜਿਹਨਾਂ ਦੀ ਗੋਦ ਦਾ ਆਪਾਂ ਵੀ ਅਨੰਦ ਲਿਆ, ਜਿਹਨਾਂ ਦੀ ਇਹ ਕਿਰਪਾ ਮਾਣ ਰਹੇ ਹਾਂ, ਉਹਨਾਂ ਨੂੰ ਯਾਦ ਕਰੀਏ ਤੇ ਆਖੀਏ- 'ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਾਸ਼ਾਹ ਜੀ'। ਬੜਾ ਚੰਗਾ ਲੱਗਦਾ ਹੈ, ਜਿਸ ਰੂਪ ਵਿੱਚ ਸਿੱਖੀ ਬੈਠੀ ਹੈ। ਬਹੁਤ ਦੂਰ ਦੀ ਗੱਲ ਨਹੀਂ ਜੇ ਅਸੀਂ 1970-80 ਈ. ਦੇ ਕਰੀਬ (ਨਿਗ੍ਹਾ ਮਾਰ ਕੇ ਵੇਖੀਏ) ਵੀ ਚਲੇ ਜਾਈਏ ਇਹ ਰੂਪ ਨਹੀਂ ਸੀ। ਨਾਮਧਾਰੀ ਸੰਗਤ ਵਿੱਚ ਵੀ ਬਹੁਤ ਸਾਰੇ ਬਾਣੇ ਰੰਗਦਾਰ ਹੁੰਦੇ ਸੀ। ਇਹ ਕਿਰਪਾ ਕੀਤੀ ਹੈ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ, ਕਿਸ ਤਰ੍ਹਾਂ ਇਹ ਹੌਲੀ-ਹੌਲੀ ਕਿੰਨੇ ਟਾਈਮ ਵਿੱਚ ਹੋਇਆ, ਇਹ ਜਿਨ੍ਹਾਂ ਨੇ ਦੇਖਿਆ ਉਹਨਾਂ ਨੂੰ ਹੀ ਪਤਾ ਲੱਗਦੈ। ਜਿਹੜੀ ਉਸ ਤੋਂ ਬਾਅਦ ਦੀ Generation ਹੈ, ਸ਼ਾਇਦ ਉਹ ਇਸ ਚੀਜ਼ ਨੂੰ ਨਾ ਸਮਝੇ। ਆਪਾਂ ਉਸ ਸਾਲਾਂ ਵਿਚੋਂ ਲੰਘ ਕੇ ਆਏ ਹਾਂ, ਜਿਹੜਾ ਦੁਨੀਆਂ ਦਾਰੀ ਦੇ ਹਿਸਾਬ ਨਾਲ ਸਾਰੀ ਦੁਨੀਆਂ ਵਿੱਚ ਕਹਿੰਦੇ ਨੇ, ਬੜਾ ਔਖਾ ਟਾਇਮ ਲੰਘਿਆ ਹੈ। ਸ਼ਾਇਦ ਜੇ ਇਸ ਤੋਂ ਬਾਅਦ ਕੋਈ ਇਸ ਗੱਲ ਦੀ Prediction ਕਰਦੇ ਉਹ ਕਹਿੰਦੇ ਕਿ ਜੇ ਇਸ ਤਰ੍ਹਾਂ ਹੋ ਜਾਵੇਗਾ ਤੇ ਇਹ ਦੁਨੀਆਂ ਸ਼ਾਇਦ ਬਚੇਗੀ ਹੀ ਨਹੀਂ। ਤੁਸੀਂ ਇਹ ਦੇਖੋ ਕਿ ਉਹ ਮਾਲਕ ਦੀ ਰਚਨਾ ਬਹੁਤ ਕੁਝ ਬੰਦ ਹੋ ਗਿਆ, ਬੜੀਆਂ ਕੰਪਨੀਆਂ ਬੰਦ ਹੋ ਗਈਆਂ, Airlines ਬੰਦ ਹੋ ਗਈਆਂ, ਦੁਨੀਆਂ ਦਾ ਆਉਣਾ-ਜਾਣਾ ਬੰਦ ਹੋ ਗਿਆ। ਪਰ ਉਸੇ ਤਰ੍ਹਾਂ ਹੀ ਲੋਕਾਂ ਨੂੰ ਰੋਟੀ ਮਿਲੀ ਜਾਂਦੀ ਹੈ, ਉਸੇ ਤਰ੍ਹਾਂ ਹੀ ਦੁਨੀਆਂ ਚੱਲੀ ਜਾਂਦੀ ਹੈ। ਇਹ ਉਸ ਅਕਾਲ-ਪੁਰਖ ਦੀ, ਉਸ ਮਾਲਕ ਦੀ ਦੇਣ ਹੈ, ਜਿਸ ਨੂੰ ਆਪਾਂ ਮਾਇਆ ਵਿੱਚ ਲੱਗ ਕੇ ਭੁੱਲ ਜਾਂਦੇ ਹਾਂ। ਅਸੀਂ ਸਾਰੇ ਹੀ ਭੁੱਲ ਜਾਂਦੇ ਹਾਂ, ਮੈਂ ਕਿਸੇ ਇੱਕ ਨੂੰ ਨਹੀਂ ਕਹਿੰਦਾ। ਅਸੀਂ ਦੇਣ ਵਾਲੇ ਨੂੰ ਭੁੱਲ ਜਾਂਦੇ ਹਾਂ, ਇਹ ਉਹਦੀ ਰਚਨਾ ਹੈ। ਇਹ ਸਾਰਾ ਸੰਸਾਰ ਉਹਦਾ ਉਪਾਇਆ ਹੈ, ਜਿਹਨੂੰ ਵੀ ਉਹਨੇ ਉਪਾਇਐ, ਇਕ ਉਪਦੇਸ਼ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ, ਉਹਦੇ ਵਾਸਤੇ ਉਹਨਾਂ ਰੋਟੀ ਨਾਲ ਹੀ ਉਪਾਈ ਹੈ। ਮੈਂ ਗੱਲ ਕਰਦਿਆਂ ਹੋਇਆ ਨਾਮਧਾਰੀਆਂ ਦੀ, ਸ਼ੁਰੂ ਵਿੱਚ ਇਹ ਅਰਜ਼ ਬੇਨਤੀ ਕੀਤੀ ਸੀ ਕਿ ਨਾਮ ਸਿਮਰਨ ਦੀ, ਆਪਾਂ ਔਖੇ ਸਮੇਂ ਵਿੱਚੋਂ ਲੰਘ ਰਹੇ ਹਾਂ, ਰੋਜ਼ ਉੱਠ ਕੇ ਨਾਮ ਸਿਮਰਨ ਕਰੋ। ਮੇਰੇ ਤੋਂ ਅਖਵਾ ਲਿਆ ਸੱਚੇ ਪਾਤਸ਼ਾਹ ਜੀ ਨੇ ਤੇ ਸੰਗਤ ਨੇ ਬੜੀ ਹੀ ਕਿਰਪਾ ਕੀਤੀ ਤੇ ਬਹੁਤ ਨਾਮ ਸਿਮਰਨ ਹੋਇਆ, ਬੜੇ ਗਰੁੱਪ ਬਣ ਗਏ। Digital Media ਦਾ ਜੇ ਮੈਂ ਕਹਿ ਲਵਾਂ ਕੇ ਸਦ-ਉਪਯੋਗ ਹੋਇਆ। Zoom 'ਤੇ ਗਰੁੱਪ ਬਣ ਗਏ ਉੱਥੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਉਸਤਤ ਹੋਈ, ਹਰਜੱਸ ਹੋਇਆ। ਕਿਤੇ ਤੁਹਾਡੇ What's aap ਗਰੁੱਪ ਬਣ ਗਏ, ਕਈ ਹੁਣ ਵੀ ਚੱਲ ਰਹੇ ਹਨ। ਹਜ਼ਾਰਾਂ ਸਿੰਘਾਂ ਨੇ ਨਾਮ ਸਿਮਰਨ ਕੀਤਾ। ਇਹ ਉਸ ਦਾ ਹੀ

ਨਤੀਜਾ ਹੈ ਕਿ ਆਪਾਂ ਇਹ ਸਾਰੇ ਕੁਝ 'ਚੋਂ ਵੀ ਲੰਘਦੇ ਹੋਏ, ਅੱਜ ਇਸ ਤਰ੍ਹਾਂ ਬੈਠੇ ਹੋਏ ਹਾਂ। ਅੱਜ ਫਿਰ ਉਹ ਸੁੱਖ ਮਾਣ ਰਹੇ ਹਾਂ। ਸੁੱਖ ਮਾਨਣ ਦਾ ਇਹ ਕਾਰਨ ਹੈ ਕਿ ਉਹ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਹੈ ਕਿ ਸਾਨੂੰ ਉਸ ਨਾਮ ਨਾਲ ਜੋੜਿਆ ਹੈ। ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹੁਣ ਵੀ ਉਸ ਚੀਜ਼ ਨੂੰ ਆਪਾਂ ਘੱਟ ਨਾ ਹੋਣ ਦੇਈਏ। ਉਹ ਨਾਮ ਸਿਮਰਨ ਉਸ ਤਰ੍ਹਾਂ ਹੀ ਚਲਦਾ ਰਹੇ। ਸੱਚੇ ਪਾਤਸ਼ਾਹ ਦਾ ਹੁਕਮ ਯਾਦ ਰੱਖੀਏ ਕਿ ਘੱਟ ਤੋਂ ਘੱਟ ਇਕ ਘੰਟਾ ਨਾਮ ਸਿਮਰਨ ਹੋਵੇ। ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਜ਼ਰੂਰ ਹੋਵੇ, ਅੰਮ੍ਰਿਤ ਵੇਲੇ ਨੂੰ ਜ਼ਰੂਰ ਸਾਂਭੀਏ। ਫਿਰ ਤੁਸੀਂ ਬਹੁਤ ਸਾਰਿਆਂ ਸੁਣਿਐ, ਕੋਸ਼ਿਸ਼ ਕਰੋ ਜਿਹੜਾ 2 ਵਜੇ ਉੱਠ ਸਕਦਾ, 3 ਵਜੇ ਉੱਠ ਸਕਦਾ, 4 ਵਜੇ ਉੱਠ ਸਕਦਾ, ਪਰ ਕੋਈ ਵੀ ਉਹ ਨਾ ਰਵ੍ਹੇ ਕਿ ਜਿਹਨੇ ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਨਾ ਕੀਤਾ ਹੋਵੇ। ਮੈਂ ਅਰਜ਼ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਘਟਦਾ ਜਾਂਦਾ ਹੈ, ਸਣੇ ਕੇਸੀ ਇਸ਼ਨਾਨ ਹੋਵੇ, 'ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ' ਅਗਲੀ ਗੱਲ ਮੈਂ ਕਹਿਣੀ ਨਹੀਂ ਤੁਸੀਂ ਸਮਝਦੇ ਹੀ ਹੋ ਕਿ ਬਹੁਤ ਵਾਰੀ ਇਸ਼ਨਾਨ ਹੋਵੇ ਤੇ ਇਸ਼ਨਾਨ ਸਣੇ ਕੇਸੀ ਨਾ ਹੋਵੇ ਉਹ ਵੀ ਘੱਟਦਾ ਜਾਂਦਾ ਹੈ।

ਇਸ ਕਰਕੇ ਮੈਂ ਇਹ ਬੇਨਤੀ ਕਰਦਾ ਹਾਂ, ਸੱਚੇ ਪਾਤਸ਼ਾਹ ਮਾਇਆ ਦਿੰਦੇ ਹਨ, ਉਹ ਕਿਰਪਾ ਕਰਨ ਮਾਇਆ ਹੋਰ ਦੇਣ, ਬਖਸ਼ਿਸ਼ ਕਰਨ, ਆਪਣੇ ਸਿੱਖਾਂ ਨੂੰ ਕੀ ਸਾਰਿਆਂ ਨੂੰ ਸੁਖੀ ਰੱਖਣ, ਕੋਈ ਵੀ ਦੁਖੀ ਨਾ ਹੋਵੇ, ਪਰ ਮਾਇਆ ਦੇ ਵਿੱਚ ਆ ਕੇ ਸਾਡੇ ਤੋਂ ਸਿੱਖੀ ਨਾ ਭੁੱਲ ਜਾਵੇ। ਸਾਨੂੰ ਦੇਣ ਵਾਲਾ ਨਾ ਭੁੱਲ ਜਾਵੇ, ਇਹ ਨਾ ਹੋ ਜਾਵੇ 'ਦਾਤਿ ਪਿਆਰੀ ਵਿਸਰਿਆ ਦਾਤਾਰਾ' ਇਹ ਅਰਦਾਸ ਵੀ ਕਰੀਏ ਇਹ ਬਖਸ਼ਿਸ਼ ਵੀ ਮੰਗੀਏ ਕਿ ਬਖਸ਼ਿਸ਼ ਕਰ ਦੇਣ ਵਾਲਾ ਮਾਲਕ ਸਾਨੂੰ ਭੁੱਲੇ ਨਾ, ਸਾਨੂੰ ਸਿੱਖੀ ਅਸੂਲ ਕਦੇ ਨਾ ਭੁੱਲਣ ਜਿਹਨਾਂ ਕਰਕੇ ਅਸੀਂ ਇਹ ਸੁੱਖ ਲੈ ਰਹੇ ਹਾਂ 'ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ' ਦੁਨੀਆਂ ਦੀ ਰੀਸ ਕਰਦਿਆਂ-ਕਰਦਿਆਂ ਕਈ ਵਾਰ ਹੋ ਜਾਂਦਾ ਹੈ 'ਦੀਨੁ ਗਵਾਇਆ ਦੁਨੀ ਸਿਓ ਦੁਨੀ ਨ ਚਾਲੀ ਸਾਥਿ' ਇਹ ਦੁਨੀਆਂ ਨਾਲ ਚੱਲਣੀ ਨਹੀਂ। ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਹਨ ਕਿ ਦੁੱਖ-ਸੁੱਖ ਦੋਵੇਂ ਖੰਭ ਨੇ ਦੁੱਖ-ਸੁੱਖ ਆਪਾਂ ਨਾਲ ਲੈ ਕੇ ਹੀ ਜੰਮਦੇ ਹਾਂ, ਉਹ ਜੀਵਨ ਵਿੱਚ ਆਉਂਦੇ ਰਹਿੰਦੇ ਹਨ। ਪਰ ਜਦੋਂ ਅਸੀਂ ਨਾਮ ਨਾਲ ਜੁੜੇ ਹੁੰਦੇ ਹਾਂ, ਜਦੋਂ ਅਸੀਂ ਸਿੱਖੀ ਅਸੂਲਾਂ ਨਾਲ ਜੁੜੇ ਹੁੰਦੇ ਹਾਂ, ਉਹ ਦੁਖ ਵੀ ਸੁੱਖ ਵਾਂਗੂੰ ਲੰਘ ਜਾਂਦੇ ਹਨ, ਉਹ ਦੁੱਖ ਸਾਨੂੰ ਮਹਿਸੂਸ ਹੀ ਨਹੀਂ ਹੁੰਦਾ। ਤੁਸੀਂ ਆਪ ਇਹ ਕਰਕੇ ਦੇਖ ਲਉ, ਆਪਣਾ ਜੀਵਨ ਬਦਲ ਕੇ ਦੇਖ ਲਉ, ਅੰਮ੍ਰਿਤ ਵੇਲੇ ਉੱਠ ਕੇ ਦੇਖ ਲਉ, ਸਵੇਰੇ ਉੱਠ ਕੇ 2-3 ਘੰਟੇ ਨਾਮ ਸਿਮਰਨ ਕਰਕੇ, ਪੰਜਾ ਬਾਣੀਆਂ ਦਾ ਪਾਠ ਕਰਕੇ ਦੇਖ ਲਉ, ਉਹ ਜ਼ਿੰਦਗੀ ਕਿੰਨੀ ਸੁਖੀ ਲੰਘਦੀ ਹੈ। ਤੁਹਾਨੂੰ ਦੁੱਖ ਵਿੱਚ ਵੀ ਦੁੱਖ ਨਹੀਂ ਹੁੰਦਾ। ਸੋ ਆਪਾਂ ਇਹ ਤਕੜੇ ਹੋ ਕੇ ਜਿਹੜੀ ਵਡਮੁੱਲੀ ਦਾਤ ਹੈ, ਸਤਿਗੁਰੂ ਜੀ ਦੀ ਗੁਰਬਾਣੀ ਨਾਲ ਜੁੜੇ ਰਹੀਏ।

ਮੈਂ ਬੜੀ ਵਾਰੀ ਇਹ ਗੱਲ ਕਰਦਾ ਹਾਂ ਤੇ ਮੈਂ ਫਿਰ ਦੁਹਰਾਉਣਾ ਚਾਹੁੰਦਾ ਹਾਂ, ਗੁਰਬਾਣੀ ਕਿਸੇ ਵਿਸ਼ੇਸ਼ ਸੰਸਥਾ ਵਾਸਤੇ ਨਹੀਂ, ਗੁਰਬਾਣੀ ਕਿਸੇ ਵਿਸ਼ੇਸ਼ ਧਰਮ ਵਾਸਤੇ ਨਹੀਂ ਗੁਰਬਾਣੀ ਹਰ ਉਸ ਪ੍ਰਾਣੀ ਵਾਸਤੇ ਹੈ ਜੋ ਸੁਖੀ ਰਹਿਣਾ ਚਾਹੁੰਦਾ ਹੈ। ਜੇ ਸੱਚੇ ਪਾਤਸ਼ਾਹ ਜੀ ਨੇ ਦਇਆ ਦਾ ਬਚਨ ਕੀਤਾ, ਉਹ ਦਇਆ ਸਾਡੇ ਸਾਰਿਆਂ ਵਾਸਤੇ ਹੈ ਸਾਡੇ ਸਾਰੇ ਧਰਮ ਵਾਸਤੇ ਹੈ। ਜੇ ਸੱਚ ਦਾ ਬਚਨ ਕੀਤਾ ਹੈ ਉਹ ਸੱਚ ਸਾਰਿਆਂ ਧਰਮਾਂ ਵਾਸਤੇ ਹੈ। ਉਸ ਵਡਮੁੱਲੀ ਗੁਰਬਾਣੀ ਨਾਲ ਜੁੜੀਏ, ਗੁਰਬਾਣੀ ਨਾਲ ਜੁੜਨ ਵਾਸਤੇ ਭੈਣੀ ਸਾਹਿਬ ਤੋਂ ਉਪਰਾਲੇ ਹੁੰਦੇ ਹਨ, ਕੁਝ ਸੱਜਣ ਜਿਨ੍ਹਾਂ ਦਾ ਭੈਣੀ ਸਾਹਿਬ ਦੀ WebSite ਤੇ ਵੀ ਨੰਬਰ ਪਾਇਆ ਹੋਵੇਗਾ। ਇਥੇ ਰਾਗੀ ਸ਼ਾਮ ਸਿੰਘ ਜੀ ਬੈਠੇ ਨੇ ਉਹ ਗੁਰਬਾਣੀ ਦਾ ਪਾਠ ਸਖਾਉਂਦੇ ਹਨ, ਅਮਰੀਕ ਸਿੰਘ ਜੀ ਬੈਠੇ ਨੇ ਉਹ ਵੀ ਸਖਾਉਂਦੇ ਨੇ, ਕੁਝ ਹੋਰ ਵੀ ਨੇ, ਇਸ ਤਰ੍ਹਾਂ ਜੇ ਲੋੜ ਸਮਝੋਗੇ, ਜਿਵੇਂ-ਜਿਵੇਂ ਸਿੱਖਣ ਵਾਲੇ ਜਿਆਦਾ ਹੋ ਜਾਣਗੇ, ਗੁਰਬਾਣੀ ਸਿਖਾਉਣ ਵਾਲੇ ਹੋਰ ਜੁੜੀ ਜਾਣਗੇ। ਜਿਹਨਾਂ ਨੂੰ ਪੰਜਾਬੀ ਨਹੀਂ ਆਉਂਦੀ, ਉਹ ਪੰਜਾਬੀ ਵੀ Online ਵੱਧ ਤੋਂ ਵੱਧ ਸਦ ਉਪਯੋਗ ਕਰਕੇ ਸਿੱਖ ਸਕਦੇ ਹਨ ਕਿ ਅੱਜ ਸਾਨੂੰ ਜ਼ਰੂਰੀ ਨਹੀਂ ਕਿ ਅਸੀਂ ਇਥੇ ਆ ਕੇ ਹੀ ਸਿੱਖੀਏ ਅਸੀਂ ਵੱਧ ਤੋਂ ਵੱਧ online ਸਦ-ਉਪਯੋਗ ਕਰੀਏ। ਕਿਤੇ ਹੌਲੀ-ਹੌਲੀ ਇਹ ਚੀਜ਼ ਨਾ ਹੋ ਜਾਵੇ ਕਿ ਸਾਨੂੰ ਪੰਜਾਬੀ ਭੁੱਲ ਜਾਵੇ, ਸਾਨੂੰ ਪੰਜਾਬੀ ਹੋਣ ਦਾ ਵੀ ਮਾਨ ਹੋਵੇ। ਪੰਜਾਬੀ ਆਉਂਦੀ ਹੋਵੇ, ਸਾਨੂੰ ਗੁਰਮੁਖੀ ਲਿਪੀ ਆਉਂਦੀ ਹੋਵੇ, ਅਸੀਂ ਗੁਰਬਾਣੀ ਪੜ੍ਹ ਸਕੀਏ, ਗੁਰਬਾਣੀ ਸਮਝ ਸਕੀਏ ਤੇ ਇਹ ਬਖਸ਼ਿਸ਼ ਮੰਗੀਏ ਕਿ ਸੱਚੇ ਪਾਤਸ਼ਾਹ ਜੀ, ਜੋ ਤੁਸੀਂ ਗੁਰਬਾਣੀ ਵਿੱਚ ਹੁਕਮ ਕੀਤੇ ਨੇ, ਉਹਨਾਂ ਦਾ ਭਾਵ ਸਾਡੇ ਮਨ 'ਤੇ ਵਸੇ ਤੇ ਅਸੀਂ ਉਹਨਾਂ ਦੇ ਮੁਤਾਬਿਕ ਆਪਣੀ ਜ਼ਿੰਦਗੀ ਜੀਉ ਸਕੀਏ ਤਾਂ ਹੀ ਮਨੁੱਖਾ ਜਨਮ ਦਾ ਫਾਇਦਾ ਹੈ। ਜਾਣਾ ਤੇ ਇਥੋਂ ਸਾਰਿਆਂ ਨੇ ਹੀ ਹੈ ਕਿਸੇ ਨੇ ਛੇਤੀ ਚਲੇ ਜਾਣੈ, ਕਿਸੇ ਨੇ ਜਿਆਦਾ ਸਾਲ ਲਾਉਣੇ ਹਨ, ਪਰ ਇਸ ਮਨੁੱਖਾ ਜਨਮ ਦਾ ਤਾਂ ਹੀ ਫਾਇਦਾ ਹੈ ਕਿ ਜੇ ਆਪਾਂ ਗੁਰਬਾਣੀ ਨਾਲ ਜੁੜ ਕੇ, ਸ਼ਾਇਦ ਸਾਡੀ ਵੀ ਉਹ ਅਵਸਥਾ ਹੋ ਸਕੇ ਜਿਥੇ ਅਸੀਂ ਇਕ ਨਾਲ ਜੁੜ ਸਕੀਏ। ਸਾਨੂੰ ਵੀ ਉਹ ਅੱਖਾਂ ਮਿਲਣ, ਉਹ ਦੇਖਣ ਵਾਲੀਆਂ ਅੱਖਾਂ ਮਿਲਣ। ਭੈਣੀ ਸਾਹਿਬ ਤੋਂ ਕੁਝ ਹੋਰ ਮੈਂ ਅਰਜਾਂ ਕਰਨਾ ਚਾਹੁੰਦਾ ਹਾਂ ਸਤਿਜੁਗ ਛਪਦਾ ਹੈ। ਸਤਿਜੁਗ ਦਾ 100 ਸਾਲਾ ਪੁਰਬ ਵੀ ਮਨਾਇਆ ਗਿਆ ਹੈ। ਕੱਲ ਉਸ 'ਤੇ Function ਵੀ ਹੋਇਐ। ਕੋਸ਼ਿਸ਼ ਕਰੋ ਕੇ ਸਤਿਜੁਗ ਵੱਧ ਤੋਂ ਵੱਧ ਪੜ੍ਹੋ। ਕਰਨਪਾਲ ਹੁਰਾਂ ਦੀ ਟੀਮ ਨੇ ਸਤਿਜੁਗ ਦੀ ਐਪ ਵੀ ਬਣਾਈ ਹੈ। ਜਿਨ੍ਹਾਂ ਕੋਲ ਨਹੀਂ ਜਾਂਦਾ, ਤੁਸੀਂ ਐਪ ਲਾਉਲੋਡ ਕਰ ਲਉ। ਅਸੀਂ ਕੋਸ਼ਿਸ਼ ਕਰਾਂਗੇ ਕਿ ਉਸਨੂੰ ਹੋਰ ਵੀ Improve ਕਰਾਂਗੇ। ਕੋਸ਼ਿਸ਼ ਕਰਾਂਗੇ ਕਿ ਜਿਹੜੇ ਕਿਸੇ ਕਾਰਨ ਕਰਕੇ ਗੁਰਮੁੱਖੀ ਨਹੀਂ ਪੜ੍ਹ ਸਕਦੇ ਉਹਨਾਂ ਵਾਸਤੇ Audio ਵੀ ਪਾਇਆ ਕਰਾਂਗੇ, ਉਹਦੇ ਵਿੱਚ। ਭੈਣੀ ਸਾਹਿਬ ਦੀ App ਹਰੇਕ ਨੇ Download ਜ਼ਰੂਰ ਕੀਤੀ ਹੋਵੇ। ਤੁਹਾਡੇ ਕੋਲ ਸਾਰਿਆਂ ਦੇ Feature ਹੋਣ ਤੁਸੀਂ ਪਾਠ ਉਹਦੇ ਤੇ ਬਹੁਤ ਕਰਦੇ ਹੋ।

ਇਕ ਮੈਂ ਫਿਰ ਅਰਜ਼ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿੱਛੇ ਇਕ ਉੱਦਮ ਕਰਕੇ ਸੰਤ ਨਿਸ਼ਾਨ ਸਿੰਘ ਹੁਰਾਂ ਦੀ ਅਗਵਾਈ ਵਿੱਚ ਨੌਜੁਆਨਾਂ ਨੇ ਗੁਰਲਾਲ ਸਿੰਘ, ਜਸਵੰਤ ਸਿੰਘ ਮਸਤ ਅਤੇ ਭਜਨ ਸਿੰਘ ਹੁਰਾਂ ਨੇ ਗੁਰਬਾਣੀ ਸਟੀਕ ਵੀ ਬਣਾਈ ਹੈ। ਜਿਹੜੀ ਭੈਣੀ ਸਾਹਿਬ ਦੀ App 'ਤੇ ਹੈ। ਉਹਦੇ ਵਿੱਚ ਜਿਹੜੀਆਂ ਵੀ ਨਾਮਧਾਰੀ ਨਿੱਤਨੇਮ ਦੀਆਂ ਬਾਣੀਆਂ ਨੇ ਉਹਦੇ ਵਿੱਚ ਤੁਸੀਂ ਦੇਖਿਆ ਕਰੋ ਵਿਚਾਰਿਆ ਕਰੋ ਕਿਉਂਕਿ ਗੁਰਬਾਣੀ ਜਿਨ੍ਹਾਂ ਨੂੰ ਸਮਝ ਨਹੀਂ ਆਉਂਦੀ, ਗੁਰਬਾਣੀ ਸਮਝਣ ਦੀ ਕੋਸ਼ਿਸ਼ ਕਰੋ। ਇਸ ਕਰਕੇ ਉਚੇਚਾ ਉੱਦਮ ਕੀਤਾ ਹੈ ਕਿ ਬੜੇ ਸਰਲ ਅਰਥ ਕੀਤੇ ਨੇ। ਸੋ ਉਹ ਵੀ ਭੈਣੀ ਸਾਹਿਬ ਦੀ App ਵਿਚ ਹੈ। ਤੁਸੀਂ ਵੱਧ ਤੋਂ ਵੱਧ ਫਾਇਦਾ ਉਠਾਓ ਤੇ ਅੱਗੇ ਤੋਂ ਹੋਰ ਆਪਣੇ Comment ਭੇਜੋ ਕਿ ਸਾਨੂੰ ਹੋਰ ਕੀ Improvement ਚਾਹੀਦੀ ਹੈ। ਭੈਣੀ ਸਾਹਿਬ ਦੀ App ਵਿੱਚ, ਸਤਿਜੁਗ ਦੀ App ਵਿੱਚ ਤਾਂ ਕਿ ਜਿਹੜੇ ਇਥੇ ਸੇਵਾ ਕਰ ਰਹੇ ਹਨ, ਉਹਨਾਂ ਨੂੰ ਇਸ ਚੀਜ਼ ਦੀ ਬੜੀ encouragement ਮਿਲਦੀ ਹੈ ਕਿ ਸਾਡੇ ਕੀਤੇ ਕੰਮ ਨੂੰ ਕੋਈ ਦੇਖਦੈ।

ਥੋੜ੍ਹਾ ਹੀ ਚਿਰ ਹੋਇਆ ਆਪਾਂ ਗੱਲ ਕਰ ਰਹੇ ਸੀ ਸਵਾ ਲੱਖ ਪਾਠਾਂ ਦੀ, ਕੁਝ 2 ਜਾਂ 3 ਸਾਲ ਪਹਿਲਾਂ ਸਵਾ-ਲੱਖ ਪਾਠਾਂ ਦਾ ਭੋਗ ਪਾਇਆ ਗਿਆ ਸੀ। ਅੱਗੋਂ ਫਿਰ ਸਵਾ-ਲੱਖ ਪਾਠ ਸ਼ੁਰੂ ਕੀਤੇ ਨੇ, ਉਹਨਾਂ ਪਾਠਾਂ ਦੇ ਕੁਝ ਪੰਜ ਹਜ਼ਾਰ ਸ਼ਬਦ ਬਣੇ ਹਨ, ਜਿਨ੍ਹਾਂ 'ਚੋਂ ਦੋ ਕੁ ਹਜ਼ਾਰ ਸ਼ਬਦ ਵੰਡੇ ਗਏ ਹਨ, ਬਾਕੀ ਅਜੇ ਵੰਡਣ ਵਾਲੇ ਨੇ, ਸੋ ਸਾਰੀ ਸੰਗਤ ਨੂੰ ਅਰਜ਼-ਬੇਨਤੀ ਹੈ ਕਿ ਟਾਇਮ ਤੇ ਜੇ ਆਪਾਂ ਚਾਹੀਏ ਤਾਂ ਆਪਾਂ ਨੂੰ ਬਹੁਤ ਮਿਲ ਜਾਂਦਾ ਹੈ, ਜੇ ਆਪਾਂ ਨਾ ਚਾਹੀਏ ਤਾਂ ਮਿਲਦਾ ਨਹੀਂ। ਪਰ ਉਹ ਸ਼ਬਦ ਜ਼ਰੂਰ ਲਵੋ ਸ਼ਬਦ ਲੈਣ ਵਾਸਤੇ ਤੁਸੀਂ ਹਰਕੀਰਤ ਨੂੰ, ਸ਼ਾਮ ਸਿੰਘ ਨੂੰ ਇੱਥੇ Contact ਕਰ ਸਕਦੇ ਹੋ। ਸ਼ਬਦ ਲਉ ਤੇ ਆਪਾਂ ਸਵਾ ਲੱਖ ਪਾਠ ਜਿਸ ਤਰ੍ਹਾਂ ਪਹਿਲਾਂ ਚੱਲਦੇ ਰਹੇ ਨੇ, ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ, ਉਸ ਤਰ੍ਹਾਂ ਹੀ ਉਹ ਸਵਾ ਲੱਖ ਪਾਠ ਚੱਲਦੇ ਰਹਿਣ।

ਨਵੇਂ ਉੱਦਮ ਕੀਤੇ ਨੇ ਨੌਜੁਆਨਾਂ ਨੇ ਪੁਸਤਕ ਮੇਲਾ ਕੀਤਾ ਹੈ। ਇਸ ਤਰ੍ਹਾਂ ਹੀ ਆਪਾਂ ਨਵੇਂ-ਨਵੇਂ ਉੱਦਮ ਕਰਦੇ ਰਹੀਏ, ਜਿਹਦੇ ਨਾਲ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਉਸਤਤ ਵੀ ਹੁੰਦੀ ਹੈ ਤੇ ਆਪਾਂ ਆਪਣੀ ਪੰਜਾਬੀਅਤ ਨਾਲ, ਆਪਣੇ ਲਿਟਰੇਚਰ ਨਾਲ, ਆਪਣੇ ਇਤਿਹਾਸ ਨਾਲ ਜੁੜੇ ਰਹਿੰਦੇ ਹਾਂ। ਉਹਨਾਂ ਦੇ ਉੱਦਮ ਦੀ ਵੀ ਮੈਂ ਸ਼ਲਾਘਾ ਕਰਦਾ ਹਾਂ। ਕੱਲ ਭਜਨ ਸਿੰਘ ਨੇ ਗੱਲ ਕੀਤੀ ਸੀ ਕਿ ਇਹ ਹੋਲਾ, ਜਿਹੜਾ ਮੈਂ ਗੱਲ ਕਰਨਾ ਚਾਹੁੰਦਾ ਕਿ ਨਾਮਧਾਰੀ ਹਾਕੀ ਟੀਮ ਨੇ ਕਰਵਾਇਆ। ਉਹ ਹਾਕੀ ਟੀਮ ਜਿਹੜੀ ਸ਼ੁਰੂ ਹੋਈ 1975-76 ਦੇ ਕਰੀਬ ਤੇ ਹੁਣ ਤੱਕ ਚੱਲਦੀ ਰਹੀ ਹੈ, ਉਹਦੇ ਵਿੱਚ ਬੜੇ ਬੈਚ ਆਏ, ਇਕੱਠੇ ਹੋਏ ਨੇ। ਸ਼ਾਇਦ ਇਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਮੈਂ ਦੁਨਆਵੀ ਗੱਲ ਕਰਦਿਆਂ ਹੋਇਆਂ ਉਹਦੇ ਵਿੱਚ ਸੈਂਕੜੇ ਹੀ ਬੱਚੇ Life ਵਿੱਚ ਚੰਗੇ adjust ਹੋ ਗਏ। ਬਖਸ਼ਿਸ਼ ਉਹਨਾਂ ਦੀ ਹੋਈ। ਹਾਕੀ ਇਕ ਬਹਾਨਾ ਬਣਿਆ, ਕਈਆਂ ਨੂੰ ਇੱਥੇ ਭਾਰਤ ਵਿੱਚ ਨੌਕਰੀ ਮਿਲੀ, ਕਈ ਬੱਚੇ ਬਾਹਰ ਚਲੇ ਗਏ। ਉਸ ਹਾਕੀ ਟੀਮ ਦੇ ਬਾਰੇ ਵੀ ਸਤਿਗੁਰੂ ਸੱਚੇ ਪਾਤਸ਼ਾਹ ਨੇ ਬਾਰ-ਬਾਰ ਹੁਕਮ ਕੀਤਾ ਕੱਲ ਵੀ ਤੁਸੀਂ ਸੁਣਿਆ ਸੀ। ਉਸ ਹਾਕੀ ਦੇ ਰਾਹੀਂ ਵੀ ਸੱਚੇ ਪਾਤਸ਼ਾਹ ਜੀ ਨੇ ਸਿੱਖੀ ਨੂੰ ਹੀ ਅੱਗੇ ਵਧਾਇਆ। ਇਹ ਪਹਿਲੀ ਵਾਰੀ ਹੋਇਆ ਕਛਹਿਰਾ ਪਾ ਕੇ ਹਾਕੀ ਦੇ ਗਰਾਊਂਡ ਵਿੱਚ ਖੇਡਿਆ ਗਿਆ। ਇਹ ਪਹਿਲੀ ਵਾਰੀ ਹੋਇਆ ਕਿ ਸਿੱਧੀ ਦਸਤਾਰ ਨਾਲ ਕੋਈ ਇੰਟਰਨੈਸ਼ਲ Competition ਸ਼ਾਇਦ ਉਲੰਪਿਕ ਵਿੱਚ ਵੀ ਸਿੱਧੀ ਦਸਤਾਰ ਬੰਨ੍ਹ ਕੇ ਖੇਡਿਆ। ਇਹ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੀ ਦਿੱਤੀ ਹੋਈ ਜਿਹੜੀ ਦਸਤਾਰ ਸੀ, ਉਹਨੂੰ ਇਹ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਖੇਡ ਮੈਦਾਨ ਵਿੱਚ ਵੀ ਪਹੁੰਚਾਇਆ ਗਿਆ। ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਗਲਤੀਆਂ ਸਾਡੇ ਕੋਲੋਂ ਹੁੰਦੀਆਂ ਨੇ, ਪਰ ਅੱਜ ਵੀ ਬਹੁਤ ਸਾਰੇ ਨੌਜੁਆਨ ਸਿੱਖੀ ਸਾਂਭੀ ਬੈਠੇ ਹਨ। ਬੜੀ ਖੁਸ਼ੀ ਨਾਲ ਮਿਲਕੇ ਪੈਸਾ ਇਕੱਠਾ ਕਰਕੇ ਇਹ ਹੋਲਾ-ਮਹੱਲਾ ਉਹਨਾਂ ਨੇ ਕੀਤਾ ਹੈ। ਜਿਹੜੀ ਹੁਣ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਫੁੱਟਬਾਲ ਦੀ ਅਕੈਡਮੀ ਸ਼ੁਰੂ ਕੀਤੀ ਹੈ। ਕੁਝ Percentage ਉਸ ਫੁੱਟਬਾਲ ਦੀ ਅਕੈਡਮੀ ਨੂੰ ਵੀ ਉਹ ਹਾਕੀ ਵਾਲੇ ਮੁੰਡੇ Finance ਕਰ ਰਹੇ ਹਨ। ਉਹਦੇ ਵਾਸਤੇ ਵੀ ਉਹ ਮਦਦ ਕਰ ਰਹੇ ਹਨ। ਇਹ ਵੀ ਮੈਂ ਸੰਗਤ ਕੋਲ ਬੇਨਤੀ ਕਰਦਾ ਹਾਂ ਕਿ ਇਹ ਵੀ ਅਰਦਾਸ ਕਰਿਆ ਕਰੋ ਕਿ ਜਿਹੜੀ ਸੱਚੇ ਪਾਤਸ਼ਾਹ ਦੇ ਹੁਕਮ ਨਾਲ ਅਸੀਂ ਫੁੱਟਬਾਲ ਦੀ ਅਕੈਡਮੀ ਸ਼ੁਰੂ ਕੀਤੀ ਹੈ, ਉਹ ਵੱਧ ਤੋਂ ਵੱਧ ਸਫ਼ਲਤਾ ਵੀ ਬਖ਼ਸ਼ੇ। ਸਫ਼ਲਤਾ ਮਾਣਦਿਆਂ ਹੋਇਆਂ ਸਿੱਖੀ ਦੇ ਨਾਲ ਜੁੜੇ ਰਹੀਏ। ਅਸੀਂ ਉਹਨਾਂ ਦੀ ਸਿੱਖੀ ਬਾਹਰੋਂ ਵੀ, ਇਹ ਵੇਸ਼-ਭੂਸ਼ਾ ਵੀ ਤੇ ਸਾਡੇ ਅੰਦਰ ਵੀ ਉਹ ਸਿੱਖੀ ਵੱਸ ਸਕੇ ਕਿਉਂਕਿ ਜਦੋਂ ਸਾਡੇ ਅੰਦਰ ਵੱਸ ਜਾਏਗੀ, ਅਸੀਂ ਆਪ ਸੁਖੀ ਹੋਵਾਂਗੇ, ਸਾਨੂੰ ਮਿਲ ਕੇ ਕੋਈ ਹੋਰ ਸੁਖੀ ਹੋਵੇਗਾ। ਅਸੀਂ ਆਪ ਉਸ ਨਾਮ ਨਾਲ ਜੁੜ ਜਾਵਾਂਗੇ, ਜਿਹੜਾ ਸਾਡੇ ਨਾਲ ਗੱਲਬਾਤ ਕਰੇਗਾ, ਉਹਦੇ ਤੇ ਉਸ ਚੀਜ਼ ਦਾ ਅਸਰ ਹੋਵੇਗਾ।

ਸੋ ਮੈਂ ਇਹ ਅਰਜ਼ ਬੇਨਤੀ ਕਰਨਾ ਚਾਹੁੰਦਾ ਹਾਂ ਹੋਲਾ ਬਹੁਤ ਵਧੀਆ ਹੋਇਆ ਹੈ। ਸੰਗਤ ਨੇ ਬਹੁਤ ਸੇਵਾ ਕੀਤੀ ਹੈ। ਸੱਚੇ ਪਾਤਸ਼ਾਹ ਕਿਰਪਾ ਕਰਨ, ਜਿਨ੍ਹਾਂ ਨੇ ਸੇਵਾ ਕੀਤੀ ਹੈ, ਉਹਨਾਂ ਨੂੰ ਸਿੱਖੀ ਬਖਸ਼ਣ। ਇਹ ਸਾਰਿਆਂ ਵਾਸਤੇ ਹੀ ਅਰਦਾਸ ਕਰਦੇ ਹਾਂ, ਬਖਸ਼ਿਸ਼ ਮੰਗਦੇ ਹਾਂ ਕਿ ਸੱਚੇ ਪਾਤਸ਼ਾਹ ਤੇਰੀ ਸਿੱਖੀ ਤੇ ਚੱਲ ਸਕੀਏ, ਤੇਰੇ ਨਾਮ ਨਾਲ ਜੁੜ ਸਕੀਏ, ਤੇਰੀ ਸੇਵਾ ਕਰ ਸਕੀਏ, ਤੇਰੇ ਉਪਾਏ ਹੋਏ ਜੀ ਜੰਤ ਦੀ ਸੇਵਾ ਕਰ ਸਕੀਏ। ਸੱਚੇ ਪਾਤਸ਼ਾਹ ਕੋਈ ਦੁਖੀਆ ਨਾ ਰਹੇ। ਸਾਡੇ ਅੰਦਰੋਂ ਈਰਖਾ-ਦਵੈਸ਼ ਖ਼ਤਮ ਹੋਵੇ। ਅਸੀਂ ਤੇਰੇ ਉਹ ਸਿੱਖ ਬਣ ਸਕੀਏ ਜੋ ਤੂੰ ਗੁਰਬਾਣੀ ਵਿੱਚ ਹੁਕਮ ਕੀਤਾ ਹੈ। ਇੰਨੀ ਅਰਜ਼ ਕਰਕੇ ਸਾਰੀ ਸੰਗਤ ਦਾ ਬਹੁਤ-ਬਹੁਤ ਧੰਨਵਾਦੀ ਹਾਂ।

ਸਤਿ ਸ੍ਰੀ ਅਕਾਲ

# ਖਾਲਸਾ ਪੰਥ ਦੀ ਸਾਜਨਾ ਦਾ ਰਾਜਨੀਤਕ ਉਦੇਸ਼

– ਡਾ. ਭਜਨ ਸਿੰਘ ਗਿਆਨੀ

ਦਸਵੀਂ ਨਾਨਕ ਜੋਤ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵੈਸਾਖੀ ਨੂੰ ਖਾਲਸਾ ਪੰਥ ਦੀ ਸਥਾਪਨਾ ਕਰਕੇ, ਸਿਖਾਂ ਨੂੰ ਸਿੰਘ ਸਜਾਕੇ ਤੇ ਸੰਤ-ਸਿਪਾਹੀ ਮਨੁੱਖਾਂ ਨੂੰ ਚੜ੍ਹਦੀ ਕਲਾ ਤੇ ਕੁਰਬਾਨੀ ਦੀ ਗੁੜ੍ਹਤੀ ਦੇ ਕੇ ਸੰਸਾਰ ਇਤਿਹਾਸ ਵਿੱਚ ਉਸ ਇਨਕਲਾਬ ਨੂੰ ਸੰਪੂਰਨ ਕਰ ਦਿੱਤਾ, ਜਿਸ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਸਵਾ ਦੋ ਸੌ ਸਾਲ ਪਹਿਲਾਂ ਕੀਤੀ ਸੀ। ਇਸੇ ਲਈ ਸਿਆਣੇ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜੀ ਕਿਰਪਾਨ ਫੜੀ ਤੇ ਸੰਤ ਸਿਪਾਹੀ ਖਾਲਸੇ ਨੂੰ ਬਖਸ਼ੀ ਉਸਦਾ ਲੋਹਾ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ। ਉਸਨੂੰ ਕਿਰਪਾਨ ਦਾ ਰੂਪ ਦੇਣ ਅਤੇ ਚਲਾਉਣ ਦਾ ਸਾਹਸ ਅਗਲੀਆਂ ਅੱਠ ਜੋਤਾਂ ਨੇ ਪੈਦਾ ਕੀਤਾ ਤੇ ਅਖੀਰ ਜੀਵਨ ਦੇ ਇਸ ਰਣਖੇਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਨਿਸਚੈ ਕਰਿ ਅਪੁਨੀ ਜੀਤ ਕਰੋ' ਦੇ ਆਦਰਸ਼ ਤੇ ਖਾਲਸੇ ਨੂੰ ਪਰਪੱਕ ਕਰਕੇ ਸੰਸਾਰ ਦੇ ਮਾਨਵ ਇਤਿਹਾਸ ਵਿਚ ਅਨਹੋਣੀ ਨੂੰ ਹੋਣੀ ਤੇ ਅਸੰਭਵ ਨੂੰ ਸੰਭਵ ਬਣਾ ਦਿੱਤਾ।

ਕਲਗੀਧਰ ਪਾਤਸ਼ਾਹ ਨੇ 1699 ਦੀ ਵਿਸਾਖੀ ਨੂੰ ਪੰਜ ਸਿਰਾਂ ਦੀ ਭੇਟਾ ਲਈ ਲਲਕਾਰ ਕੇ ਤੇ ਫਿਰ ਸੀਸ ਭੇਟ ਕਰਨ ਵਾਲਿਆਂ ਨੂੰ ਖੰਡੇ ਬਾਟੇ ਦਾ ਪੰਜ ਬਾਣੀਆਂ ਪੜ੍ਹਕੇ ਤਿਆਰ ਕੀਤੇ ਅੰਮ੍ਰਿਤ ਨੂੰ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਅਚਾਨਕ ਨਹੀਂ ਕੀਤੀ। ਇਹ ਤਤਕਾਲੀਨ ਪ੍ਰਸਥਿਤੀਆਂ, ਹਾਲਾਤ ਤੇ ਮਜ਼ਬੂਰੀ ਨਹੀਂ ਸੀ ਸਗੋਂ ਇਹ ਇਕ ਲੰਮੀ ਯੋਜਨਾ ਸੀ। ਜਿਸਦੀ ਵਿਉਂਤ-ਬੰਦੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸੰਸਾਰ ਯਾਤਰਾ ਤੇ ਆਉਣ ਤੋਂ ਵੀ ਪਹਿਲਾਂ ਬਣੀ ਸੀ। ਉਸ ਯੋਜਨਾ ਨੂੰ ਮੁਕੰਮਲ ਕਰਦਿਆਂ 34-35 ਸਾਲ ਲੱਗ ਗਏ ਤੇ ਅਖੀਰ ਜਦ ਇਹ ਤਿਆਰੀ ਪੂਰੀ ਹੋਈ ਤਾਂ ਖਾਲਸਾ ਪੰਥ ਪ੍ਰਗਟ ਹੋਇਆ। ਦਸਮੇਸ਼ ਪਿਤਾ ਨੇ ਸਰਬ ਲੋਹ ਗ੍ਰੰਥ ਵਿੱਚ ਫੁਰਮਾਇਆ ਹੈ ਕਿ ਜੋ ਖਾਲਸਾ ਉਹਨਾਂ ਪ੍ਰਗਟ ਕੀਤਾ ਹੈ ਉਹ ਅਕਾਲ ਪੁਰਖ ਪ੍ਰਮਾਤਮਾ ਦੀ ਖੇਡ ਤੇ ਮੌਜ ਹੈ। ਇਸ ਲਈ ਇਹ ਕਿਸੇ ਵਿਅਕਤੀ ਜਾਂ ਰਾਜ-ਸ਼ਕਤੀ ਅਧੀਨ ਨਹੀਂ, ਸਗੋਂ ਇਹ ਅਕਾਲ ਪੁਰਖ ਦੀ ਫੌਜ ਹੈ :

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥

ਇਸੇ ਗਲ ਨੂੰ ਹਰ ਵੇਲੇ ਤੇ ਹਰ ਸਥਿਤੀ ਵਿੱਚ ਖਾਲਸਾ ਪੰਥ ਨੂੰ ਯਾਦ ਰੱਖਣ ਦੀ ਪ੍ਰੇਰਨਾ ਦੇਣ ਲਈ ਜੀਵਨ ਦਾ ਭਾਗ ਬਣਾਇਆ ਤੇ ਹੰਕਾਰ ਤੋਂ ਬੱਚਣ ਲਈ ਆਖਿਆ ਕਿ ਪ੍ਰਮਾਤਮਾ ਦੀ ਇਸ ਫੌਜ ਦੀ ਹਰ ਸਫਲਤਾ ਅਸਲ ਵਿੱਚ ਉਸ ਅਕਾਲ ਪੁਰਖ ਦੀ ਸ਼ਕਤੀ ਦੀ ਕਾਮਯਾਬੀ ਹੈ। ਸੰਸਾਰੀ ਜੀਵਨ ਵਿਚ ਵੀ ਇਹ ਹੀ ਸਿਧਾਂਤ ਪ੍ਰਚਲਤ ਹੈ ਕਿ ਜਿਹੜੀ ਫੌਜ ਜਿੱਤੇ ਉਹ ਅਸਲ ਵਿਚ ਫੌਜ ਦੇ ਮਾਲਕ ਦੀ ਜਿੱਤ ਹੁੰਦੀ ਹੈ। ਇਸੇ ਲਈ ਕਲਗੀਧਰ ਪਾਤਸ਼ਾਹ ਨੇ ਸਿੰਘਾਂ ਵਿਚ ਹਰ ਮਿਲਾਪ, ਸਨਮੁਖ ਹੋ ਕੇ ਵਿਚਾਰ ਪ੍ਰਗਟ ਕਰਨ, ਗੁਰਬਾਣੀ ਦੇ ਪਾਠ ਪਿਛੋਂ ਤੇ ਅਰਦਾਸ ਪਿਛੋਂ ਇਸ ਵਾਕ ਨੂੰ ਦੁਹਰਾਉਣ ਦੀ ਪਰੰਪਰਾ ਸ਼ੁਰੂ ਕੀਤੀ :

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਵੈ-ਜੀਵਨੀ ਬਚਿੱਤਰ ਨਾਟਕ ਵਿਚ ਆਪਣੀ ਇਸ ਸੰਸਾਰਕ-ਯਾਤਰਾ ਤੋਂ ਪਹਿਲਾਂ ਦੇ ਭਾਵ ਪਿਛਲੇ ਜਨਮ ਦਾ ਜ਼ਿਕਰ ਕਰਦਿਆਂ ਸਾਫ ਲਿਖਿਆ ਹੈ ਕਿ ਮੈਂ ਹੇਮਕੁੰਟ ਪਰਬਤ ਤੇ ਪ੍ਰਭੂ ਤਪੱਸਿਆ ਕਰਦਿਆਂ ਉਸ ਪ੍ਰਭੂ ਪਰਮਾਤਮਾ ਨਾਲ ਲੀਨ ਹੋਇਆ, ਦੋ ਤੋਂ ਇਕ ਰੂਪ ਹੋ ਗਏ ਪ੍ਰਤੀਤ ਹੋਇਆ ਤਾਂ ਪ੍ਰਭੂ ਨੇ ਆਗਿਆ ਕੀਤੀ ਕਿ ਮਾਤ ਲੋਕ ਵਿਚ ਜਾਓ। ਮੇਰਾ ਆਉਣ ਨੂੰ ਜੀਅ ਨਹੀਂ ਸੀ ਕਰਦਾ ਪਰ ਉਸ ਪ੍ਰਭੂ ਪ੍ਰਮਾਤਮਾ ਨੇ ਇਹ ਕਹਿਕੇ ਅਸ਼ੀਰਵਾਦ ਦਿੱਤਾ :

ਮੈਂ ਅਪਨਾ ਸੁਤ ਤੋਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕੱਹ ਸਾਜਾ।
ਜਾਹਿ ਤਹਾ ਤੈ ਧਰਮੁ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥

ਇਸ ਤੋਂ ਸਪਸ਼ਟ ਹੈ ਕਿ ਅਕਾਲ ਪੁਰਖ ਨੇ ਪੰਥ ਸਾਜਣ ਤੇ ਪ੍ਰਚਾਰਨ ਲਈ ਦੁਸ਼ਟ ਦਮਨ ਗੁਰੂ ਗੋਬਿੰਦ ਸਿੰਘ ਜੀ ਨੂੰ ਆਦੇਸ਼ ਦਿੱਤਾ ਤੇ ਇਸ ਖਾਲਸਾ ਪੰਥ ਨੂੰ ਦੋ ਕਾਰਜਾਂ ਲਈ ਪ੍ਰਗਟ ਕਰਨ ਦੀ ਆਗਿਆ ਕੀਤੀ। ਪਹਿਲਾ ਕੰਮ ਧਰਮ ਚਲਾਉਣ ਦਾ ਹੈ ਤੇ ਦੂਜਾ ਕੁਕਰਮ ਕਰਨ ਤੋਂ ਲੋਕਾਂ ਨੂੰ ਹਟਾਉਣ ਦਾ ਹੈ। ਬਚਿੱਤਰ ਨਾਟਕ ਵਿੱਚ ਦੁਸ਼ਟ ਦਮਨ ਨੇ ਪਰਮਾਤਮਾ ਦੀ ਆਗਿਆ ਪ੍ਰਵਾਨ ਕਰਨ ਦੇ ਨਾਲ ਉਸ ਸਰਬ ਸ਼ਕਤੀਮਾਨ ਅੱਗੇ ਬੇਨਤੀ ਕੀਤੀ ਕਿ ਪੰਥ ਤਾਂ ਹੀ ਸੰਸਾਰ ਵਿੱਚ ਸਫਲਤਾ ਪੂਰਵਕ ਚਲ ਸੱਕਦਾ ਹੈ ਜੇ ਕਰ ਤੁਹਾਡੀ ਸਹਾਇਤਾ ਤੇ ਸਰਪ੍ਰਸਤੀ ਮਿਲੇ। ਇਸ ਭਾਵ ਨੂੰ ਗੁਰੂ ਸਾਹਿਬ ਨੇ ਇਕ ਦੋਹਰੇ ਵਿਚ ਇਉਂ ਵਰਨਣ ਕੀਤਾ ਹੈ :

ਠਾਂਢ ਭਯੋ ਮੈਂ ਜੋਰਿ ਕਰ ਬਚਨ ਕਹਾ ਸਿਰ ਨਯਾਇ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥

ਅਗੇ ਜਾ ਕੇ ਇਕ ਚੌਪਈ ਵਿੱਚ ਉਸ ਕਾਰਜ ਦੀ ਵਿਆਖਿਆ ਕਰਦਿਆਂ ਸਪਸ਼ਟ ਕੀਤਾ ਹੈ ਕਿ ਲੋਕਾਂ ਨੂੰ ਧਰਮ

ਦੇ ਰਾਹ ਪਾਉਣਾ ਹੈ ਤੇ ਧਰਮੀ ਬਨਾਣਾ ਹੈ। ਚੰਗੇ ਤੇ ਨੇਕ ਮਨੁੱਖਾਂ ਨੂੰ ਮਾਨਵਤਾ ਵਿਚ ਨਰੋਏ ਜੀਵਨ ਸੰਸਾਰ ਲਈ ਸਹਾਇਤਾ ਕਰਨੀ ਏ ਤੇ ਜਿਹੜਾ ਵਰਗ ਸਮਾਜ ਵਿਰੋਧੀ, ਧਰਮ ਵਿਰੋਧੀ ਤੇ ਮਾਨਵਤਾ ਦੇ ਸੁਖਮਈ ਜੀਵਨ ਦੇ ਰਾਹ ਵਿਚ ਦੁਖ ਦੇ ਕੰਡੇ ਖਿਲਾਰ ਰਹੇ ਹਨ ਉਹਨਾਂ ਨੂੰ ਇਸ ਪਾਸੇ ਜਾਣ ਤੋਂ ਰੋਕਣਾ ਹੈ। ਇਹ ਹੀ ਮੇਰਾ ਮਿਸ਼ਨ ਹੈ ਤੇ ਇਸੇ ਆਦਰਸ਼ ਦੀ ਪੂਰਤੀ ਲਈ ਅਕਾਲ ਪੁਰਖ ਦੀ ਆਗਿਆ ਅਨੁਸਾਰ ਖਾਲਸਾ ਪੰਥ ਦੀ ਸਾਜਨਾ ਕਰਨੀ ਹੈ।

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖਯਨਿ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਿਨ॥

ਇਸ ਕਾਰਜ ਖੇਤਰ ਵਿਚ ਸਫਲ ਹੋਣ ਤੇ ਇਸ ਨੂੰ ਨੇਪਰੇ ਚਾੜ੍ਹਨ ਲਈ ਬਾਲਪਨ ਵਿਚ ਹੀ ਕਲਗੀਧਰ ਪਾਤਸ਼ਾਹ ਸਰਗਰਮ ਹੋ ਗਏ। ਇਕ ਪਾਸੇ ਲੋਕਾਂ ਨੂੰ ਇਹ ਸੁਝਾਓ ਦੇਣਾ ਪਟਨੇ ਵਿਚ ਹੀ ਸ਼ੁਰੂ ਕਰ ਦਿੱਤਾ ਕਿ ਮਾਇਆ ਦੇ ਜਾਲ ਵਿਚ ਨਾ ਫਸੋ ਤੇ ਤਿਆਗ ਦੀ ਭਾਵਨਾ ਆਪਣੇ ਅੰਦਰ ਪੈਦਾ ਕਰੋ। ਬਾਲ ਅਵਸਥਾ ਵਿਚ ਹੀ ਸੋਨੇ ਦੇ ਕੰਗਣ ਲਾਹ ਕੇ ਦਰਿਆ ਵਿਚ ਸੁੱਟਣ ਦੀ ਸਾਖੀ ਇਸ ਪੱਖ ਵਲ ਸੰਕੇਤ ਹੈ।

ਦੂਜਾ ਆਪਣੇ ਬਚਪਨ ਵਿਚ ਹੀ ਹਾਣੀ ਬਾਲਕਾਂ ਨੂੰ ਇੱਕਠੇ ਕਰਕੇ ਸ਼ਸਤਰ ਮੁਕਾਬਲੇ ਕਰਵਾਣੇ ਸ਼ੁਰੂ ਕੀਤੇ ਤਾਂਕਿ ਉਹ ਆਪਣੇ ਅੰਦਰ ਵਿਰੋਧੀ ਸ਼ਕਤੀਆਂ ਨਾਲ ਮੁਕਾਬਲਾ ਕਰਨ ਦਾ ਸਾਹਸ ਪੈਦਾ ਕਰ ਸਕਣ ਕਿਉਂਕਿ ਸਾਹਿਬ ਜਾਣਦੇ ਸਨ ਕਿ ਕੁਕਰਮੀ ਲੋਕਾਂ ਨੂੰ ਸੋਧਣ ਲਈ ਆਪਣੇ ਅੰਦਰ ਸ਼ਕਤੀ, ਭਰੋਸਾ ਤੇ ਚੜ੍ਹਦੀ ਕਲਾ ਪੈਦਾ ਕਰਨੀ ਜ਼ਰੂਰੀ ਹੈ। ਕੁਰਬਾਨੀ ਕਰਨ ਲਈ ਜਦ ਤੱਕ ਆਤਮਾ ਬਲਵਾਨ ਨਾ ਹੋਵੇ ਜੀਵਨ ਸੰਗਰਾਮ ਜਿੱਤਿਆ ਨਹੀਂ ਜਾ ਸਕਦਾ। ਕੁਰਬਾਨੀ ਦੀ ਗੁੜ੍ਹਤੀ ਪਾਣ ਲਈ ਪਹਿਲਾਂ ਗੁਰਦੇਵ ਪਿਤਾ ਨੂੰ ਬਲੀਦਾਨ ਦੇਣ ਲਈ ਜਾਣ ਦੀ ਸਲਾਹ ਦਿੱਤੀ ਤੇ ਫਿਰ ਸਮਾਂ ਆਉਣ ਤੇ ਚਾਰੇ ਸਪੁੱਤਰ ਵੀ ਕੁਰਬਾਨ ਕਰ ਦਿੱਤੇ। ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਦੀ ਜਦੋਂ ਰੰਗਰੇਟੇ ਭਾਈ ਜੈਤੇ ਤੋਂ ਸਮਾਚਾਰ ਸੁਣੇ ਤਾਂ ਸਤਿਗੁਰਾਂ ਨੇ ਫੁਰਮਾਇਆ ਕਿ ਮੈਂ ਸਿੱਖਾਂ ਨੂੰ ਅਜਿਹਾ ਸਰੂਪ ਦਿਆਂਗਾ ਕਿ ਉਹ ਲੱਖਾਂ ਵਿਚ ਇਕ ਵੀ ਖੜੋਤਾ ਆਪਣੇ ਆਪ ਨੂੰ ਛੁਪਾ ਨਾ ਸਕੇ। ਮੈਂ ਸਿੱਖਾਂ ਅੰਦਰ ਅਜਿਹੇ ਜਜ਼ਬੇ ਦਾ ਸੰਚਾਰ ਕਰਾਂਗਾ ਕਿ ਉਹਨਾਂ ਅੰਦਰ ਕਿਸੇ ਸਥਿਤੀ ਵਿਚ ਵੀ ਕਮਜ਼ੋਰੀ ਜਾਂ ਢਹਿੰਦੀ ਕਲਾ ਨਾ ਆਏ। ਸਪਸ਼ਟ ਹੈ ਕਿ 1675 ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛੋਂ ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤੇਜ਼ ਹੋ ਗਈ। ਵਡੇ ਇਨਕਲਾਬ ਦੇ ਬਾਨਣੂ ਬੰਨਣੇ ਸ਼ੁਰੂ ਹੋ ਗਏ।

ਤਿਆਰੀ ਦੇ ਦੂਜੇ ਪੜਾਅ ਵਿਚ ਮਹਤੱਵਪੂਰਨ ਕਾਰਜ ਪਾਉਂਟਾ ਸਾਹਿਬ ਨਗਰ ਦੀ ਸਿਰਜਨਾ ਕਰਕੇ ਉਥੇ ਸਾਹਿਤ ਸਿਰਜਣਾ ਸ਼ੁਰੂ ਕੀਤੀ। ਆਪ ਬਾਣੀ ਰਚੀ ਤੇ ਵਿਦਵਾਨ ਲਿਖਾਰੀਆਂ ਤੋਂ ਬਹੁਤ ਸਾਰੇ ਅਜਿਹੇ ਲਿਖਣ ਕਾਰਜ ਕਰਵਾਏ। ਜਿਨ੍ਹਾਂ ਨਾਲ ਕੌਮ ਦੇ ਠੰਡੇ ਪਏ ਜਜ਼ਬੇ ਤੇ ਕਮਜ਼ੋਰ ਹੋਏ ਖੂਨ ਵਿਚ ਨਵਾਂ ਜੋਸ਼ ਭਰਿਆ ਜਾਏ। ਲੋਕ ਸ਼ਕਤੀ ਨੂੰ ਸੰਘਰਸ਼ ਲਈ ਤਿਆਰ ਕਰਦਿਆਂ ਕਵੀ ਦਰਬਾਰਾਂ ਦਾ ਸਿਲਸਿਲਾ ਸ਼ੁਰੂ ਕੀਤਾ ਤੇ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ 52 ਕਵੀਆਂ ਨੂੰ ਆਪਣੀ ਸਰਪ੍ਰਸਤੀ ਬਖਸ਼ੀ। ਇਸ ਮਾਨਸਿਕ ਵਿਕਾਸ ਤੇ ਪੈਦਾ ਕੀਤੇ ਸਵੈ ਭਰੋਸੇ ਦੀ ਪ੍ਰੀਖਿਆ ਭੰਗਾਣੀ ਦੇ ਯੁਧ ਵਿੱਚ ਲਈ ਤੇ ਦੇਖਿਆ ਕਿ ਲੋਕ ਸ਼ਕਤੀ ਸਧਾਰਨ ਤੇ ਮਾਮੂਲੀ ਸ਼ਸਤਰਾਂ ਨਾਲ ਬਾਈ ਧਾਰ ਦੇ ਰਾਜਿਆਂ ਦੀਆਂ ਸਿੱਖਿਅਤ ਫੌਜਾਂ ਨੂੰ ਹਰਾ ਸਕਦੀ ਹੈ।

ਤਿਆਰੀ ਦੇ ਤੀਜੇ ਪੜਾ ਵਿਚ ਗੁਰੂ ਘਰ ਦੇ ਸ਼ਰਧਾਲੂਆਂ ਸਿਖਾਂ ਨੂੰ ਆਦੇਸ਼ ਦਿਤਾ ਕਿ ਉਹ ਕੇਸਾਧਾਰੀ ਰਹਿਣਾ ਸ਼ੁਰੂ ਕਰਨ ਤੇ ਕੁਦਰਤ ਦੀ ਦੇਣ ਕੇਸਾਂ ਤੇ ਵਾਲਾਂ ਦੀ ਸੰਭਾਲ ਕਰਨ। ਦੂਜੇ ਹੁਕਮਨਾਮੇ ਵਿਚ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਕਿ ਗੁਰੂ ਘਰ ਵਿਚ ਜੋ ਸ਼ਸਤਰਾਂ ਤੇ ਘੋੜਿਆਂ ਦੀ ਭੇਟਾ ਲੈ ਕੇ ਆਏਗਾ ਉਹ ਗੁਰੂ ਘਰ ਦੀਆਂ ਵਧੇਰੇ ਖੁਸ਼ੀਆਂ ਪ੍ਰਾਪਤ ਕਰੇਗਾ। ਇਹ ਦੋਵੇਂ ਹੁਕਮਨਾਮੇ ਪਾਉਂਟਾ ਸਾਹਿਬ ਤੋਂ ਵਾਪਸ ਆਨੰਦਪੁਰ ਆ ਕੇ 1690 ਤੋਂ ਪਿਛੋਂ ਭੇਜੇ ਗਏ। ਫਿਰ 1698 ਵਿੱਚ ਦੇਸ਼ ਵਿਦੇਸ਼ ਵਿੱਚ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਕਿ 1699 ਈ. ਦੀ ਵਿਸਾਖੀ ਨੂੰ ਆਨੰਦਪੁਰ ਵਿੱਚ ਇਕ ਮਹਤੱਵਪੂਰਨ ਸਮਾਗਮ ਹੋਏਗਾ। ਇਸ ਤਰ੍ਹਾਂ 33 ਸਾਲ ਦੀ ਸੰਸਾਰਕ ਆਯੂ ਖਾਲਸਾ ਪੰਥ ਦੀ ਸਥਾਪਨਾ ਤੇ ਪ੍ਰਗਟਾ ਲਈ ਲਾ ਕੇ ਫਿਰ ਖਾਲਸਾ ਪੰਥ ਦੀ ਜਥੇਬੰਦੀ ਨੂੰ ਰੂਪਮਾਨ ਕੀਤਾ। ਇਸ ਖਾਲਸੇ ਨੂੰ ਉਹਨਾਂ ਨੇ ਆਪਣਾ ਜਿਥੇ ਖਾਸ ਰੂਪ ਆਖਿਆ ਉਥੇ ਸਪਸ਼ਟ ਕੀਤਾ ਕਿ ਮੈਂ ਖਾਲਸੇ ਵਿਚ ਨਿਵਾਸ ਰਖਦਾ ਹਾਂ ਤੇ ਖਾਲਸਾ ਮੇਰਾ ਮੁਖ ਅੰਗ ਹੈ। ਸਰਬ ਲੋਹ ਗ੍ਰੰਥ ਵਿਚ ਆਪ ਫੁਰਮਾਉਂਦੇ ਹਨ :

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌਂ ਕਰੌਂ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗਾ॥ ਖਾਲਸੇ ਕੇ ਹੌਂ ਸਦ ਸਦ ਸੰਗਾ॥

ਖਾਲਸਾ ਪੰਥ ਦੀ ਸਾਜਨਾ ਦਾ ਉਦੇਸ਼ ਮਨੁੱਖੀ ਜੀਵਨ ਦਾ ਸਰਬਪੱਖੀ ਵਿਕਾਸ ਹੈ। ਮਨੁੱਖ ਦੀ ਆਤਮਾ ਤੇ ਸਰੀਰ ਦੀ ਸਾਂਝ ਵਾਂਗ ਜੀਵਨ ਦੇ ਵੱਖੋ ਵੱਖਰੇ ਮਾਰਗ ਤੇ ਨਰੋਈ ਸੋਚ ਤੇ ਅਮਲ ਜ਼ਰੂਰੀ ਹੈ। ਜਿਵੇਂ ਆਤਮਾ ਬਿਨਾਂ ਮਨੁੱਖ ਦਾ ਸਰੀਰ ਮਿੱਟੀ ਦੀ ਢੇਰੀ ਹੈ। ਜਿਸ ਨੂੰ ਸਾੜਨ ਜਾਂ ਦੱਬਣਾ ਪੈਂਦਾ ਹੈ।

ਸਰੀਰ ਬਿਨਾਂ ਆਤਮਾ ਨੂੰ ਨਾ ਅਸੀਂ ਵੇਖ ਸਕਦੇ ਹਾਂ ਤੇ ਨਾ ਉਸਦੇ ਨਾਲ ਸਾਂਝ ਰੱਖ ਸਕਦੇ ਹਾਂ। ਇਸੇ ਤਰ੍ਹਾਂ ਮਨੁੱਖ ਦਾ ਇਕ ਆਤਮਕ ਜੀਵਨ ਹੈ। ਜਿਸਦੇ ਵਿਕਾਸ ਤੇ ਚਲਣ ਰਾਹੀਂ ਅਸੀਂ ਦੁਨੀਆਂ ਵਿਚ ਵਿਚਰਦੇ ਹਾਂ। ਧਰਮ ਇਸ ਮਾਰਗ ਤੇ ਆਤਮਕ ਬਲ ਬਖਸ਼ਦਾ ਹੈ। ਧਰਮ ਸਾਨੂੰ ਮਨੁੱਖੀ ਸਮਾਜ ਵਿਚ ਸੁਖ ਸ਼ਾਂਤੀ ਨਾਲ ਸਮਾਜਕ ਜੀਵਨ ਵਿਚ ਖੁਸ਼ਬੂ ਖਿਲਾਰਨ ਲਈ ਪ੍ਰੇਰਦਾ ਹੈ। ਰਾਜਨੀਤਕ ਜੀਵਨ ਇਕ ਵੱਖਰੀ ਪਗਡੰਡੀ ਏ। ਜਿਸ ਦੇ ਰਾਹੀਆਂ ਤੇ ਜੇ ਧਰਮ ਦਾ ਕੁੰਡਾ ਨਾ ਹੋਏ ਤਾਂ ਮਨੁੱਖ ਨਿੱਜ ਲਾਭਾਂ ਲਈ ਕੁਕਰਮੀ ਬਣ ਕੇ ਜ਼ਾਲਮ ਤੇ ਪਸ਼ੂ ਬਿਰਤੀ ਵਿੱਚ ਮਾਨਵਤਾ ਦੀਆਂ ਹੱਦਾਂ ਬੰਨੇ ਟੱਪ ਜਾਂਦਾ ਹੈ। ਇਸੇ ਲਈ ਸਿਆਣਿਆਂ ਦਾ ਕਹਿਣਾ ਹੈ ਕਿ ਧਰਮ ਤੇ ਰਾਜਨੀਤੀ ਦਾ ਆਪਸ ਵਿਚ ਡੂੰਘਾ ਸਬੰਧ ਹੈ ਤੇ ਇਹਨਾਂ ਨੂੰ ਨਖੇੜਿਆ ਨਹੀਂ ਜਾ ਸਕਦਾ। ਇਹ ਦੋਵੇਂ ਸ਼ਕਤੀਆਂ ਇਕ ਦੂਜੇ ਦੀਆਂ ਸਹਾਇਕ ਹਨ। ਦੋਹਾਂ ਵਿਚ ਟਕਰਾਓ ਬਰਬਾਦੀ ਦਾ ਰਾਹ ਹੈ। ਜਿਹਨਾਂ ਦੇਸ਼ਾਂ ਤੇ ਕੌਮਾਂ ਪਾਸ ਧਰਮ ਨਹੀਂ ਉਹ ਵੀ ਰਾਜਨੀਤੀ ਤੋਂ ਤ੍ਰਾਹ-ਤ੍ਰਾਹ ਕਰ ਰਹੇ ਹਨ। ਜਿਨ੍ਹਾਂ ਕੌਮਾਂ ਪਾਸ ਧਰਮ ਤਾਂ ਹੈ ਪਰ ਰਾਜਨੀਤਕ ਸੂਝ-ਬੂਝ ਤੇ ਸ਼ਕਤੀ ਨਹੀਂ ਉਹ ਵੀ ਧਰਮ ਵਿਕਾਸ ਕਰਨ ਦੀ ਥਾਂ ਖਤਮ ਹੋ ਜਾਂਦੇ ਹਨ ਜਾਂ ਸੁੰਗੜ ਜਾਂਦੇ ਹਨ। ਸਿਖ ਧਰਮ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਾਵਧਾਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਪਹਿਲਾ ਉਦੇਸ਼ ਲੋਕਾਂ ਵਿਚ ਠੀਕ ਧਰਮ ਭਾਵਨਾ ਉਜਾਗਰ ਕਰਨਾ ਸੀ। ਇਕ ਅਕਾਲ ਪੁਰਖ ਨੂੰ ਮੰਨਣ ਤੇ ਮਨੁੱਖੀ ਏਕਤਾ ਤੇ ਜ਼ੋਰ ਦੇਣਾ ਸੀ। ਪਰ ਇਹਦੇ ਨਾਲ ਹੀ ਉਹ ਜਿਥੇ ਸਮਾਜਿਕ ਕੁਰੀਤੀਆਂ, ਪਾਖੰਡਾਂ ਤੇ ਭਰਮ ਭੁਲੇਖਿਆਂ ਤੋਂ ਨਿਜਾਤ ਦਿਵਾਉਣਾ ਸੀ ਉਥੇ ਆਪਨੇ ਰਾਜਨੀਤਕ ਪਿੜ ਵਿੱਚ ਗ਼ਲਤ ਢੰਗ ਅਪਨਾਉਣ ਵਾਲੇ ਹਾਕਮਾਂ ਤੇ ਰਾਜਨੀਤਕ ਆਗੂਆਂ ਦੇ ਪਾਪਾਂ ਤੇ ਕੁਕਰਮਾਂ ਦਾ ਭਾਂਡਾ ਫੋੜਿਆ ਤੇ ਨਿੱਝਕ ਹੋਕੇ ਟੀਕਾ ਟਿੱਪਣੀ ਕੀਤੀ। ਬਾਬਰ ਦੇ ਹਮਲੇ ਸਮੇਂ ਖੁੱਲ੍ਹ ਕੇ ਆਖਿਆ-

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥

ਬਾਬਰ ਕਿਆਂ ਤੇ ਬਾਬੇ ਕਿਆਂ ਦੀ ਨਿਰੰਤਰ ਟੱਕਰ ਨੂੰ ਧਰਮ ਵੀ ਕਿਹਾ ਜਾ ਸਕਦਾ ਏ ਤੇ ਰਾਜਨੀਤਕ ਸੰਘਰਸ਼ ਵੀ। ਗੁਰੂ ਨਾਨਕ ਦੇਵ ਜੀ ਦਾ ਅਜਿਹਾ ਰਾਜਨੀਤਕ ਉਦੇਸ਼ ਧਰਤੀ ਤੇ ਰਾਜੇ ਬਣਾਕੇ ਰਾਜ ਕਰਨਾ ਨਹੀਂ ਸੀ। ਨਾ ਦੂਜਿਆਂ ਨੂੰ ਗੁਲਾਮ ਬਨਾਣਾ ਤੇ ਨਾ ਜ਼ੁਲਮ ਕਰਨ ਲਈ ਰਾਜ ਸ਼ਕਤੀ ਦਾ ਪ੍ਰਯੋਗ ਕਰਨਾ ਸੀ। ਉਹਨਾਂ ਤਾਂ ਸਾਰਿਆਂ ਨੂੰ ਧਰਮ ਦੇ ਰਾਹ ਪਾਉਣ ਲਈ ਮਨੁੱਖਤਾ ਦੇ ਭਲੇ ਲਈ ਰਾਜਨੀਤੀ ਨੂੰ ਵਰਤਣ ਤੇ ਜ਼ੋਰ ਦਿਤਾ। ਸਿਖੀ ਦਾ ਰਾਜਨੀਤਕ ਸਿਧਾਂਤ ਇਹੀ ਪ੍ਰਚੱਲਤ ਕੀਤਾ ਕਿ ਜ਼ੁਲਮ ਤੇ ਅੱਤਿਆਚਾਰ ਬਰਦਾਸ਼ਤ ਨਾ ਕਰੋ ਤੇ ਅਜਿਹੇ ਕੁਕਰਮੀਆਂ ਵਿਰੁੱਧ ਡੱਟ ਜਾਓ। ਜੇ ਰਾਜਨੀਤਕ ਸ਼ਕਤੀਆਂ ਨੇ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਵਰਗੀਆਂ ਮਹਾਨ ਆਤਮਾਵਾਂ ਨੂੰ ਭੀ ਸ਼ਹੀਦ ਕੀਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਸ਼ਕਤੀਆਂ ਨਾਲ ਲੋਹਾ ਲੈਣ ਦਾ ਰਾਹ ਚੁਣ ਲਿਆ। ਉਹਨਾਂ ਖਾਲਸੇ ਸਾਹਮਣੇ ਵੀ ਇਹ ਹੀ ਉਦੇਸ਼ ਰੱਖਿਆ ਕਿ ਜਦੋਂ ਝੂਠੇ ਜ਼ਾਲਮ ਤੇ ਮਾਨਵੀ ਗੁਣਾਂ ਤੋਂ ਖਾਲੀ ਵਰਗ ਨੂੰ ਠੀਕ ਰਾਹੇ ਪਾਣ ਤੇ ਸੋਧਣ ਲਈ ਸ਼ਾਂਤੀ ਦੇ ਸਾਰੇ ਰਾਹ ਬੰਦ ਹੋ ਜਾਣ ਜਾਂ ਬੇਅਸਰ ਹੋ ਜਾਣ ਤਾਂ ਤਲਵਾਰ ਦੇ ਦਸਤੇ ਤੇ ਹੱਥ ਰੱਖਕੇ ਯੁੱਧ ਕਰਨਾ ਖਾਲਸੇ ਦਾ ਧਰਮ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਦ ਬਾਈ ਧਾਰ ਦੇ ਰਾਜਿਆਂ ਨੂੰ ਹਰਾਇਆ ਤਾਂ ਆਪ ਉਹਨਾਂ ਦੇ ਇਲਾਕੇ ਮੱਲ ਕੇ ਆਪਣਾ ਰਾਜ ਸਥਾਪਤ ਨਹੀਂ ਕੀਤਾ। ਗਲਤ ਰਾਹ ਪਏ ਰਾਜ ਸ਼ਕਤੀ ਦੇ ਮਾਲਕਾਂ ਨਾਲ ਵੰਡ-ਵੰਡਾ ਨਹੀਂ ਕੀਤਾ ਪਰ ਇਹ ਭੀ ਕਦੇ ਨਹੀਂ ਕਿਹਾ ਕਿ ਖਾਲਸਾ ਪੰਥ ਕਦੇ ਚੰਗੇ ਰਾਜ ਦੀ ਸਥਾਪਨਾ ਲਈ ਸਹਿਯੋਗ ਜਾਂ ਪਹਿਲ ਨਾ ਕਰੇ। ਖਾਲਸਾ ਪੰਥ ਦੀ ਸਾਜਨਾ ਦਾ ਰਾਜਨੀਤਕ ਉਦੇਸ਼ ਵੀ ਇਹੀ ਸੀ ਕਿ- 'ਸੰਤ ਸਿਪਾਹੀ ਖਾਲਸੇ ਦੀ ਇਕ ਅਜੇਹੀ ਸ਼ਕਤੀ ਹੋਂਦ ਵਿਚ ਲਿਆਂਦੀ ਜਾਏ ਜੋ ਇਕ ਪਾਸੇ ਸੰਤਾਂ ਵਾਲੇ ਕਾਰਜ ਕਰੇ। ਆਪਣੇ ਉਸ ਅਕਾਲ ਪੁਰਖ ਨੂੰ ਮੰਨਦਿਆਂ ਨਾਮ ਸਿਮਰਨ ਕਰੇ। ਚਤੁਰ ਲੋਕਾਂ ਦੇ ਅਗਿਆਨਤਾ ਵਾਲੇ ਰਾਹ ਤੋਂ ਮਾਨਵਤਾ ਨੂੰ ਬਚਾ ਕੇ ਧਰਮ ਦੇ ਰਾਹ ਪਾਏ। ਇਸੇ ਤਰ੍ਹਾਂ ਰਾਜਨੀਤਕ ਉਦੇਸ਼ ਵੀ ਇਹ ਮਿਥਿਆ ਕਿ ਕੁਕਰਮੀਆਂ ਅੱਗੇ ਹਥਿਆਰ ਨਹੀਂ ਸੁੱਟਣੇ।'

ਖਾਲਸੇ ਦੀ ਸਾਜਨਾ ਸਮੇਂ ਪੰਚਾਇਤੀ ਪ੍ਰਬੰਧ ਨੂੰ ਧਰਮ ਤੇ ਰਾਜਨੀਤੀ ਵਿੱਚ ਵਿਸ਼ੇਸ਼ ਥਾਂ ਦੇਣ ਲਈ ਪੰਜ ਪਿਆਰਿਆਂ ਨੂੰ ਖਾਲਸਾ ਪੰਥ ਵਿਚ ਮੁੱਖ ਥਾਂ ਦਿੱਤੀ। ਸੀਸ ਭੇਟ ਕਰਨ ਵਾਲਿਆਂ ਨੂੰ ਖਾਲਸਾ ਪੰਥ ਦੀ ਅਗਵਾਈ ਸੌਂਪੀ। ਫਿਰ ਆਪ ਵੀ ਜਦ ਉਹਨਾਂ ਤੋਂ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਆਪੇ ਗੁਰ ਚੇਲਾ ਬਣੇ ਤਾਂ ਪੰਚਾਇਤੀ ਪ੍ਰਬੰਧ ਦੀ ਵਿਸ਼ੇਸ਼ਤਾ ਉੱਘੜ ਆਈ। ਦੂਜਾ ਇਸ ਸਮੇਂ ਪੰਜਾਂ ਦੀ ਚੋਣ ਕਰਦਿਆਂ ਅਖਾਉਤੀ ਊਚ ਨੀਚ ਤੇ ਵਿਤਕਰੇ ਦੀਆਂ ਕੰਧਾਂ ਢਾਹ ਕੇ ਸਾਰੀਆਂ ਜਾਤਾਂ ਤੇ ਵਰਗਾਂ ਵਿਚ ਏਕਤਾ ਪੈਦਾ ਕਰ ਦਿੱਤੀ। ਇਸੇ ਏਕਤਾ ਨੇ ਦੇਸ਼ ਵਿਚ ਇਨਕਲਾਬ ਲਿਆਂਦਾ। ਜੋ ਕਈ ਸਦੀਆਂ ਵਿਦੇਸ਼ਾਂ ਤੋਂ ਹਥਿਆਰ ਬੰਦ ਹੋ ਕੇ ਲੁੱਟਣ ਲਈ ਆਉਂਦੇ ਸਨ, ਖਾਲਸਾ ਪੰਥ ਨੇ ਅਜਿਹੀ ਰਾਜਨੀਤਕ ਸ਼ਕਤੀ ਤੇ ਏਕਤਾ ਪੈਦਾ ਕਰ ਲਈ ਕਿ ਉਹੀ ਬੰਦੂਕਾਂ ਦੀ ਥਾਂ ਮੋਢਿਆਂ ਤੇ ਬੇਲਚੇ ਰੱਖਕੇ ਕਿਰਤ ਕਰਨ ਤੇ ਉਸਾਰੀ ਦੇ ਕਾਰਜਾਂ ਲਈ ਆਉਣ ਲੱਗ ਪਏ। ਖਾਲਸਾ ਪੰਥ ਦੇ ਰਾਜਨੀਤਕ ਉਦੇਸ਼ ਦੀ ਸਫਲਤਾ ਵੇਖਕੇ ਹੀ ਪੰਜਾਬੀ ਦੇ ਸੂਫੀ ਕਵੀ ਬੁੱਲ੍ਹੇ ਸ਼ਾਹ ਨੂੰ ਕਹਿਣਾ ਪਿਆ :

ਭੂਰਿਆਂ ਵਾਲੇ ਰਾਜੇ ਕੀਤੇ ਮੁਗਲਾਂ ਜ਼ਹਿਰ ਪਿਆਲੇ ਪੀਤੇ।

ਰਾਜਨੀਤਕ ਉਦੇਸ਼ ਮਾਨਵਤਾ ਦੇ ਭਲੇ ਲਈ ਉਹੀ ਹੈ ਜੋ ਗੁਰੂ ਤੇਗ਼ ਬਹਾਦਰ ਜੀ ਨੇ ਸਮਝਾਇਆ -

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

...................................................

# ਮਾਤਾ ਚੰਦ ਕੌਰ ਜੀ ਨੂੰ ਯਾਦ ਕਰਦਿਆਂ

**– ਗੁਰਲਾਲ ਸਿੰਘ, ਸ੍ਰੀ ਭੈਣੀ ਸਾਹਿਬ**

ਹਨੂਮਾਨਗੜ੍ਹ ਸਟੇਸ਼ਨ ’ਤੇ ਸਟੇਸ਼ਨ-ਮਾਸਟਰ ਨੇ ਮਾਤਾ ਜੀਵਨ ਕੌਰ ਜੀ ਨੂੰ ਸਵਾਲ ਕੀਤਾ ਮਾਤਾ ਜੀ ਤੁਹਾਡਾ ਧਰਮ ਕੀ ਹੈ?

ਮਾਤਾ ਜੀ ਉਤਰ ਦਿੱਤਾ, ਬੀਰਾ! ਦਰ ਆਏ ਦਾ ਆਦਰ ਤੇ ਸੇਵਾ।

ਸਚਮੁੱਚ ਹੀ ਸਿੱਖ ਧਰਮ ਵਿਚ ਮਾਤਾ ਸੁਲੱਖਣੀ ਜੀ ਤੋਂ ਲੈ ਕੇ ਹਰ ਗੁਰੂ ਮਹਿਲ ਦਾ ਧਰਮ ਆਏ ਸਵਾਲੀ ਦੀ ਸੇਵਾ ਕਰਨਾ ਰਿਹਾ ਹੈ। ਇਸ ਕਰਕੇ ਹੀ ਭਾਈ ਬਲਵੰਡ ਰਾਮਕਲੀ ਦੀ ਵਾਰ ਵਿਚ ਮਾਤਾ ਖੀਵੀ ਬਾਰੇ ਲਿਖਦੇ ਹਨ–

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥

ਗੁਰੂ ਘਰ ਵਿੱਚ ਦੋ ਲੰਗਰ ਹਮੇਸ਼ਾਂ ਚੱਲਦੇ ਰਹਿੰਦੇ ਹਨ। ਗੁਰੂ ਸ਼ਬਦ ਅਤੇ ਅੰਨ ਦਾ।

ਜਿੰਨਾ ਮਨੁੱਖ ਲਈ ਸਾਹ ਲੈਣਾ ਜ਼ਰੂਰੀ ਹੈ ਓਨਾ ਹੀ ਭੋਜਨ। ਇਸ ਕਰਕੇ ਲੰਗਰ ਨੂੰ ਵੰਡਣ ਵਾਲੇ ਦਾ ਸੰਬੰਧ ਹਰ ਆਮ ਅਤੇ ਖ਼ਾਸ ਨਾਲ ਹੁੰਦਾ ਹੈ। ਇਸ ਲਈ ਲੰਗਰ ਦਾ ਪ੍ਰਬੰਧ ਮਾਤਾਵਾਂ ਕੋਲ ਹੈ ਕਿਉਂਕਿ ਮਾਂ ਦੀ ਅੱਖੀਆਂ ਦਾ ਲੈਂਸ ਬੱਚਿਆ ਨੂੰ ਅਮੀਰ ਗਰੀਬ ਦੇ ਫ਼ਰਕ ਨਾਲ ਨਹੀਂ ਵੇਖਦਾ। ਸਗੋਂ ਸੰਸਾਰ ਵਿਚ ਇਹ ਦੇਖਣ ਨੂੰ ਮਿਲਦਾ ਹੈ ਕਿ ਜੋ ਪੁੱਤਰ ਸਰੀਰਕ ਜਾਂ ਆਰਥਿਕ ਪੱਖ ਤੋਂ ਕਮਜ਼ੋਰ ਹੋਵੇ ਉਸ ਨਾਲ ਮਾਪੇ ਬਹੁਤਾ ਸਨੇਹ ਕਰਦੇ ਹਨ।

ਮਾਤਾ ਚੰਦ ਕੌਰ ਦੀ ਦਿਨ-ਚਰਿਆ ਰਾਤ ਦੇ ਚਉਥੇ ਪਹਿਰ ਤੋਂ ਸ਼ੁਰੂ ਹੋ ਜਾਂਦੀ ਸੀ। ਆਸਾ ਦੀ ਵਾਰ ਵਿੱਚ ਮਾਲਾ ਫੜ ਘੰਟਿਆਂ -ਬੱਧੀ ਸਮਾਧੀ ਲੀਨ ਰਹਿਣਾ, ਵਾਰ ਦੇ ਭੋਗ ਤੋਂ ਬਾਅਦ ਸਿੱਧਾ ਲੰਗਰ ਵਿੱਚ ਪਹੁੰਚਣਾ, ਕਦੇ ਆਪ ਲੋਹ ਥੱਲੇ ਬਾਲਣ ਲਾਉਣਾ, ਕਦੇ ਪਲਟਾ ਕਰਨਾ, ਕਦੇ ਦਾਲ ਤੇ ਚੌਲਾਂ ਵਿੱਚੋਂ ਰੋੜ-ਕੰਕਰ ਚੁਗ, ਮੋਤੀਆਂ ਵਰਗੇ ਦਾਣੇ ਸੰਗਤ ਲਈ ਸਾਂਭਣੇ, ਪ੍ਰਸ਼ਾਦਾ ਪਾਣੀ ਛੱਕ ਰਹੀ ਸੰਗਤ ਨੂੰ ਹਦਾਇਤ ਕਰਨੀ ‘ਜੂਠ ਨਾ ਛੱਡਿਉ ਉਨਾ ਲਉ ਜਿਨਾਂ ਖਾ ਸਕੋ।’ ਦਿਨ ਦੇ ਦੂਜੇ ਪਹਿਰ ਉਸਾਰੀ ਕਰ ਰਹੇ ਸੇਵਾਦਾਰਾਂ ਕੋਲ ਪ੍ਰਸ਼ਾਦਾ ਲੈ ਕੇ ਚਲੇ ਜਾਣਾ। ਮਿਸਤਰੀਆਂ ਸਮੇਤ ਸਾਰਿਆਂ ਨੇ ਜਦੋਂ ਰੋਟੀ ਖਾਂਦੇ ਹੋਣਾ ਤਾਂ ਆਪ ਨੇ ਇੱਟਾਂ ਰੋੜੇ ਚੁੱਕਣ ਲੱਗ ਜਾਣਾ। ਪੁਰਾਣੀਆਂ ਇੱਟਾਂ ਤੋਂ ਸੀਮਿੰਟ ਲਾਹੁਣਾ ਤੇ ਜੇ ਮਿਸਤਰੀ ਰੋਟੀ ਖਾ ਮਜ਼ਦੂਰਾਂ ਤੋਂ ਪਹਿਲਾਂ ਵੇਹਲਾ ਹੋ ਜਾਏ ਤੇ ਕਹਿਣਾ ਫੜ ਕਾਂਡੀ ਮੈਂ ਸੀਮਿੰਟ ਤੇ ਇੱਟਾਂ ਫੜਾਉਣੀ ਆਂ। 2 ਵੱਜਣ ਤੋਂ ਪਹਿਲਾਂ ਹਰੀਮੰਦਰ ਨਾਮ-ਸਿਮਰਨ ਕਰਨ ਲਈ ਤੁਰਨਾ ਕਹਿਣਾ "ਸਮਾਨ ਸਾਂਭ ਦੇਵੋ ਤੇ ਸਾਰੇ ਆਰਾਮ ਕਰ ਲਵੋ ਜੇ ਕਿਸੇ ਨਾਮ ਸਿਮਰਨ ਕਰਨਾ ਹੈ, ਤੇ ਆ ਜਾਓ ਮੇਰੇ ਨਾਲ", ਪਰ ਸਾਰਿਆਂ ਆਰਾਮ ਨੂੰ ਪਹਿਲ ਦੇਣੀ, ਮਾਤਾ ਜੀ ਕਹਿਣਾ ਤੁਸੀਂ ਰਾਤ ਨੂੰ ਜ਼ਰੂਰ ਆਇਆ ਕਰੋ, ਤੁਹਾਡੇ ਲਈ ਹੀ ਰਾਤ ਦਾ ਨਾਮ-ਸਿਮਰਨ ਸ਼ੁਰੂ ਕਰਾਇਆ ਹੈ। ਕੀਰਤਨ ਦੇ ਭੋਗ ਨਾਲ ਹੀ ਲੰਗਰ ਵਿਚ ਪਹੁੰਚ ਜਾਣਾ। ਬਣੀ ਦਾਲ ਸਬਜ਼ੀ ਵੇਖਣੀ, ਸਵੇਰ ਦੇ ਜੂਠੇ ਪਏ ਥਾਲਿਆਂ ਨੂੰ ਸਾਫ਼ ਕਰਨਾ। ਫਿਰ ਪ੍ਰਸ਼ਾਦਾ ਲੈ ਮਿਸਤਰੀਆਂ ਕੋਲ ਜਾ ਪਹੁੰਚਣਾ। ਕੁਝ ਸਮਾਂ ਮਿਸਤਰੀਆਂ ਨਾਲ ਸੇਵਾ ਕਰਾ ਤਬੇਲੇ ’ਚ ਚਲੇ ਜਾਣਾ ਤੇ ਗੋਹੇ ਕੂੜੇ ਦੇ ਟੋਕਰੇ ਸਿਰ ’ਤੇ ਚੁੱਕਣੇ, ਜੇ ਕਿਸੇ ਨੌਜਵਾਨ ਅੱਗੇ ਹੋ ਕਹਿਣਾ ਮਾਤਾ ਜੀ ਮੈਨੂੰ ਚੁਕਾਉ ਆਪ ਕਹੀ ਫੜ੍ਹ ਲੈਣੀ ਤੇ ਥੋੜਾ ਪਾ ਹੌਲਾ ਟੋਕਰਾ ਚਕਾਉਣਾ ਤੇ ਕਹਿਣਾ ਚਲ ਦੋ ਟੋਕਰੇ ਸੁੱਟ ਲੈ ਜੇ ਸੇਵਾ ਕਰਨੀ ਏ, ਸਵੇਰੇ ਸੂਰਜ ਚੜਣ ਤੋਂ ਪਹਿਲਾਂ ਆਇਆ ਕਰ, ਫਿਰ ਨਹਾ ਕੇ ਨਾਲੇ ਸਕੂਲ ਤੁਰ ਗਿਆ। ਸ਼ਾਮ ਦੇ ਵੇਲੇ ਕਈ ਸਿੱਖਾਂ ਆਪਣੀਆਂ ਸਮੱਸਿਆਵਾਂ ਲੈ ਕੋਠੀ ਪਹੁੰਚ ਜਾਣਾ ਮਾਤਾ ਜੀ ਸੁਣਦੇ ਹੋਏ ਨਾਲ-ਨਾਲ ਹੱਲ ਵੀ ਦੱਸਦੇ ਜਾਣੇ। ਕਿਸੇ ਕੁੜੀ ਨੇ ਰੋਂਦੇ ਹੋਏ ਕਹਿਣਾ ਮਾਤਾ ਜੀ ਸਹੁਰੇ ਤੰਗ ਕਰਦੇ ਨੇ, ਕੋਲ ਬੈਠੇ ਸੇਵਕ ਨੂੰ ਕਹਿਣਾ ਨੰਬਰ ਲਾ ਇਸ ਦੇ ਸਹੁਰੇ ਦਾ, ਕੁੜੀਏ ਰੋ ਨਾ ਮੈਂ ਕਰਦੀ ਆਂ ਗੱਲ। ....ਫ਼ੋਨ 'ਚੋਂ ਆਵਾਜ਼ ਆਉਣੀ, ਹੈਲੋ ..... ਮੈਂ ਮਾਤਾ ਜੀ ਦਾ ਸੇਵਕ ਬੋਲਦਾ ਮਾਤਾ ਜੀ ਨਾਲ ਗੱਲ ਕਰੋ " ਮੇਰੀ ਧੀ ਨੂੰ ਕਿਉਂ ਦੁਖੀ ਕਰਦੇ ਓ" ਨਹੀਂ ਮਾਤਾ ਜੀ ਨਹੀਂ.....ਭੈਣੀ ਸਾਹਿਬ ਆ ਜਾਉ, ਬੈਠ ਕੇ ਗੱਲ ਕਰਦੇ ਆਂ... ਦੋਵਾਂ ਧਿਰਾਂ ਨੇ ਆਪਣਾ-ਆਪਣਾ ਪੱਖ ਦੱਸਣਾ। ਗਲਤੀ ਕਰਨ ਵਾਲੇ ਨੂੰ ਕਹਿਣਾ"ਮੈਨੂੰ ਦੁਬਾਰਾ ਸ਼ਿਕਾਇਤ ਨਹੀਂ ਆਉਣੀ ਚਾਹੀਦੀ "........... ਸੱਤਬਚਨ ਜੀ

ਮਾਤਾ ਜੀ ਦੋਵੇਂ ਮੁੰਡੇ ਕੁੜੀ ਦੋਵਾਂ ਨੂੰ ਵੱਖਰਾ ਬਿਠਾ ਕਿਨ੍ਹਾਂ - ਕਿਨ੍ਹਾਂ ਸਮਾਂ ਸਮਝਾਉਂਦੇ ਰਹਿਣਾ। ਪਤਾ ਨਹੀਂ ਕਿੰਨੇ ਹੀ ਘਰ ਮਾਤਾ ਜੀ ਨੇ ਟੁੱਟਣ ਤੋਂ ਬਚਾਏ ਤੇ ਕਿੰਨੇ ਹੀ ਘਰ ਨਵੇਂ ਵਸਾਏ ਗਿਣਤੀ ਨਹੀਂ ਕੀਤੀ ਜਾ ਸਕਦੀ। ਹਰ ਮਿਲਣ ਆਏ ਨੂੰ ਪ੍ਰਸ਼ਾਦਾ ਵੀ ਜ਼ਰੂਰ ਪੁੱਛਣਾ। ਕਦੀ ਸਵਾਲੀ ਖਾਲ਼ੀ ਨਹੀਂ ਮੋੜਿਆ। ਮੌਤ ਲੈ ਕੇ ਆਏ ਜੋ ਅੱਜ ਦੇ ਦਿਨ ਮਾਣ ਉਹਨਾਂ ਦਾ ਵੀ ਰੱਖਿਆ। ਮਾਤਾ ਜੀ ਦੀ ਅਣਥੱਕ ਸੇਵਾ, ਅਸੀਮ ਪਿਆਰ ਤੇ ਅਮੁੱਕ ਕਲਾਵਾ ਸਦਾ ਭੈਣੀ ਸਾਹਿਬ ਸਿੱਖਾਂ ਦੀ ਉਡੀਕ ਕਰਦਾ ਰਵੇਗਾ।

..................................................

# ਕਿਸਾਨ ਅੰਦੋਲਨ ਅਤੇ ਨਾਮਧਾਰੀ ਸਿੱਖ ਸਮਾਜ

**– ਸਰਬ ਸ਼ਕਤੀਮਾਨ, ਦਿੱਲੀ**

ਇਹ ਸਰਵ-ਵਿਦਿਤ ਹੈ ਕਿ ਨਾਮਧਾਰੀ ਸਮਾਜ ਦੇ ਰਹਿਬਰ ਸਤਿਗੁਰੂ ਉਦੇ ਸਿੰਘ ਜੀ ਵਲੋਂ ਕਿਸਾਨ-ਅੰਦੋਲਨ ਨੂੰ ਖੁਲੀ ਹਮਾਇਤ ਦਿਤੀ ਜਾ ਰਹੀ ਹੈ। ਇਸ ਸੰਦਰਭ ਵਿਚ ਜਿਥੇ ਸਮੇਂ-ਸਮੇਂ ਸਤਿਗੁਰੂ ਜੀ ਸਰਕਾਰ ਨੂੰ ਮਸਲੇ ਦੇ ਹੱਲ ਲਈ ਪੁਰ-ਜੋਰ ਅਪੀਲ ਕਰਦੇ ਰਹਿੰਦੇ ਹਨ, ਉਥੇ ਕਿਸਾਨ ਅੰਦੋਲਨ ਵਿਚ ਨਾਮਧਾਰੀ ਸੰਗਤ ਵਲੋਂ ਵਧ-ਚੜ ਕੇ ਹਿੱਸਾ ਵੀ ਲਿਆ ਜਾ ਰਿਹਾ ਹੈ। ਸਿਰਸਾ ਖੇਤਰ ਵਿਚ ਕਾਮਰੇਡ ਸੁਵਰਨ ਸਿੰਘ ਵਿਰਕ ਵੀ ਬੜਾ ਅਗਵਾ ਰੋਲ ਅਦਾ ਕਰ ਰਹੇ ਹਨ। ਨਾਮਧਾਰੀ ਸੰਗਤ ਵਲੋਂ ਅੰਦੋਲਣ ਖੇਤਰ ਵਿਚ ਕੰਬਲ, ਮਫਲਰ ਮਠਿਆਈਆਂ ਵੰਡਣ ਤੋਂ ਇਲਾਵਾ ਸਾਫ-ਸਫਾਈ ਤੇ ਹੋਰ ਲੋੜੀਂਦੀਆਂ ਸੇਵਾਵਾਂ ਸਤਿਗੁਰੂ ਜੀ ਤੋਂ ਹੁਕਮ ਪ੍ਰਾਪਤ ਕਰਕੇ ਨਿਭਾਈਆਂ ਜਾ ਰਹੀਆਂ ਹਨ। ਸ੍ਰੀ ਭੈਣੀ ਸਾਹਿਬ ਅਤੇ ਹੋਰ ਵਿਭਿੰਨ ਇਲਾਕਿਆਂ ਤੋਂ ਪੁੱਜਣ ਵਾਲੇ ਨੌਜਵਾਨਾਂ ਵਿਚ ਦਿੱਲੀ ਅਤੇ ਐਨ.ਸੀ.ਆਰ. ਦੇ ਨੌਜਵਾਨਾਂ ਦਾ ਯੋਗਦਾਨ ਵੀ ਵਰਨਣ ਯੋਗ ਹੈ। ਨਾਮਧਾਰੀ ਵਿਦਿਅਕ ਜਥਾ ਦੇ ਹਰਪਾਲ ਸਿੰਘ, ਮੰਗਲਜੀਤ ਸਿੰਘ, ਰਛਪਾਲ ਸਿੰਘ ਭੱਟੀ, ਟਹਿਲ ਸਿੰਘ, ਗੁਰਸੇਵਕ ਸਿੰਘ, ਰਤਨ ਸਿੰਘ, ਗੁਰਦਿਆਲ ਸਿੰਘ ਲੱਕੀ, ਦਵਿੰਦਰ ਸਿੰਘ ਤੇ ਹੋਰ ਨੌਜਵਾਨ ਆਪਣੇ ਸਾਥੀਆਂ ਨਾਲ ਸਮੇਂ -ਸਮੇਂ ਸਿੰਘੂ, ਟਿਕਰੀ, ਗਾਜੀਪੁਰ, ਕੁੰਡਲੀ ਬਾਰਡਰ 'ਤੇ ਲੋੜ ਅਨੁਸਾਰ ਨਾਮਧਾਰੀ ਸੰਗਤ ਦੀ ਅਗਵਾਈ ਵਾਸਤੇ ਆਮ ਦੇਖੇ ਜਾ ਰਹੇ ਹਨ। ਇਸਤੋਂ ਪਹਿਲਾਂ ਦਿੱਲੀ ਸਰਕਾਰ ਦੀ ਪੰਜਾਬੀ ਅਕਾਦਮੀ ਵਲੋਂ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ 'ਤੇ ਸਿੰਘੂ ਬਾਰਡਰ 'ਤੇ ਅਯੋਜਿਤ ਕੀਰਤਨ ਦਰਬਾਰ 'ਚ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸ਼ੋਦੀਆ ਨਾਲ ਪਾਰਟੀ ਦੇ ਕਾਰਕੁਨਾਂ ਵਿਚ ਸਾਹਿਬ ਪੁਰਾ ਹਲਕੇ ਤੋਂ ਨਾਮਧਾਰੀ ਨੌਜਵਾਨ ਅਮਰਜੀਤ ਸਿੰਘ ਨੇ ਆਪਣੇ ਵੱਡੇ ਭਾਈ ਮੰਗਲਜੀਤ ਸਿੰਘ ਨਾਲ ਦਿੱਲੀ ਦੀ ਨਾਮਧਾਰੀ ਸੰਗਤ ਦੀ ਪ੍ਰਤੀਨਿਧਤਾ ਕੀਤੀ।

ਇਸ ਤੋਂ ਇਲਾਵਾ ਰਾਮਪੁਰਾ ਫੂਲ ਤੋਂ ਡਾ. ਲਖਵੀਰ ਸਿੰਘ ਨਾਮਧਾਰੀ ਜਿਥੇ ਆਪਣੇ ਸਾਥੀਆਂ ਨਾਲ ਟਿਕਰੀ ਬਾਰਡਰ 'ਤੇ ਆਪਣੀ ਭਰੀ ਹਾਜ਼ਰੀ ਲਵਾਈ। ਉਥੇ ਪੱਤਰਕਾਰਾ ਨੂੰ ਆਪਣੇ ਇੰਟਰਵਿਓ ਵਿਚ ਥੋਪੇ ਗਏ ਕਾਲੇ ਕਨੂੰਨਾ ਦੀਆਂ ਬਰੀਕੀਆਂ ਵੀ ਦਸੀਆਂ।

26 ਜਨਵਰੀ ਨੂੰ ਅੰਦੋਲਨ ਵਿਰੋਧੀਆਂ ਵਲੋਂ ਮਹੌਲ ਵਿਗਾੜੇ ਜਾਣ ਉਪਰੰਤ ਅੰਦੋਲਨ 'ਚ ਮੁੜ ਊਰਜਾ ਭਰਨ ਵਾਸਤੇ ਜਿਥੇ ਪੱਛਮੀ ਉੱਤਰ ਪ੍ਰਦੇਸ਼ ਤੋਂ ਵੱਡੇ ਕਿਸਾਨ ਆਗੂ ਰਕੇਸ਼ ਟਿਕੈਤ ਅਤੇ ਮਹਾ ਪੰਚਾਇਤਾਂ ਵੱਡੇ ਪੱਧਰ 'ਤੇ ਵੱਡਾ ਰੋਲ ਅਦਾ ਕਰ ਰਹੀਆਂ ਹਨ, ਉਥੇ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ ਭੂਮੀ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਉਦੇ ਸਿੰਘ ਜੀ ਨੇ ਇਕ ਵਿਸ਼ੇਸ਼ ਨਾਮਧਾਰੀ ਡੈਲੀਗੇਟ ਸਿੰਘੂ ਬਾਰਡਰ ਅਤੇ ਗਾਜ਼ੀਪੁਰ ਬਾਰਡਰ 'ਤੇ ਸ਼ਿਰਕਤ ਕਰਨ ਵਾਸਤੇ ਭੇਜਿਆ। ਇਸ ਪ੍ਰਤੀਨਿਧੀ ਮੰਡਲ ਵਿਚ 60 ਤੋਂ ਵਧ ਨਾਮਧਾਰੀ ਵਿਅਕਤੀ ਵਿਸ਼ੇਸ਼ ਸਨ। ਸਤਿਗੁਰੂ ਜੀ ਦੇ ਨਿਜੀ ਪ੍ਰਬੰਧਕੀ ਸੱਜਨ ਜਿਨ੍ਹਾਂ ਨੂੰ 'ਸੇਵਕ' ਵਜੋਂ ਜਾਣਿਆ ਜਾਂਦਾ ਹੈ- ਸੇਵਕ ਕਰਤਾਰ ਸਿੰਘ, ਸੇਵਕ ਆਸਾ ਸਿੰਘ, ਸੇਵਕ ਸਤਨਾਮ ਸਿੰਘ, ਦਿੱਲੀ ਯੂਨੀਵਰਸਿਟੀ ਚੋਂ ਪੀ.ਐਚਡੀ ਕਰ ਰਹੇ ਸੰਤ ਗੁਰਲਾਲ ਸਿੰਘ ਅਤੇ ਸਰਪੰਚ ਗੁਰਦੇਵ ਸਿੰਘ ਜਾਲਖੇੜੀ ਇਸ ਡੈਲੀਗੇਸ਼ਨ ਦੀ ਅਗਵਾਈ ਕਰਦੇ ਹੋਏ, ਜਦੋਂ ਦਿੱਲੀ ਦੇ ਬਾਰਡਰਾਂ 'ਤੇ ਪਹੁੰਚੇ ਤਾਂ ਸ਼ਾਂਤੀ ਦੇ ਪ੍ਰਤੀਕ ਚਿੱਟੇ ਨਾਮਧਾਰੀ ਪਾਰੰਪਰਿਕ ਪਹਿਰਾਵੇ ਕਾਰਨ ਇਕ ਨਿਵੇਕਲਾ ਮਹੌਲ ਸਿਰਜਿਆ ਗਿਆ। ਅੰਦੋਲਨ ਪ੍ਰਬੰਧਕਾਂ ਨੇ ਇਸ ਡੈਲੀਗੇਸ਼ਨ ਨੂੰ ਮਾਣ ਦੇਂਦਿਆਂ ਇਹਨਾ ਨੂੰ ਮੂਹਰਲੀਆਂ ਕਤਾਰਾਂ ਵਿਚ ਬੈਠਣ ਦਾ ਸਥਾਨ ਉਪਲਬਧ ਕਰਾਇਆ। ਸਟੇਜ ਤੋਂ ਰਾਸ਼ਟਰੀ ਭਾਸ਼ਾ ਹਿੰਦੀ ਵਿਚ ਸੰਬੋਧਨ ਹੁੰਦਿਆਂ ਸੰਤ ਗੁਰਲਾਲ ਸਿੰਘ ਨੇ ਕੇਂਦਰ ਦੀ ਸਰਕਾਰ ਨੂੰ ਸਿੱਧਾ ਸਵਾਲ ਪੁੱਛਿਆ ਕਿ ਜਿਨ੍ਹਾਂ ਠੋਸੇ ਜਾ ਰਹੇ ਕਨੂੰਨਾਂ ਨੂੰ ਬਹੁਤਾ ਭਾਰਤੀ ਸਮਾਜ ਅਤੇ ਪੜ੍ਹਿਆ ਲਿਖਿਆ ਵਰਗ ਠੀਕ ਨਹੀਂ ਜਾਂ ਨੁਕਸਾਨ ਦਾਇਕ ਦੱਸ ਰਿਹਾ ਹੈ, ਉਹ ਕਨੂੰਨ ਮੋਦੀ ਸਰਕਾਰ ਜਾਂ ਗੋਦੀ ਮੀਡੀਆ ਵਲੋਂ ਫਾਇਦੇਮੰਦ ਕਿਵੇਂ ਦੱਸੇ ਜਾ ਰਹੇ ਹਨ? ਇਹ ਗੱਲ ਸਮਝ ਤੋਂ ਬਾਹਰ ਹੈ। ਇਹ ਕਨੂੰਨ ਭਵਿਖ ਵਿਚ ਕਿਸਾਨੀ ਨੂੰ ਖਤਮ ਕਰ ਦੇਣਗੇ। ਕਿਸਾਨਾਂ ਦੀ ਪਰਿਭਾਸ਼ਾ ਦਸਦਿਆਂ ਆਪ ਨੇ ਕਿਹਾ ਕਿ ਕਿਸਾਨ ਭਾਈਚਾਰਾ ਉਹ ਲੋਕ ਹਨ ਜਿਨ੍ਹਾਂ ਦੇਸ਼ ਦੇ ਲੋਕਾਂ ਦਾ ਢਿਡ ਭਰਿਆ। ਦੂਸਰੇ ਬੰਨੇ ਅੱਜ ਉਹੀ ਲੋਕ ਸੜਕਾਂ 'ਤੇ ਹਨ। ਨਾਲ ਹੀ ਕੁਝ ਸਮੇਂ ਤੋਂ ਗੋਦੀ ਮੀਡੀਆ ਵਜੋਂ ਜਾਣਿਆ ਜਾਂਦਾ ਮੀਡੀਆ ਕਿਸਾਨ ਨੂੰ ਅਲਗ-ਅਲਗ ਹੈਸ਼ ਟੈਗ ਦੇ ਰਿਹਾ ਹੈ। ਕਦੇ ਨਕਸਲਵਾਦੀ, ਕਦੇ ਖਾਲਸਤਾਨੀ ਕਿਹਾ ਜਾਂਦਾ ਹੈ ਅਤੇ ਕਦੇ ਅਲਗਾਵ-ਵਾਦੀ ਕਿਹਾ ਜਾਂਦਾ ਹੈ। ਕੀ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਅਜੇਹੇ ਹੈਸ਼-ਟੈਗ ਦੇਣ ਨਾਲ ਸਾਡੇ ਤਿਰੰਗੇ ਦੀ ਸ਼ਾਨ ਵਧਦੀ ਹੈ? ਆਪਣੇ ਹੀ ਲੋਕਾਂ ਵਿਚ ਫੁੱਟ ਪਾਉਣ ਦੀ ਮੰਸ਼ਾ ਨਾਲ ਭਾਜਪਾ ਸਰਕਾਰ ਅਤੇ ਗੋਦੀ ਮੀਡੀਆ ਕਹਿੰਦਾ ਹੈ ਕਿ ਇਹ ਤਾਂ ਪੰਜਾਬ ਤੋਂ ਆਏ ਹਨ ਅਤੇ ਇਹਨਾਂ ਤਿਰੰਗੇ ਦਾ ਅਪਮਾਨ ਕੀਤਾ ਹੈ' ਸਿੱਖ ਸਮਾਜ ਦੇ

ਅਮੀਰ ਵਿਰਸੇ ਦੀ ਗੱਲ ਕਰਦਿਆਂ ਸੰਤ ਗੁਰਲਾਲ ਸਿੰਘ ਨੇ ਦਸਿਆ ਕਿ ਅਸੀਂ ਨਾਮਧਾਰੀ ਸਿੱਖ ਪੰਜਾਬ ਦੇ ਉਸ ਪਿੰਡ ਤੋਂ ਆਏ ਹਾਂ ਜਿਸ ਪਿੰਡ ਵਿਚੋਂ ਸਭ ਤੋਂ ਪਹਿਲਾਂ ਦੇਸ਼ ਅਜ਼ਾਦ ਕਰਵਾਉਣ ਵਾਸਤੇ ਅੰਦੋਲਨ ਕੀਤਾ ਗਿਆ ਸੀ। ਪੰਜਾਬ ਦਾ ਉਹ ਛੋਟਾ ਜਿਹਾ ਪਿੰਡ ਭੈਣੀ ਸਾਹਿਬ ਹੈ ਜਿਥੋਂ ਅਸੀਂ ਇਸ ਅੰਦੋਲਨ 'ਚ ਹਿਸਾ ਪਾਉਣ ਆਏ ਹਾਂ। ਇਸ ਪਿੰਡ ਦੀ ਅਹਿਮੀਅਤ ਇਹਨਾਂ ਸੱਤਾਧਾਰੀ ਲੀਡਰਾਂ ਨੂੰ ਸ਼ਾਇਦ ਪਤਾ ਹੀ ਨਹੀਂ ਹੈ। ਇਹਨਾਂ ਦੀ ਸੋਚ ਤੋਂ ਪਰੇ ਹੈ ਕਿ ਅਸੀਂ ਤਿਰੰਗੇ ਵਾਸਤੇ ਕਿੰਨੀਆਂ ਕੁਰਬਾਨੀਆਂ ਦਿੱਤੀਆਂ। ਆਪ ਇਤਿਹਾਸ ਪੜ੍ਹੋ ਤਾਂ ਪਤਾ ਲਗੇਗਾ ਕਿ ਕੂਕਾ ਅੰਦੋਲਨ ਵਿਚ ਸਿੱਖਾਂ ਨੇ ਕਿੰਨੀਆਂ ਕੁਰਬਾਨੀਆਂ ਦਿੱਤੀਆਂ। ਖੁਲੇ ਮੈਦਾਨ ਵਿਚ ਤੋਪਾਂ ਨਾਲ ਉੜਾਕੇ ਸ਼ਹੀਦ ਕੀਤਾ ਗਿਆ ਸੀ - ਸਾਡੇ ਨਾਮਧਾਰੀ ਸਿੱਖਾਂ ਨੂੰ। ਉਸ ਤਾਕਤਵਰ ਅੰਗਰੇਜ਼ੀ ਹਕੂਮਤ ਸਾਹਮਣੇ ਅਸਹਿਯੋਗ ਅੰਦੋਲਨ ਕਰਕੇ ਬਗਾਵਤ ਕੀਤੀ, ਨਾਮਧਾਰੀ ਸਿੱਖਾਂ ਨੇ, ਸਤਿਗੁਰੂ ਰਾਮ ਸਿੰਘ ਜੀ ਦੀ ਕਮਾਂਡ ਹੇਠ।'' ਗੁਰਲਾਲ ਸਿੰਘ ਹੁਰਾਂ ਉਸ ਨਾ-ਮਿਲਵਰਤਨ ਅੰਦੋਲਣ ਦਾ ਪ੍ਰਮਾਣ ਦੇਂਦਿਆਂ ਦਸਿਆ ਕਿ ਇਨਸਾਈਕਲੋਪੀਡੀਆ ਬ੍ਰਿਟੇਨਿਕਾ ਵਿਚ ਦਰਜ ਹੈ ਕਿ "ਸਤਿਗੁਰੂ ਰਾਮ ਸਿੰਘ ਉਹ ਵਿਅਕਤੀ ਹੈ ਜਿਨ੍ਹਾਂ ਨੇ ਅਸਹਿਯੋਗ ਅੰਦੋਲਨ ਜਾਂ ਨਾ-ਮਿਲਵਰਤਨ ਅੰਦੋਲਨ ਨੂੰ ਸਿਆਸੀ ਰੂਪ ਵਿਚ ਚਲਾਇਆ।" ਗੁਰਲਾਲ ਸਿੰਘ ਨੇ ਕਿਸਾਨਾਂ ਨੂੰ ਦਸਿਆ ਕਿ ਸਾਨੂੰ ਵੀ ਉਹੋ ਰਸਤਾ ਅਪਨਾਉਣਾ ਪਵੇਗਾ-ਸਾਨੂੰ ਵੀ ਨਾ-ਮਿਲਵਰਤਨ ਵਾਲਾ ਹਥਿਆਰ ਵਰਤਨਾ ਪਵੇਗਾ। ਅਗੋਂ ਵੀ ਇਲੈਕਸ਼ਨ ਆਉਣੇ ਹਨ। ਇਹਨਾਂ ਲੀਡਰਾਂ ਪਿੰਡ-ਪਿੰਡ ਗੇੜਾ ਮਾਰਨਾ ਹੈ। ਅਸੀਂ ਵੀ ਇਹਨਾ ਲੀਡਰਾਂ ਨਾਲ ਅਸਹਿਯੋਗ ਕਰਾਂਗੇ। ਗੁਰਲਾਲ ਜੀ ਨੇ ਕਿਹਾ ਕਿ ਦੇਸ਼ ਵਾਸਤੇ, ਤਿਰੰਗੇ ਦੇ ਆਦਰ ਵਾਸਤੇ ਸਿੱਖਾਂ ਨੇ ਆਪਣੇ ਪੁੱਤਰ ਵਾਰੇ ਨੇ, ਇਹ ਲੀਡਰ ਤਿਰੰਗੇ ਦਾ ਸਨਮਾਣ ਕਰਨਾ ਕੀ ਸਿਖਉਣਗੇ? ਤਿਰੰਗਾ ਵੀ ਸੋਚਦਾ ਹੋਵੇਗਾ ਕਿ ਮੇਰਾ ਸਨਮਾਣ ਵਧਾਉਣ ਵਾਲੇ ਹੁਣ ਸੜਕਾਂ 'ਤੇ ਬੈਠੇ ਹਨ ਅਤੇ ਇਹ ਸੱਤਾਧਾਰੀ ਵੱਡੀਆਂ ਵੱਡੀਆਂ ਕੁਰਸੀਆਂ ਅਤੇ ਪਾਰਲੀਮੈਂਟ ਵਿਚ ਬੈਠ ਕੇ ਬਿਨਾ ਚਰਚਾ ਕੀਤਿਆਂ ਮਨ-ਮਰਜੀ ਦੇ ਕਨੂੰਨ ਬਣਾਈ ਜਾਂਦੇ ਹਨ। ਇਹਨਾਂ ਨੂੰ ਕੀ ਪਤਾ ਸਾਡੇ ਪਿੰਡਾਂ ਵਿਚ ਚੁਲ੍ਹੇ ਕਿਵੇਂ ਬਲਦੇ ਹਨ? ਇਹ ਗੱਲ ਅਸੀਂ ਕਿਰਤੀ ਲੋਕ ਦੱਸ ਸਕਦੇ ਹਾਂ। ਸਾਡੀ ਕਿਸਾਨੀ 500-500 ਕਿੱਲੇ ਦੀ ਕਿਸਾਨੀ ਨਹੀਂ ਏ। ਸਾਰੀ ਦੁਨੀਆ ਜਾਣਦੀ ਹੈ ਕਿ ਸਾਡੀ ਕਿਸਾਨੀ ਦੇ 95 ਪ੍ਰਤੀਸ਼ਤ ਲੋਕ 4 ਜਾਂ 5 ਏਕੜ ਦੀ ਕਿਸਾਨੀ ਕਰਦੇ ਹਨ। ਅਸੀਂ ਧਰਤੀ ਨੂੰ ਮਾਂ ਮੰਨਦੇ ਹਾਂ। ਇਹਨਾਂ ਸੱਤਾਧਾਰੀਆਂ ਨੇ ਤਾਂ ਸਭ ਕੁਝ ਵੇਚ ਦਿਤਾ ਹੈ। ਦੇਸ਼ ਦਾ ਸਭ ਕੁਝ ਵੇਚ ਦੇਣਾ ਤਿਰੰਗੇ ਦਾ ਸਨਮਾਣ ਹੈ ਜਾਂ ਧਰਤੀ ਨੂੰ ਮਾਂ ਮੰਨਣਾ ਤਿਰੰਗੇ ਦਾ ਸਨਮਾਣ ਹੈ? ਇਹ ਫੈਸਲੇ ਦੇਸ਼ ਦੇ ਲੋਕ ਕਰਨ।

ਗੁਰਲਾਲ ਸਿੰਘ ਹੁਰਾਂ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦੇਂਦਿਆਂ ਵੀ ਕੀਤਿਆਂ। ਆਪ ਨੇ ਪੱਤਰਕਾਰਾਂ ਨੂੰ ਦਸਿਆ ਕਿ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਨਾਮਧਾਰੀ ਸਿੱਖਾਂ ਦੀ ਹਮਾਇਤ 26 ਨਵੰਬਰ ਤੋਂ ਹੀ ਸਿੰਘੂ ਬਾਰਡਰ 'ਤੇ ਚਲ ਰਹੀ ਹੈ। ਸਿੰਘੂ ਬਾਰਡਰ ਤੇ ਸਾਡਾ ਧਰਨਾ ਪੱਕਾ ਹੈ। ਮੋਦੀ ਸਰਕਾਰ ਕੋਝੀਆਂ ਚਾਲਾਂ ਨਾਲ ਆਪਣੇ ਹੀ ਦੇਸ਼ ਦੇ ਬਸ਼ਿੰਦਿਆਂ ਨੂੰ - ਕਿਸਾਨਾਂ ਨੂੰ ਦਬਾ ਰਹੀ ਹੈ। ਕਿਸਾਨ ਮਿੱਟੀ ਦੇ ਪੁੱਤਰ ਨੇ, ਇਹਨਾਂ ਨੂੰ ਦਬਾਇਆ ਨਹੀਂ ਜਾ ਸਕਦਾ।

ਸਤਿਗੁਰੂ ਰਾਮ ਸਿੰਘ ਜੀ ਨੇ ਨਾ-ਮਿਲਵਰਤਨ ਦਾ ਹਥਿਆਰ ਜਿਸਨੂੰ ਬਾਅਦ ਵਿਚ ਮਹਾਤਮਾ ਗਾਂਧੀ ਜੀ ਨੇ ਵੀ ਵਰਤਿਆ ਸੀ, ਇਹ ਨਾ-ਮਿਲਵਰਤਨ ਹਥਿਆਰ ਸਾਡੇ ਕੋਲ ਹੈ। ਜਿਸ ਰਾਹੀਂ ਅਸੀਂ ਇਨ੍ਹਾਂ ਨੂੰ ਦਸਾਂਗੇ ਕਿ ਨਾ-ਮਿਲਵਰਤਨ ਕੀ ਹੁੰਦਾ ਹੈ? ਕੂਕਾ ਅੰਦੋਲਨ ਨੇ ਇਸ ਨੂੰ ਲਾਗੂ ਕੀਤਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾ ਨੇ ਜਦੋਂ ਅੰਗਰੇਜ਼ ਸਰਕਾਰ ਦੇ ਖਿਲਾਫ ਨਾ-ਮਿਲਵਰਤਨ ਕੀਤਾ ਤਾਂ ਅੰਗਰੇਜ਼ੀ ਸਰਕਾਰ ਦੀ ਰੇਲ, ਉਨ੍ਹਾਂ ਦੀ ਡਾਕ, ਉਨ੍ਹਾਂ ਦੇ ਸਕੂਲ, ਸੜਕਾਂ, ਆਵਾਜਾਈ ਦੇ ਸਾਧਨਾਂ, ਇਥੋਂ ਤਕ ਕਿ ਉਹਨਾਂ ਦੇ ਲਾਏ ਪਾਣੀ ਦੇ ਨਲਕਿਆਂ ਦਾ ਬਾਈਕਾਟ ਕਰ ਦਿਤਾ ਸੀ, ਅਸੀਂ ਉਨ੍ਹਾਂ ਦੇ ਲਾਏ ਹੋਏ ਰੁਖਾਂ ਦੇ ਥਲੇ ਨਹੀਂ ਬੈਠੇ। ਆਪਣਾ ਉਗਾਇਆ ਅੰਨ ਅਤੇ ਆਪਣੇ ਲਾਏ ਖੂਹਾਂ ਦਾ ਪਾਣੀ ਵਰਤਿਆ। ਇਸ ਤਰ੍ਹਾਂ ਦਾ ਸਿਸਟਮ ਸ਼ੁਰੂ ਕੀਤਾ। ਇਥੇ ਵੀ ਕਿਸਾਨ ਅਪਣਾ ਪ੍ਰਬੰਧ ਆਪੇ ਕਰ ਰਹੇ ਹਨ। ਅੱਜ ਵੀ ਜੇ ਅਸੀਂ ਇਸ ਰਸਤੇ ਤੇ ਤੁਰੀਏ ਤਾਂ ਸਫਲਤਾ ਜਰੂਰ ਮਿਲੇਗੀ। ਹਿੰਦੁਸਤਾਨ ਦਾ ਪਿੰਡ-ਪਿੰਡ ਆਪਣੇ ਆਪ ਵਿਚ ਇਕ ਇਕਾਈ ਹੈ। ਪਿੰਡ ਵਿਚ ਸਭ ਕੁਝ ਮਿਲ ਸਕਦਾ ਹੈ। ਇਹਨਾ ਲੀਡਰਾਂ ਨੂੰ ਪਿੰਡਾਂ ਵਿਚ ਆਉਣਾ ਪੈਣਾ ਹੈ। ਪਿੰਡਾਂ ਨੇ ਇਹਨਾਂ ਕੋਲ ਨਹੀਂ ਜਾਣਾ। ਕਿਸਾਨ ਕੋਲ ਆਪਣੀ ਹਵਾ-ਪਾਣੀ ਵੀ ਹੈ ਅਤੇ ਫਸਲਾਂ ਵੀ....। ਨਾਮਧਾਰੀ ਸਮਾਜ ਵਲੋਂ ਮਿਲ ਰਹੇ ਅਜੇਹੇ ਸਹਿਯੋਗ ਨੂੰ ਜਿਥੇ ਕਿਸਾਨ ਆਗੂ ਜੀ ਆਇਆ ਆਖ ਰਹੇ ਹਨ, ਉਥੇ ਅੰਦੋਲਨ 'ਚ ਬੈਠੇ ਆਮ ਕਿਸਾਨਾਂ ਵਿਚ ਨਵੀਂ ਊਰਜਾ ਦਾ ਸੰਚਾਰ ਹੋ ਰਿਹਾ। ਨਾਮਧਾਰੀ ਸਮਾਜ ਅਧਿਆਤਮ ਪੱਖ ਤੋਂ ਵੀ ਭਜਨ-ਬੰਦਗੀ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਸੱਤਾ ਧਾਰੀਆਂ ਨੂੰ ਸੁਮੱਤ ਬਖਸ਼ਣ ਅਤੇ ਸੁਖਸ਼ਾਂਤੀ ਨਾਲ ਅੰਦੋਲਨ ਨੂੰ ਸਫਲਤਾਂ ਮਿਲਣ ਦੀਆਂ ਅਰਦਾਸਾਂ ਕਰ ਰਿਹਾ ਹੈ।

**ਸੰਪਾਦਕ ਵਰਤਮਾਨ ਹਿੰਦੋਸਤਾਨ**

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

13. ਸ. ਗੁਰਮੀਤ ਸਿੰਘ, ਦਾਮਾਦ ਸੰਤ ਮਹਿੰਦਰ ਸਿੰਘ ਨਾਈਲਕ, ਆਬਾਦੀ : ਮੁਬਾਨ ਪ੍ਰੀਛਾ

14. ਸ. ਲਖਬੀਰ ਸਿੰਘ, ਮੂਆ ਮਾ ਰੋਡ

15. ਸੇਠ ਜਵੰਦ ਸਿੰਘ ਚਾਵਲਾ, ਥਾਨ ਥਿਪ ਸ਼ਾਮ (ਕਾਲੋਨੀ ਦਾ ਨਾਂ)

ਪਤਾ ਲੱਗਾ ਹੈ ਕਿ ਇਹ ਸੱਜਣ 10 ਕਰੋੜ ਰੁਪੈ ਦਾ ਕਰਜ਼ਾਈ ਹੋ ਕੇ ਨੱਸਿਆ ਤੇ ਲੁਕਿਆ ਫਿਰਦਾ ਹੈ।

16. ਸ. ਨਿਰਭੈ ਸਿੰਘ, ਦਾਮਾਦ ਸੰਤ ਇਕਬਾਲ ਸਿੰਘ ਮਨਚੰਦਾ

17. ਸ. ਮਨਜੀਤ ਸਿੰਘ, ਬੂ ਚਰਨ

(ਅੱਗੇ ਇੱਕ ਦਿਨ ਉਡੀਕਦੇ ਰਹੇ, ਅੱਜ ਸਤਿਗੁਰੂ ਜੀ ਘਰ ਆਏ ਤਾਂ ਉਹ ਨਹੀਂ ਸਨ)

18. ਗਿਆਨੀ ਹਰਬੰਸ ਸਿੰਘ ਸਚਦੇਵ 27, ਸੁਖੁਮਵਿਟ ਰੋਡ (20)

ਏਥੇ ਆਉਂਦਿਆਂ ਨੂੰ 10 ਵੱਜ ਗਏ। ਗਿਆਨੀ ਜੀ ਨੇ ਕਫੀ ਧਨ ਖਰਚ ਕੇ 'ਸਚਿਆਨ ਕੋਰਟ' ਨਾਮ ਦੇ 14 ਛੱਤੇ ਫਲੈਟ ਉਸਾਰੇ ਹਨ। ਜਿਸ ਵਿੱਚ ਸਾਰੀਆਂ ਆਧੁਨਿਕ ਸਹੂਲਤਾਂ ਹਨ- ਤਰਨ ਤਾਲ, ਬਗ਼ੀਚਾ ਲਾਨ ਅਤੇ ਸਰੀਰਕ ਕਸਰਤ ਲਈ ਅਨੇਕਾਂ, ਲੱਖਾਂ ਲੱਖਾਂ ਰੁਪੈਆਂ ਦੀਆਂ ਮਸ਼ੀਨਾਂ। ਸ੍ਰੀ ਸਤਿਗੁਰੂ ਜੀ ਨੇ ਗਿਆਨੀ ਹੁਰਾਂ ਦੇ ਸ਼ੌਂਕ ਅਤੇ ਮਿਹਨਤ ਨੂੰ ਬੜੀ ਅੱਛੀ ਤਰ੍ਹਾਂ ਫਿਰ ਕੇ ਵੇਖਿਆ। ਛੱਤ ਉਪਰ ਵੀ ਜਥੇ ਸਮੇਤ ਪਧਾਰੇ ਅਤੇ ਫਿਰ ਰਿਹਾਇਸ਼ ਵਾਲੇ ਸਥਾਨ ’ਤੇ ਆ ਦਰਸ਼ਨ ਦਿੱਤੇ। ਸਾਰੇ ਪਰਿਵਾਰ ਨੇ ਵਿਧੀਵਤ ਭੇਟਾ, ਪੂਜਾ ਧਰੀ ਅਤੇ ਫੋਟੋਗ੍ਰਾਫੀ ਕੀਤੀ ਕਰਵਾਈ। ਸਤਿਗੁਰੂ ਜੀ ਨੇ ਫਲੈਟਾਂ ਨੂੰ ਖੂਬ ਪਸੰਦ ਕੀਤਾ।

19. ਫਿਰ ਇਸਦੇ ਨਾਲ ਹੀ ਆਪਣੇ ਪ੍ਰੇਮੀ ਸੇਠ ਇੰਦਰ ਸਿੰਘ ਦੇ ਬੰਗਲੇ ਨੂੰ ਨਿਵਾਜਿਆ।

20. ਗਿਆਨੀ ਜੀ ਦੇ ਛੋਟੇ ਭਾਈ ਸੇਠ ਗੁਰਦਰਸ਼ਨ ਸਿੰਘ ਜੀ ਦੇ ਬੰਗਲੇ ਵਿੱਚ ਦਰਸ਼ਨ ਦੇ ਕੇ ਫਿਰ ਪ੍ਰਸ਼ਾਦ ਪਾਣੀ ਲਈ ਸੇਠ ਸੁਰੰਮ੍ਰਿਤ ਸਿੰਘ ਦੇ ਬੰਗਲੇ ਪਧਾਰੇ। ਹੁਣ 11.00 ਵੱਜ ਚੁੱਕੇ ਸਨ।

ਇਸ਼ਨਾਨ ਕਰ, ਪ੍ਰਸ਼ਾਦ ਛਕ, ਥੋੜ੍ਹਾ ਕੁ ਬਿਰਾਜ ਮੁੜ ਇਸ਼ਨਾਨ ਕਰਕੇ ਹੇਠ ਲਿਖੇ ਘਰੀਂ ਚਰਨ ਪਾਏ, ਮੈਂ ਨਾਲ ਨਹੀਂ ਜਾ ਸਕਿਆ।

21. ਬੀਬੀ ਹਰਬੰਸ ਕੌਰ ਸੁਪਤਨੀ ਡਾ. ਅਮਰ ਭਾਰਤੀ ਦਿੱਲੀ।

22. ਸ. ਸੁਖਬੀਰ ਸਿੰਘ ਕੁਕਰੇਜਾ ਸਪੁੱਤਰ ਸੰਤ ਮੰਗਲ ਸਿੰਘ

23. ਸ. ਕਿਰਪਾਲ ਸਿੰਘ ਸਪੁੱਤਰ ਸੰਤ ਦਿਆਲ ਸਿੰਘ ਮਨਚੰਦਾ

24. ਸ. ਗੁਪਾਲ ਸਿੰਘ ਸਪੁੱਤਰ ਸੰਤ ਹਰੀ ਸਿੰਘ ਖਾਣੀਜੋਂ

25. ਸ. ਦਰਸ਼ਨ ਸਿੰਘ ਸਪੁੱਤਰ (ਸਵ.) ਸੂਬਾ ਦੀਵਾਨ ਸਿੰਘ ਡਾਲਟਨਗੰਜ

ਸੱਚੇ ਪਾਤਸ਼ਾਹ ਜੀ 4.45 ਵਜੇ ਹੀ ਮੁੜ ਕੇ ਡੇਰੇ ਆਏ।

ਅੱਜ ਵੀ 2 ਤੋਂ 3 ਤੱਕ ਚੰਗੀ ਬਰਸਾਤ ਹੋ ਗਈ। ਪਰ ਰਾਤ ਵਾਲੀ ਗਰਜ ਜਾਂ ਕੜਕ-ਚਮਕ ਨਹੀਂ ਸੀ ਪਰ ਵੱਸਿਆ ਖ਼ੂਬ, ਘਨਾ-ਘਨ, ਛਮ-ਛਮ। ਦਿਨ ਠੰਢਾ ਹੋ ਗਿਆ।

**ਸੰਤ ਨਰਾਇਣ ਸਿੰਘ ਨਰੂਲਾ -** ਨਿਰਮਾਣ, ਜ਼ਿਮੇਵਾਰ, ਉੱਦਮੀ ਅਤੇ ਉਤਸ਼ਾਹੀ ਸੰਤ ਨਰਾਇਣ ਸਿੰਘ ਨਰੂਲਾ ਸਾਧ ਸੰਗਤ ਦੇ ਕੰਮਾਂ-ਕਾਜਾਂ ਵਿਚ ਐਨ ਵਕਤ ਸਿਰ ਪਹੁੰਚਦੇ ਅਤੇ ਅਰੰਭ ਤੇ ਅਖੀਰਲੀ ਅਰਦਾਸ ਆਪ ਕਰਦੇ ਹਨ। ਸ੍ਰੀ ਸਤਿਗੁਰੂ ਜੀ ਦੀ ਆਗਿਆ ਵਿੱਚ ਹੱਥੀਂ ਬੱਧੀ ਸਦੈਵ ਹਾਜ਼ਰ। ਕਦੇ ਨਹੀਂ ਵੇਖਿਆ ਕਿ 5 ਵਜੇ ਦੀ ਨਾਮ ਸਿਮਰਨ ਦੀ ਅਰਦਾਸ 10 ਮਿੰਟ ਲੇਟ ਹੋਈ ਹੋਵੇ। ਇਨ੍ਹਾਂ ਦੇ ਘਰੋਂ ਬੀਬੀ .................. ਵੀ ਬੜੇ ਸੇਵਕ ਭਾਵੀ ਤੇ ਪ੍ਰਸ਼ਰਮੀ ਮਹਿਲਾ ਹਨ। ਅੱਜ ਕੱਲ ਇਹਨਾਂ ਦੇ ਫਲੈਟਾਂ ਦੀ ਉਸਾਰੀ ਚੱਲ ਰਹੀ ਹੈ। ਰਾਤੀਂ 8-9 ਵਜੇ ਉਨ੍ਹਾਂ ਦੀ ਜਾ ਦੇਖ ਭਾਲ ਕਰਨੀ, ਦਿਨੇ ਜਦੋਂ ਸਮਾਂ ਮਿਲੇ ਜਾ ਕੇ ਝਾਤ ਮਾਰ ਆਉਣੀ। ਹਰ ਕੀਰਤਨ ਟੇਪ ਰਿਕਾਰਡ ਕਰਨਾ, ਉਸਦੀਆਂ ਪ੍ਰਤੀ ਟੇਪਾਂ ਤਿਆਰ ਕਰਵਾ ਕੇ ਸਾਡੇ ਵਰਗਿਆਂ ਦੀਆਂ ਲੋੜਾਂ ਪੂਰੀਆਂ ਕਰਨੀਆਂ।

ਚਲਦਾ.......

# A Saga Of Sri Satguru Jagjit Singh Ji

- Dr. Sharada Jayagovind

While appreciating music, language was no barrier to Patsha ji. In Bangalore he heard a Kannada devotional song which he liked so much that he asked Balwant Singh to learn it. When someone gave Patsha ji the English text of a shabad, he wanted it to be sung in the traditional Gurmat style. To Patsha ji, the language of music meant bhav, taal and bhakti.

Patsha ji was an eclectic musician who was enamoured by anything creative and new in the field of music. Once, in Thailand, he heard a person play music on a set of glasses filled with water. The musician was using his fingers to produce melodious notes. Patsha ji liked the instrument so much that he called Balwant Singh, who was in Sri Bhaini Sahib to come to Thailand immediately to learn playing the instrument.

Balwant Singh took the flight from Delhi to Bangkok and met with the musician. He bought a set of glasses from the Thai markets and perfected the art within a couple of days. Patsha ii was very happy. After a few months, Patsha ji and Balwant Singh went to Sarod Ghar in Gwalior to participate in a music meet There, Balwant Singh demonstrated the instrument he had learnt in Thailand. Ustad Amjad Ali Khan and his wife Subhalakshmi, who were listening to the music, wanted to know the name of the instrument. Balwant Singh said:

"I don't know."

Ustad Amjad Ali Khan suggested with a laugh:

"Then let's call it the Namdhari Tarang."

Balwant Singh says:

"There was a special quality in the way in which Patsha ji sang devotional songs. He would sing in a slow, clear and steady voice, paying great attention to correct pronunciation, stress and repetition of the words of the hymns. He conveyed the right emotion through these means. There was so much of love and devotion in the singing, it would be difficult to extricate oneself from the magical web he created."

Patsha ji has composed several musical pieces and Balwant Singh has learnt them all.

Balwant Singh was lucky to receive Patshaji's personal music notebook too. It is interesting to note that there was no special time for composing these bandishes. Patsha ji was very spontaneous and these bandishes sprang from his heart. His best compositions were extempore.

Once a person called Pal Singh, a hockey coach, came to the diwan in the evening and bowed before Satguru Jagjit Singh ji. Delighted to see him, Satguru ji composed a shabad of Kabir, which goes "Kabir Paal Samuha Sarvar Bhara". He composed it in the melodious Raag Bhoopali with the word 'Paal".

When Mata Chand Kaur came to a music baithak, Satguru ji sang, "Tu sabni thaai jithe hau jaai sacha sirjanhar jio" which means "Wherever I go, you also come." It is a composition on the omnipresence of God. People around were touched by Patshaji's sense of humour.

On one occasion, Pandit Birju Maharaj ji, the great Kathak exponent, had requested Satguru Jagjit Singh ji for a composition in Dhamar taal. Patsha ji asked Ustad Harbhajan Singh, the sitar player and Sardar Avtar Singh, the tabla player, to compose a piece. When they expressed their inability to do so, Patsha ji composed a shabad based on Guru Gobind Singh ji's Dasam Granth and sang "Aye gayee sab khelat Hori", in his melodious voice. Later, in a sangeet sammelan in Bombay, Pandit Birju Maharaj danced to it and Patshaji was very happy.

Patsha ji was so creative that he did not need any special ambience or gadgets to sing or compose music. Music always resided in his heart.

**Pandit Shiv Kumar Sharma says:**

"There was a time when musicians and dancers were patronised by kings and then the gharaanas began. After Independence, the government did not take any interest in promoting these arts. In these circumstances, this avtaar purush, Satguru Jagjit Singh ji, appeared as a saviour. In my opinion, his efforts in the $20^{th}$" century should be written in the pages of history in golden letters."

Through the efforts of Satguru Jagjit Singh ji a generation of young musicians appeared on the arena of Indian classical music and Gurmat Sangeet. He truly democratized music by throwing open the doors of the music school at Sri Bhaini Sahib to the sons of poor farmers, carpenters and artisans. He would provide education, financial support and parental care to the talented youngsters. Some of the life stories of his students reveal the truth that Patsha ji was indeed their God, the creator.

**To be continued......**

# ਸੁੱਚੇ ਮੋਤੀ

## ਬੰਦਗੀ ਦੀ ਮਹਿਕ

16 ਅਕਤੂਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ 7.15 ਸਵੇਰੇ ਅਨੰਦ ਕਾਰਜ ਕਰਵਾਣ ਵਾਲੇ ਜੋੜੇ ਇੱਕ ਵੱਡੇ ਸਾਰੇ ਘੇਰੇ ਵਿੱਚ, ਸਫੈਦ ਵਿਛਾਈ ਉੱਤੇ ਸਫੈਦ ਬਸਤਰ ਪਹਿਨੀਂ, ਵੇਦੀ ਨੁਮਾ, ਹਰੀਆਂ ਟਹਿਣੀਆਂ ਨਾਲ ਸਜੀਆਂ ਚੋਬਾਂ ਵਾਲੇ ਚੌਕੋਨ ਅੰਦਰ ਸਜੇ ਬੈਠੇ ਸਨ। ਵਿਚਾਲੇ ਹਵਨ ਕੁੰਡ ਵਿੱਚੋਂ ਸੁਗੰਧੀ ਯੁਕਤ ਧੂੰਆਂ ਹਲਕੀਆਂ ਹਲਕੀਆਂ ਲਹਿਰਾਂ ਨਾਲ ਏਧਰ ਓਧਰ ਹੁਲਾਰੇ ਦਿੰਦਾ ਉਠ ਰਿਹਾ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਡਾਲ ਦੇ ਸਾਰੇ ਦਰ ਬੰਦ ਕਰਵਾ ਕੇ ਪੂਰੀ ਤਰ੍ਹਾਂ ਖਾਮੋਸ਼ ਫ਼ਿਜ਼ਾ ਵਿੱਚ ਸੰਗਤਾਂ ਪ੍ਰਤੀ ਸੰਬੋਧਨ ਕੀਤਾ- "ਗੁਰੂ ਹਰੀ ਸਿੰਘ ਜੀ ਦੇ ਸਮੇਂ ਜੋ ਸਿੰਘ-ਸਿੰਘਣੀਆਂ ਭੈਣੀ ਸਾਹਿਬ ਆਇਆ ਕਰਦੇ, ਉਦੋਂ ਉਹਨਾਂ ਲਈ ਰਹਿਣ ਨੂੰ ਕੋਈ ਕੋਠਾ-ਮਠਲਾ ਨਹੀਂ ਹੁੰਦਾ ਸੀ, ਨਾ ਆਉਣ ਦੀ ਆਮ ਖੁੱਲ੍ਹ ਹੁੰਦੀ ਸੀ। ਪਰ ਉਹ ਹਵਾ-ਹਨੇਰੀ-ਝੱਖੜਾਂ ਦੀ ਪਰਵਾਹ ਨਾ ਕਰਦਿਆਂ ਤੇ ਪੁਲਿਸ ਦੀਆਂ ਜ਼ਿਆਦਤੀਆਂ ਨਾਲ ਦੋ-ਚਾਰ ਹੁੰਦੇ ਹੋਏ ਵੀ ਗੁਰੂ ਦਰਸ਼ਨਾਂ ਦੇ ਖਿੱਚੇ ਚਲੇ ਆਉਂਦੇ ਸਨ। ਹੁਣ ਏਥੇ ਘਰ ਤੇ ਰਿਹਾਇਸ਼ੀ ਕਮਰੇ ਬਹੁਤ ਪੈ ਗਏ ਹਨ। ਪਰ ਸਾਡੇ 'ਅੰਦਰਲੇ' ਮਕਾਨ ਢੱਠ ਗਏ ਹਨ। ਉਦੋਂ ਭਾਵਨਾ ਪ੍ਰਧਾਨ ਸੀ, ਹੁਣ ਅਸੀਂ ਇਸ ਤੋਂ ਰਹਿਤ ਹੋ ਗਏ ਹਾਂ। ਪਹਿਲਾਂ ਅਧਿਕਾਰੀਆਂ ਨੂੰ ਵੀ ਏਥੇ ਗੋਹਾ-ਕੂੜਾ ਕਰਦਿਆਂ ਮੁਸ਼ਕ ਨਹੀਂ ਸੀ ਆਉਂਦਾ, ਪਰ ਹੁਣ ਸਾਨੂੰ ਖੁਸ਼ਬੋਆਂ ਤੋਂ ਵੀ ਮੁਸ਼ਕ ਆਉਂਦਾ ਹੈ। ਮਕਾਨ ਏਥੇ ਬੜੇ ਬਣ ਗਏ ਹਨ, ਹੋਰ ਵੀ ਬੜੇ ਬਣਨਗੇ, ਪਰ ਜੇ ਅਸੀਂ ਭਜਨ ਬੰਦਗੀ ਵੱਲ ਧਿਆਨ ਨਾ ਦੇਈਏ ਤਾਂ ਇਹ ਕਿਸ ਕੰਮ? ਦੀਵਾਨਾਂ ਵਿੱਚ ਮਾਈਆਂ ਤੇ ਸਿੰਘ ਸਾਦਾ ਤੇ ਸਫੈਦ ਬਸਤਰ ਪਹਿਨ ਆਇਆ ਕਰਨ, ਖੁਸ਼ਬੂਆਂ ਲਾ ਕੇ ਨਾ ਆਇਆ ਕਰਨ, ਏਥੇ ਤਾਂ ਭਜਨ ਬੰਦਗੀ ਦੀ ਮਹਿਕ ਹੀ ਆਉਣੀ ਚਾਹੀਦੀ ਹੈ।"

## ਬੇਸੁਆਦੀ 'ਚੋਂ ਸੁਆਦ

ਵਿਗਿਆਨ ਭਵਨ, ਨਵੀਂ ਦਿੱਲੀ ਵਿੱਚ ਅਮਨ ਕੌਂਸਲ ਵੱਲੋਂ ਕੋਈ ਸਮਾਗਮ ਸੀ। ਉਸ ਦਿਨ ਦੀ ਮੇਰੀ ਗ਼ਲਤੀ ਵੀ ਮੈਨੂੰ ਯਾਦ ਹੈ। ਪਹਿਲਾਂ ਗ਼ਲਤੀ ਦੱਸ ਲਵਾਂ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੈਂ ਵਿਸ਼ੇਸ਼ ਵਿਅਕਤੀਆਂ ਦੀ ਥਾਵੇਂ ਜਾ ਬੈਠਾਇਆ। ਆਪਣੇ ਵੱਲੋਂ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਇੱਕ ਹੋਰ ਸਿੱਖ ਦੇ ਨਾਲ ਦੀ ਸੀਟ ਲਈ ਤਾਂ ਕਿ ਕੋਈ ਨਾਖੁਸ਼ਗਵਾਰੀ ਨਾ ਵਾਪਰ ਜਾਵੇ। ਪਰ ਸਰਦਾਰ ਜੀ ਤਾਂ ਛੇਤੀ ਉੱਠ ਕੇ ਚਲੇ ਗਏ। ਉਨ੍ਹਾਂ ਦੀ ਥਾਂ ਜੋ ਹੋਰ ਆਦਮੀ ਆ ਕੇ ਬੈਠਾ, ਉਹ ਚੇਨ ਸਮੋਕਰ ਸੀ। ਉਹ ਸਿਗਰਟਾਂ ਫੂਕੀ ਗਿਆ ਤੇ ਧੂੰਆਂ ਛੱਡੀ ਗਿਆ। ਮੈਂ ਪਿੱਛੇ ਛੇਵੀਂ ਕਤਾਰ ਵਿੱਚ ਬੈਠਾ ਪਰੇਸ਼ਾਨ ਤਾਂ ਹੋਈ ਗਿਆ, ਪਰ ਜਾ ਕੇ ਕੁਛ ਨਾ ਕੀਤਾ।

ਸਭਾ ਸਮਾਪਤੀ 'ਤੇ ਜਾ ਕੇ ਖਿਮਾਂ ਮੰਗੀ ਕਿ ਮੇਰੇ ਕਾਰਨ ਹਜ਼ੂਰ ਨੂੰ ਦੋ ਘੰਟੇ ਕਿਸ ਬੇਸੁਆਦੀ ਦਾ ਸਾਹਮਣਾ ਕਰਨਾ ਪਿਆ। ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ- "ਪਰੇਸ਼ਾਨੀ ਦੀ ਕੀ ਲੋੜ! ਉਸ ਆਦਮੀ ਨੂੰ ਮੇਰੇ ਬਾਰੇ ਕੁਝ ਵੀ ਪਤਾ ਨਹੀਂ ਸੀ, ਉਹ ਆਪਣੀ ਲੋੜ ਅਨੁਸਾਰ ਧੂੰਆਂ ਛਕਦਾ ਰਿਹਾ, ਮੈਂ ਆਪਣੇ ਆਪ ਨੂੰ ਬੇਸੁਆਦੀ 'ਚੋਂ ਸੁਆਦ ਦੀ ਤਲਾਸ਼ ਵਿੱਚ ਲਾਈ ਰੱਖਿਆ।"

**'ਸੁਖਨ ਏ ਬੇਅੰਤ' ਵਿੱਚੋਂ**

..........................................................

## ਬੱਚਿਆਂ ਦਾ ਪੰਨਾ

# ਵੈਸਾਖੀ

1699 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਸਥਾਨ ਤੇ ਵੈਸਾਖੀ ਦੇ ਮੌਕੇ 'ਤੇ ਵੱਡੇ ਦੀਵਾਨ ਦਾ ਐਲਾਨ ਕੀਤਾ। ਬੇਸ਼ੁਮਾਰ ਸੰਗਤਾਂ ਦੂਰੋਂ-ਦੂਰੋਂ ਆਈਆਂ। ਦਰਬਾਰ ਬਹੁਤ ਭਰ ਗਿਆ। ਸਤਿਗੁਰੂ ਜੀ ਸ਼ਸਤਰ-ਬਸਤਰ ਸਜਾ ਆ ਦਰਸ਼ਨ ਦਿੱਤੇ। ਮਿਆਨ ਵਿਚੋਂ ਤਲਵਾਰ ਕੱਢ ਕੇ ਉੱਚੀ ਸਾਰੀ ਆਖਿਆ, "ਇਹ ਤਲਵਾਰ ਸੀਸ ਮੰਗਦੀ ਹੈ, ਹੈ ਕੋਈ ਐਸਾ ਜੋ ਇਸ ਦੀ ਮੰਗ ਪੂਰੀ ਕਰੇ?"

ਹਰ ਪਾਸੇ ਸੰਨਾਟਾ ਛਾ ਗਿਆ। ਦੁਬਾਰਾ ਫੇਰ ਹੁਕਮ ਕੀਤਾ। ਕੋਈ ਨਹੀਂ ਉੱਠਿਆ। ਜਦੋਂ ਤੀਜੀ ਵਾਰ ਹੁਕਮ ਕੀਤਾ ਤਾਂ ਲਾਹੌਰ ਨਿਵਾਸੀ ਦਇਆ ਰਾਮ ਉੱਠਿਆ ਅਤੇ ਸਤਿਗੁਰੂ ਜੀ ਅੱਗੇ ਸਿਰ ਨਿਵਾ ਕੇ ਖੜ੍ਹਾ ਹੋ ਗਿਆ। ਸਤਿਗੁਰੂ ਜੀ ਨੇ ਲਿਸ਼ਕਦੀ ਤਲਵਾਰ ਘੁਮਾਈ ਅਤੇ ਦਇਆ ਰਾਮ ਦੇ ਸਿਰ 'ਤੇ ਚਲਾ ਦਿਤੀ। ਉਸਦਾ ਸਿਰ ਧੜ ਨਾਲੋਂ ਅਲੱਗ ਹੋ ਗਿਆ। ਸਭ ਪਾਸੇ ਭਿਆਨਕ ਡਰ ਛਾ ਗਿਆ।

ਦੂਜੀ ਵਾਰ ਫੇਰ ਇਹੋ ਸ਼ਬਦ ਉਚਾਰੇ ਤਾਂ ਭਾਈ ਧਰਮ ਚੰਦ ਅੱਗੇ ਆ ਖਲੋਤਾ। ਸਤਿਗੁਰੂ ਜੀ ਨੇ ਉਸਦਾ ਸਿਰ ਵੀ ਕਲਮ ਕਰ ਦਿੱਤਾ। ਹੁਣ ਦੀਵਾਨ ਵਿਚੋਂ ਕਮਜ਼ੋਰ ਸਿੱਖ ਖਿਸਕਣੇ ਸ਼ੁਰੂ ਹੋ ਗਏ। ਇਸੇ ਤਰ੍ਹਾਂ ਵਾਰੀ-ਵਾਰੀ ਜਗਨਨਾਥ ਪੁਰੀ ਨਿਵਾਸੀ ਹਿੰਮਤ ਰਾਇ, ਦੁਆਰਕਾ ਨਿਵਾਸੀ ਮੁਹਕਮ ਚੰਦ ਅਤੇ ਬਿਦਰ ਨਿਵਾਸੀ ਸਾਹਿਬ ਚੰਦ ਨੇ ਗੁਰੂ ਚਰਨਾਂ ਵਿਚ ਸੀਸ ਦੇ ਕੇ ਆਪਣਾ ਆਪ ਨਿਛਾਵਰ ਕਰ ਦਿੱਤਾ। ਸਤਿਗੁਰੂ ਜੀ ਨੇ ਤਲਵਾਰ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤੇ। ਪੰਜ ਧੜ ਅਤੇ ਸੀਸ ਸਟੇਜ ਉੱਤੇ ਡਿੱਗੇ ਪਏ ਸਨ। ਸਾਰੀ ਸੰਗਤ ਹੈਰਾਨ ਬੈਠੀ ਸੀ। ਉਹਨਾਂ ਦੀ ਹੈਰਾਨੀ ਹੋਰ ਵਧੀ ਜਦੋਂ ਸਤਿਗੁਰੂ ਜੀ ਨੇ ਇੱਕ ਦੇ ਧੜ ਨਾਲ ਦੂਜੇ ਦਾ ਸੀਸ ਜੋੜ ਦਿਤਾ। ਪੰਜੇ ਜ਼ਿੰਦਾ ਕਰ ਦਿੱਤੇ। ਸਤਿਗੁਰੂ ਜੀ ਨੇ ਆਪਣੇ ਗਲ ਨਾਲ ਲਾ ਕੇ ਆਖਿਆ, "ਇਹ ਮੇਰੇ ਪੰਜ ਪਿਆਰੇ ਹਨ।"

ਫੇਰ ਸਤਿਗੁਰੂ ਜੀ ਨੇ ਬਾਟੇ ਵਿੱਚ ਅੰਮ੍ਰਿਤ ਤਿਆਰ ਕੀਤਾ। ਇਹਨਾਂ ਪੰਜਾਂ ਸਿੱਖਾਂ ਨੂੰ ਸ਼ਸਤਰ-ਬਸਤਰ ਸਜਾ ਕੇ ਅੰਮ੍ਰਿਤ ਛਕਾਇਆ। ਉਹਨਾਂ ਦੇ ਨਾਵਾਂ ਨਾਲੋਂ ਰਾਮ ਜਾਂ ਦਾਸ ਸ਼ਬਦ ਹਟਾ ਕੇ "ਸਿੰਘ" ਸ਼ਬਦ ਜੋੜ ਦਿੱਤਾ। ਭਾਵ: ਸ਼ੇਰ ਬਣਾ ਦਿੱਤਾ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਅੰਮ੍ਰਿਤ ਦੀ ਸ਼ਕਤੀ ਦਾ ਪ੍ਰਤੱਖ ਪ੍ਰਮਾਣ ਦੇਣਾ ਸੀ, ਤਾਂ ਹੀ ਆਪ ਜੀ ਨੇ ਇਹ ਕਾਰਜ ਕੀਤਾ।

.......................................................

# ਖ਼ਬਰਨਾਮਾ

## ਸਾਹਿਬਜ਼ਾਦਾ ਉੱਤਮ ਸਿੰਘ ਅਤੇ ਬੀਬੀ ਜੀਵਨ ਕੌਰ ਦੇ ਅਨੰਦ ਕਾਰਜ ਦੀਆਂ ਵਧਾਈਆਂ ! ਵਧਾਈਆਂ !! ਵਧਾਈਆਂ !!!

ਸਤਿਗੁਰੂ ਰਾਮ ਸਿੰਘ ਜੀ ਦੁਆਰਾ 3 ਜੂਨ 1863 ਈ. ਨੂੰ ਪਿੰਡ ਖੋਟੇ ਤੋਂ ਸ਼ੁਰੂ ਕੀਤੀ, ਸਾਦੇ-ਪਹਿਰਾਵੇ ਅਤੇ ਅੰਤਰਜਾਤੀ ਅਨੰਦ-ਕਾਰਜ ਦੀ ਰਸਮ ਸਮਾਜ ਲਈ ਵੱਡੀ ਦੇਣ ਹੈ। ਨਾਮਧਾਰੀ ਪੰਥ ਵਿੱਚ ਉਸੇ ਗੁਰ-ਮਰਿਆਦਾ ਅਨੁਸਾਰ ਬਿਨਾਂ ਕਿਸੇ ਵਾਧੂ ਖਰਚੇ, ਦਿੱਖ-ਦਿਖਾਵੇ ਤੇ ਦਾਜ ਦਹੇਜ ਤੋਂ ਬਿਨਾਂ ਸਵਾ ਰੁਪਏ ਵਿੱਚ ਅਨੰਦ-ਕਾਰਜ ਹੁੰਦਾ ਹੈ। ਇਸੇ ਗੁਰ ਮਰਿਆਦਾ ਅਨੁਸਾਰ ਇਸ ਵਾਰ 1 ਅਪ੍ਰੈਲ 2021 ਈ. ਨੂੰ ਹੋਲੇ ਮਹੱਲੇ ਦੇ ਆਖਰੀ ਦਿਨ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਗਿਆਰਾਂ ਆਨੰਦ ਕਾਰਜ ਹੋਏ। ਜਿਨ੍ਹਾਂ ਵਿੱਚ ਸ੍ਰੀ ਉੱਤਮ ਸਿੰਘ ਦਾ ਅਨੰਦ ਕਾਰਜ ਸੂਬਾ ਸਰਬਜੀਤ ਸਿੰਘ ਮਲੋਟ ਵਾਲਿਆਂ ਦੀ ਸਪੁੱਤਰੀ ਬੀਬੀ ਜੀਵਨ ਕੌਰ ਨਾਲ ਹੋਇਆ।

1 ਅਪ੍ਰੈਲ 2021 ਈ. ਨੂੰ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਿੰਘਾਂ- ਹਰਬੰਸ ਸਿੰਘ ਘੁੱਲਾ, ਸੁਖਵਿੰਦਰ ਸਿੰਘ ਪਿੰਕੀ, ਹਰਪ੍ਰੀਤ ਸਿੰਘ ਸੋਨੂੰ, ਹਰਵਿੰਦਰ ਸਿੰਘ, ਸ਼ਾਮ ਸਿੰਘ, ਸਰਮੁੱਖ ਸਿੰਘ ਤੇ ਸਤਨਾਮ ਸਿੰਘ ਆਦਿ ਨੇ ਕੀਤਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਅਨੰਦ-ਕਾਰਜ ਵਾਲੀਆਂ ਜੋੜੀਆਂ ਨੂੰ ਭਜਨ ਦਿੱਤਾ। ਗੁਰਦੇਵ ਸਿੰਘ ਚੀਮਾ ਨੇ ਸਾਰੀਆਂ ਜੋੜੀਆਂ ਦਾ ਗੰਢ-ਚਤਰਾਵਾ ਕੀਤਾ। ਇਨ੍ਹਾਂ ਸਾਰੇ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਬਲਕਾਰ ਸਿੰਘ, ਗੁਰਭੇਜ ਸਿੰਘ ਤੇ ਸੁਵਰਨ ਸਿੰਘ ਨੇ ਅੰਮ੍ਰਿਤ ਛਕਾਇਆ। ਗੁਰੂ ਰਾਮਦਾਸ ਜੀ ਦੁਆਰਾ ਉਚਾਰੀਆਂ ਲਾਵਾਂ ਦਾ ਪਾਠ ਨਾਮਧਾਰੀ ਬੱਚੀਆਂ ਦੇ ਜਥੇ ਨੇ ਕੀਤਾ। ਬਾਕੀ ਸਿੱਖਾਂ ਵਾਂਗ ਸ੍ਰੀ ਉੱਤਮ ਸਿੰਘ ਦਾ ਅਨੰਦ ਕਾਰਜ ਵੀ ਬੜੀ ਸਾਦਗੀ ਨਾਲ ਹੋਇਆ। ਕਿਸੇ ਵੀ ਤਰ੍ਹਾਂ ਦੀ ਕੋਈ ਖ਼ਾਸ ਉਚੇਚ ਨਹੀਂ ਕੀਤੀ ਗਈ।

ਸਾਹਿਬਜ਼ਾਦਾ ਉੱਤਮ ਸਿੰਘ ਦੀ ਸੁਪਤਨੀ ਬੀਬੀ ਜੀਵਨ ਕੌਰ ਦਾ ਦਾਦਕਾ ਪਰਿਵਾਰ ਟਕਸਾਲੀ ਨਾਮਧਾਰੀਆਂ ਦਾ ਪਰਿਵਾਰ ਹੈ। ਬੀਬੀ ਜੀਵਨ ਕੌਰ ਦਾ ਜਨਮ ਸੂਬਾ ਸਰਬਜੀਤ ਸਿੰਘ ਜੰਡਵਾਲਾ ਦੇ ਘਰ ਮਾਤਾ ਮਨਜੀਤ ਕੌਰ ਦੀ ਕੁੱਖੋਂ 18 ਜੂਨ 1994 ਈ. ਨੂੰ ਹੋਇਆ। ਬੀਬੀ ਜੀਵਨ ਕੌਰ ਦੀ ਇੱਕ ਵੱਡੀ ਭੈਣ ਸੰਤ ਕੌਰ ਤੇ ਛੋਟਾ ਭਰਾ ਸੁਰਿੰਦਰ ਸਿੰਘ ਹੈ। ਸੂਬਾ ਸਰਬਜੀਤ ਸਿੰਘ ਹੁਰਾਂ ਦੇ ਖਾਨਦਾਨ ਦਾ ਬਜ਼ੁਰਗ ਸ. ਅਨੋਖ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਨਾਮਧਾਰੀ ਬਣਿਆ ਸੀ। ਬੀਬੀ ਜੀਵਨ ਕੌਰ ਦੇ ਦਾਦਾ ਜੀ ਦਾ ਨਾਮ ਸੰਤ ਗੁਰਦਿਆਲ ਸਿੰਘ ਹੈ ਜੋ ਕਿ ਬਹੁਤ ਭਜਨੀਕ ਸਾਧੂ ਹਨ। ਸੰਤ ਗੁਰਦਿਆਲ ਸਿੰਘ ਮਾਲਵੇ ਇਲਾਕੇ ਦੇ ਪੁਰਾਣੇ ਨਾਮਧਾਰੀ ਕੂਕਿਆਂ ਬਾਰੇ ਕਾਫ਼ੀ ਜਾਣਕਾਰੀ ਰੱਖਦੇ ਹਨ। ਇਨ੍ਹਾਂ ਦਾ ਮੌਜੂਦਾ ਪਿੰਡ ਮਲੋਟ ਨੇੜੇ ਘੁਮਿਆਰਾ, ਜ਼ਿਲ੍ਹਾ ਮੁਕਤਸਰ ਹੈ ਪਰ ਪੁਰਾਣਾ ਪਿੰਡ ਘੁਮਿਆਰੇ ਦੀ ਸਰਹੱਦ ਨਾਲ ਲੱਗਦਾ ਜੰਡਵਾਲਾ ਹੈ। ਜੰਡਵਾਲਾ ਮਲੋਟ ਇਲਾਕੇ ਵਿੱਚ ਨਾਮਧਾਰੀਆਂ ਦਾ ਮਸ਼ਹੂਰ ਤੇ ਪੁਰਾਣਾ ਪਿੰਡ ਹੈ।

ਬੀਬੀ ਜੀਵਨ ਕੌਰ ਦੇ ਨਾਨਕੇ ਬੱਲ ਪਰਿਵਾਰ ਇਲਾਕਾ ਜੀਵਨ ਨਗਰ ਵਿੱਚ ਹਨ। ਇਹ ਪਰਿਵਾਰ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਹੈ। ਬੀਬੀ ਜੀਵਨ ਕੌਰ ਦੇ ਨਾਨੇ ਦਾ ਨਾਮ ਸੰਤ ਮਹਿੰਦਰ ਸਿੰਘ ਬੱਲ ਹੈ। ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਨਕੇ ਪਰਿਵਾਰ ਅਰਥਾਤ ਮਾਤਾ ਭੁਪਿੰਦਰ ਕੌਰ ਦੇ ਪੇਕੇ ਪਰਿਵਾਰ ਵਿੱਚ ਵਿਆਹੇ ਹੋਏ ਸਨ। ਇਸ ਤਰ੍ਹਾਂ ਬੀਬੀ ਜੀਵਨ ਕੌਰ ਦਾ ਨਾਨਕਾ ਅਤੇ ਦਾਦਕਾ ਪਰਿਵਾਰ ਨਾਮਧਾਰੀ ਪਿਛੋਕੜ ਵਾਲਾ ਹੈ।

ਅਦਾਰਾ 'ਸਤਿਜੁਗ' ਸਮੁੱਚੇ ਨਾਮਧਾਰੀ ਪੰਥ ਨੂੰ ਤਹਿ ਦਿਲੋਂ ਵਧਾਈਆਂ ਦਿੰਦਾ ਹੈ।

**ਵੱਲੋਂ: ਅਦਾਰਾ ਸਤਿਜੁਗ**

# ਅਤਿ ਊਚਾ ਤਾ ਕਾ ਦਰਬਾਰਾ।

**(ਇਹ ਚਿੱਠੀ ਅਜੀਤ ਲਾਇਲ ਜੀ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਭੇਜੀ ਸੀ -ਸੰਪਾਦਕ)** ਹਜ਼ੂਰ ਦੇ ਪਵਿੱਤਰ ਚਰਨਾ 'ਤੇ ਨਾਚੀਜ਼ ਦਾ ਸਯਦਾ ਪ੍ਰਵਾਨ ਹੋਵੇ ਜੀ। ਸੱਤ ਸਮੁੰਦਰੋਂ ਪਾਰ ਬੈਠੇ ਟੀ.ਵੀ ਰਾਹੀਂ ਹੋਲਾ-ਮਹੱਲੇ ਦਾ ਸਮਾਗਮ ਵੇਖ ਰਹੇ ਸਾਂ, ਸਮਾਪਤੀ ਉਪਰੰਤ, ਗੰਭੀਰ ਬੈਠੇ ਨੂੰ ਵੇਖ ਸ੍ਰੀ ਮਤੀ ਜੀ ਪੁੱਛਣ ਲੱਗੇ, ਤੁਸੀਂ ਸਤਿਗੁਰੂ ਜੀ ਨੂੰ ਉੱਤਮ ਸਿੰਘ ਦੇ ਅਨੰਦਾਂ ਦੀ ਵਧਾਈ ਦਾ ਮੈਸੇਜ਼ ਕਰ ਦਿੱਤਾ ਹੈ ? ਮੈਂ ਆਖਿਆ.... ਦੱਸੋ... ? .. ਮੇਰੇ ਵਲੋਂ ਵੀ ਸਤਿਗੁਰੂ ਜੀ ਤੇ ਬੀਬੀ ਜੀ ਨੂੰ ਵਧਾਈਆਂ ਆਖਣਾ ..... ਭਲੀਏ ਲੋਕੇ ਮੇਰੇ ਮਨ-ਮਸਤਕ ਵਿੱਚ ਤੇ ਅਜੇ ਮੈਸੇਜ਼ ਦੇ ਸੰਵਾਦਾਂ ਦੀ ਭਰਪੂਰ ਆਮਦ ਹੀ ਹੋ ਰਹੀ ਹੈ। ... ਮੇਰੇ ਮਨ ਵਿੱਚ ਤੇ ਵਿਚਾਰ ਚੱਲ ਰਹੇ ਸਨ ਕਿ ਸਾਰੀ ਨਾਮਧਾਰੀ ਸੰਗਤ ਹੈ ਹੀ ਸਤਿਗੁਰੂ ਜੀ ਦੀ ਉੱਮਤ, ਤੇ ਅੱਜ ਬਾਈ ਨਾਮਧਾਰੀ ਨੌਜਵਾਨ ਗੱਭਰੂ ਅਤੇ ਮੁਟਿਆਰਾਂ, ਇਸ ਆਨੰਦਾਂ ਦੀ ਰਸਮ ਨਾਲ ਗ੍ਰਿਹਸਥ ਧਰਮ ਵਿੱਚ ਪ੍ਰਵੇਸ਼ ਹੋਏ ਹਨ ਤੇ ਇਹ ਸਾਰੇ ਹੀ ਮੇਰੇ ਪਿਆਰੇ ਸਤਿਗੁਰੂ ਜੀ ਦੇ ਧੀਆਂ ਪੁੱਤਰ ਹੀ ਤਾਂ ਹਨ। ਕਿਸੇ ਦੇ ਘਰ ਵਿੱਚ ਧੀ ਦਾ ਵਿਆਹ ਹੋਏਗਾ,ਕਿਸੇ ਦੇ ਘਰ ਪੁੱਤਰ ਦਾ ਵਿਆਹ ਹੋਏਗਾ ਪਰ ਮੇਰੇ ਸਤਿਗੁਰੂ ਦੇ ਦਰਬਾਰ ਵਿੱਚ ਤੇ ਉਸਦੇ ਗਿਆਰਾਂ ਪੁੱਤਰਾਂ ਤੇ ਗਿਆਰਾਂ ਹੀ ਧੀਆਂ ਦੇ ਆਨੰਦ ਹੋਏ ਹਨ। ਜਿਸ ਦੇ ਏਡੇ ਵੱਡੇ ਪਰਿਵਾਰ ਵਿੱਚ ਇਕ ਹੀ ਦਿਨ ਏਨੇ ਵਿਆਹ ਹੋਣ ਤੇ ਉਸ ਸ਼ਖ਼ਸੀਅਤ ਨੂੰ ਵਿਆਹ ਦੀਆਂ ਵਧਾਈਆਂ ਕਿਹੜੇ ਤਰੀਕੇ ਨਾਲ ਤੇ ਕਿਹੜੇ ਲਖ਼ਜ਼ਾਂ ਨਾਲ ਦਿੱਤੀਆਂ ਜਾਣ। ਇਹ ਸੱਭ ਕੁੱਝ ਸੋਚ ਹੀ ਰਿਹਾ ਸਾਂ ਕਿ ਜਿਹਨ ਵਿੱਚ ਇਕ ਰੁਬਾਈ ਦੀ ਆਮਦ ਹੋਈ:

ਮੇਰੇ ਪਿਆਰੇ ਜਦ ਵੀ ਤੇਰੀ ਅਰਦਲ ਆਣਾ ਹੋਵੇ। ਬੰਦਾ ਆਪਣੇ ਅੰਤਹਿਕ੍ਰਨ ਨੂੰ ਵਾਰ-ਵਾਰ ਪਿਆ ਜੋਹਵੇ। ਕੀ ਆਖਾਂ ਤੇ ਕੀਕੂੰ ਆਖਾਂ ਦਿਲ ਆਪਣੇ ਦੀ ਵੇਦਨ, ਦਰ ਉਸ ਦੇ ਪ੍ਰਵਾਨ ਵੀ ਹੋਵੇ, ਕਹਿਆ ਉਂਝ ਵੀ ਸੋਹਵੇ। ਤੇ ਮੈਂ ਸੋਚ ਰਿਹਾਂ ਸਾਂ ਜਦੋਂ ਕਿਸੇ ਦੇ ਘਰ ਕਿਸੇ ਦੀ ਧੀ ਜਾਂ ਪੁੱਤਰ ਦਾ ਵਿਆਹ ਹੋਵੇ ਕੇਡੀ ਨੱਠ-ਭੱਜ, ਕਿੰਨੀ ਫਿਕਰਮੰਦੀ, ਕੇਡਾ ਵੱਡਾ ਖਲਾਰਾ ਤੇ ਕੇਡਾ ਅਡੰਬਰ ਹੁੰਦਾ ਏ..... ਪਰ ਇੱਥੇ ਤੇ ਏਨੇ ਵਿਆਹ ਹੋਏ ਹਨ,ਨਾ ਕੋਈ ਅਡੰਬਰ, ਨਾ ਕੋਈ ਵਿਖਾਵਾ, ਨਾ ਕੋਈ ਰੋਲਾ-ਰੱਪਾ ਸੱਭੋ ਕੁੱਝ ਬੜੀ ਸਾਦਗੀ ਨਾਲ, ਇਸਤਗੀ ਨਾਲ, ਸਹਿਜਤਾ ਨਾਲ ਤੇ ਸੁਖਦਾਈ ਰਸਮ ਨਾਲ ਸੰਪੰਨ ਹੋਇਆ ਹੈ। ਏਨੀ ਸਾਦਗੀ ਤੇ ਇਕਸਾਰਤਾ ਕਿ ਏਨੇ ਜੋੜਿਆਂ ਵਿੱਚੋਂ ਕੋਈ ਨਹੀਂ ਪਹਿਚਾਣ ਸਕਦਾ ਕਿ ਕਿਹੜਾ ਜੋੜਾ ਅਮੀਰ ਪਰਿਵਾਰ ਨਾਲ ਸਬੰਧਤ ਹੈ ਤੇ ਕਿਹੜਾ ਕਿਸੇ ਸਧਾਰਨ ਪਰਿਵਾਰ ਨਾਲ। ਵਿਆਹ ਦੀ ਇਸ ਪਹਿਲੀ ਤੇ ਆਖਰੀ ਰਸਮ ਨਾਲ ਹੀ ਵਿਆਹ ਸੰਪੰਨ ਹੋ ਗਿਆ ਹੈ ......... ਹੈ ਨਾ ਕਰਾਮਾਤ...!!! ਇਸੇ ਹੀ ਇਨਕਲਾਬੀ ਰਸਮ ਦਾ ਜਦੋਂ ਪਹਿਲੀ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਖੋਟਿਆਂ ਵਿੱਚ ਪ੍ਰਚਲਨ ਕੀਤਾ ਸੀ, ਉਹ ਇਕ ਇਤਿਹਾਸਕ ਵਾਕਿਆ ਸੀ, ਕਿ ਸਤਿਗੁਰੂ ਰਾਮਦਾਸ ਜੀ ਦੁਆਰਾ ਉਚਾਰੀਆਂ ਗਈਆਂ ਸੂਹੀ ਰਾਗ ਵਿੱਚ ਲਾਵਾਂ ਨੂੰ ਪਹਿਲੀ ਵਾਰ ਪੰਡਿਤਾਂ ਦੇ ਵੇਦ-ਮੰਤਰਾਂ ਦੀ ਥਾਂ, ਵਿਆਹ ਰਸਮ ਦੀ ਸੰਪਨਤਾ ਲਈ ਵਰਤਿਆ ਗਿਆ ਸੀ। ਕੇਡਾ ਹੜਕੰਪ ਮੱਚਿਆ ਸੀ, ਇਹ ਪਹਿਲੀ ਵਾਰ ਸੀ ਜਿਸ ਕਰਮ ਦਾ ਵਿਰੋਧ ਅਤੇ ਸ਼ਕਾਇਤਾਂ ਉਸ ਵਕਤ ਦੀ ਫਰੰਗੀ ਸਰਕਾਰ ਦੇ ਸਰਕਾਰੇ ਦਰਵਾਰੇ ਪਹੁੰਚ ਗਈਆਂ ਸਨ ਅਤੇ ਪ੍ਰਸ਼ਾਸਨ ਵੱਡੀ ਹਰਕਤ ਵਿੱਚ ਆਇਆ ਸੀ। ਏਸੇ ਇਨਕਲਾਬੀ ਰਸਮ ਦੀ ਸ਼ੁਰੂਆਤ ਕਰਨ ਕਾਰਨ ਸਤਿਗੁਰੂ ਰਾਮ ਸਿੰਘ ਜੀ ਨੂੰ ਬਾਘੇ-ਪੁਰਾਣੇ ਥਾਣੇ ਜਾਣਾ ਪਿਆ ਸੀ, ਏਨਾ ਹੀ ਨਹੀਂ ਫਿਰ ਸ਼ਸ਼ਤ੍ਰਧਾਰੀ ਭਾਰੀ ਪੁਲੀਸ ਫੋਰਸ ਦੀ ਨਿਗਰਾਨੀ ਹੇਠ ਵਾਪਸ ਸ੍ਰੀ ਭੈਣੀ ਸਾਹਿਬ ਪਹੁੰਚਾਇਆ ਗਿਆ ਤੇ ਡੀ.ਸੀ ਲੁਧਿਆਣਾ ਦੇ ਨਾਦਰਸ਼ਾਹੀ ਹੁਕਮਾਂ ਨਾਲ ਸ੍ਰੀ ਭੈਣੀ ਸਾਹਿਬ ਨਜ਼ਰ-ਬੰਦ ਕਰ ਦਿੱਤਾ ਗਿਆ। ਤੇ ਅੱਜ ਓਹੀਓ ਰਸਮ ਕਿੰਨੀ ਸ਼ਾਨੋ-ਸ਼ੌਕਤ ਨਾਲ ਤੇ ਕਿੰਨੀ ਸਹਿਜਤਾ ਤੇ ਸਰਲਤਾ ਨਾਲ ਸੰਪਨ ਹੋਈ ਹੈ। ਮੇਰੇ ਮਨ ਵਿੱਚ ਇਹਨਾਂ ਵਿਚਾਰਾਂ ਦਾ ਆਵਾਹਨ ਵੀ ਹੋ ਰਿਹਾ ਸੀ ਕਿ ਮੈਂ ਵੇਖਦਾ ਰਿਹਾ ਹਾਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ ਵੀ ਤੇ ਹੁਣ ਵੀ ਜਦੋਂ ਕਿਤੇ ਕਿਸੇ ਦੇ ਗ੍ਰਿਹਸਥ ਜੀਵਨ ਦੀ ਸਰਪਟ ਦੌੜਦੀ ਗੱਡੀ ਲੀਹੋਂ ਲੱਥ ਜਾਏ, ਉਸ ਲਈ ਉਹ ਦੰਪਤੀ ਜਾਂ ਉਸ ਦਾ ਪਰਿਵਾਰ ਸਤਿਗੁਰੂ ਜੀ ਦੇ ਦਰਬਾਰ ਹੀ ਪਹੁੰਚ ਕਰਦਾ ਹੈ ਜੋ ਸਾਡਾ ਸੁਪਰੀਮ ਜੱਜ ਹੈ ਤੇ ਜਿਸ ਦੇ ਕੀਤੇ ਫੈਸਲੇ ਹਮੇਸ਼ਾਂ ਹੀ ਸਾਰਥਿਕ, ਸੁਖਦਾਈ ਤੇ ਸਥਾਈ ਹੁੰਦੇ ਹਨ। ਇਹ ਸਭ ਸੋਚਦਿਆਂ ਮੇਰਾ ਮਸਤਕ ਮੇਰੇ ਹਜ਼ੂਰ ਸਤਿਗੁਰੂ ਦੀ ਅਰਦਲ ਤੇ ਸਰਦਲ 'ਤੇ ਝੁਕ ਜਾਂਦਾ ਹੈ ਇਹ ਸੋਚਦਿਆਂ ਕਿ ਸੱਚਮੁੱਚ ਤੇਰਾ ਦਰਬਾਰ -

"ਅਤਿ ਊਚਾ ਤਾ ਕਾ ਦਰਬਾਰਾ" ਹੀ ਤਾਂ ਹੈ। ਤੇ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਰਿਹਾ ਹੈ:ਵਧਾਈਆਂ ਜੀ ! ਵਧਾਈਆਂ ਜੀ ਵਧਾਈਆਂ!!!

**ਅਜੀਤ ਲਾਇਲ**

# ਯਾਦਗਾਰ ਹੋ ਨਿੱਬੜਿਆ ਸ੍ਰੀ ਭੈਣੀ ਸਾਹਿਬ ਦਾ ਪੁਸਤਕ ਮੇਲਾ

**30, 31 ਮਾਰਚ ਅਤੇ 1 ਅਪ੍ਰੈਲ 2021 ਈ. (ਸ੍ਰੀ ਭੈਣੀ ਸਾਹਿਬ)**

ਇਸ ਵਾਰ ਸ੍ਰੀ ਭੈਣੀ ਸਾਹਿਬ ਵਿਖੇ ਹੋਲੇ-ਮਹੱਲੇ ਦਾ ਪੁਰਬ 28 ਮਾਰਚ ਤੋਂ ਲੈ ਕੇ 1 ਅਪ੍ਰੈਲ ਤੱਕ ਮਨਾਇਆ ਗਿਆ। ਇਹ ਹੋਲੇ-ਮਹੱਲੇ ਦੀ ਸੇਵਾ ਨਾਮਧਾਰੀ ਹਾਕੀ ਟੀਮ ਦੇ ਨਵੇਂ ਪੁਰਾਣੇ ਖਿਡਾਰੀਆਂ ਨੇ ਕੀਤੀ। ਇਸੇ ਹੋਲੇ-ਮਹੱਲੇ ਦੌਰਾਨ 30 ਮਾਰਚ ਤੋਂ 1 ਅਪ੍ਰੈਲ ਤੱਕ ਪੁਸਤਕ ਮੇਲਾ ਵੀ ਕਰਵਾਇਆ ਗਿਆ। ਇਹ ਪੁਸਤਕ ਮੇਲਾ ਜਗਜੀਤ ਮੰਦਿਰ ਅਤੇ ਰਾਮ-ਸਰੋਵਰ ਦੀ ਵਿਚਕਾਰਲੀ ਪਾਰਕ ਵਿਚ ਲੱਗਾ। ਇਸ ਮੇਲੇ ਦੀਆਂ ਤਿਆਰੀਆਂ ਕੁਝ ਨਾਮਧਾਰੀ ਨੌਜਵਾਨਾਂ ਨੇ ਮੇਲੇ ਤੋਂ ਤਕਰੀਬਨ ਇੱਕ ਮਹੀਨਾ ਪਹਿਲਾਂ ਹੀ ਸ਼ੁਰੂ ਕਰ ਦਿੱਤੀਆਂ ਸਨ। ਇਸ ਮੇਲੇ ਬਾਰੇ ਸ਼ੋਸ਼ਲ ਮੀਡੀਆ ਰਾਹੀਂ ਅਤੇ ਵੱਖ-ਵੱਖ ਸ਼ਹਿਰਾਂ ਤੇ ਪਿੰਡਾਂ ਵਿਚ ਫਲੈਕਸ ਲਾ ਕੇ ਮਸ਼ਹੂਰੀ ਕੀਤੀ ਗਈ। ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਦੇ ਵਿਦਿਆਰਥੀਆਂ ਅਤੇ ਇਲਾਕਾ ਸ੍ਰੀ ਭੈਣੀ ਸਾਹਿਬ ਦੇ ਨੇੜੇ-ਤੇੜੇ ਦੀਆਂ ਸਾਹਿਤ ਸਭਾਵਾਂ (ਮਾਛੀਵਾੜਾ, ਸਮਰਾਲਾ, ਰਾਮਪੁਰ, ਪਾਇਲ, ਖੰਨਾ, ਹਰਨਾਮਪੁਰਾ ਆਦਿ) ਨੂੰ ਸੱਦੇ ਭੇਜੇ ਗਏ। ਪੁਸਤਕ ਮੇਲੇ ਦੇ ਸ਼ੋਸ਼ਲ ਮੀਡੀਆ ਪ੍ਰਚਾਰ ਵਿੱਚ ਗੁਰਪ੍ਰੀਤ ਆਰਟਿਸਟ ਬਠਿੰਡਾ, ਦਵਿੰਦਰ ਨਾਗੀ ਕੈਲੀਗ੍ਰਾਫੀ ਲੁਧਿਆਣਾ ਵਾਲੇ, ਜਸਵੰਤ ਜ਼ਫਰ ਅਤੇ ਪਦਮ ਸ੍ਰੀ ਡਾ. ਸੁਰਜੀਤ ਪਾਤਰ ਤੇ ਗੁਰਭੇਜ ਸਿੰਘ ਗੁਰਾਇਆ ਜੀ ਵੱਲੋਂ ਪੰਜਾਬੀ ਪਾਠਕਾਂ ਤੇ ਬੁੱਧੀਜੀਵੀਆਂ ਨੂੰ ਵੀਡੀਓ ਕਲਿਪ ਰਾਹੀਂ ਸੱਦੇ ਦਿੱਤੇ ਗਏ। ਕਵੀਸ਼ਰ ਗੁਰਸੇਵਕ ਸਿੰਘ ਤੇ ਤਰਨ ਸਿੰਘ ਬੱਲ ਵੱਲੋਂ ਪ੍ਰੈਸ ਨੂੰ ਜਾਣਕਾਰੀ ਖ਼ਬਰਾਂ ਦੇਣ ਦਾ ਕੰਮ ਸੰਭਾਲਿਆ ਗਿਆ। ਬਹੁਤ ਸਾਰੇ ਪ੍ਰਕਾਸ਼ਕ 29 ਮਾਰਚ ਸ਼ਾਮ ਤੱਕ ਸ੍ਰੀ ਭੈਣੀ ਸਾਹਿਬ ਪੁੱਜ ਗਏ, ਕੁਝ ਕੁ 30 ਮਾਰਚ ਸਵੇਰੇ ਆ ਗਏ। 30 ਮਾਰਚ ਸਵੇਰ ਤੱਕ ਜਗਜੀਤ ਮੰਦਰ ਸਾਹਮਣੀ ਪਾਰਕ ਟੈਂਟਾਂ ਅਤੇ ਫੁੱਲਾਂ ਦੀ ਸਜਾਵਟ ਨਾਲ ਸੁਸੱਜਿਤ ਸੀ। ਹਰੇਕ ਸਟਾਲ 'ਤੇ ਸੰਬੰਧਿਤ ਪਬਲਿਸ਼ਰ ਦਾ ਫਲੈਕਸ ਲੱਗਾ ਹੋਇਆ ਸੀ। ਇਹ ਸਾਰੇ ਫਲੈਕਸ ਬਹੁਤ ਹੀ ਸੁੰਦਰ ਡਿਜ਼ਾਈਨ ਕੀਤੇ ਹੋਏ ਸਨ। ਜਿਨ੍ਹਾਂ ਦੀ ਪ੍ਰਸੰਸਾ ਪੁਸਤਕ ਮੇਲੇ ਵਿੱਚ ਆਇਆ ਹਰ ਪਾਠਕ ਕਰ ਰਿਹਾ ਸੀ। ਰਾਮ ਸਰੋਵਰ ਦੇ ਗੇਟ ਦੇ ਬਿਲਕੁਲ ਸਾਹਮਣੇ ਪੁਸਤਕ ਮੇਲੇ ਦਾ ਇੱਕ ਬਹੁਤ ਵੱਡਾ ਬੋਰਡ ਲੱਗਾ ਹੋਇਆ ਸੀ। ਉਸ ਦੇ ਸਾਹਮਣੇ ਰੰਗ ਬਿਰੰਗੇ ਫੁੱਲਾਂ ਵਾਲੀ ਖ਼ੂਬਸੂਰਤ ਕਿਆਰੀ ਸੀ। ਇਹ ਜਗ੍ਹਾ ਸਾਰੀ ਪਾਰਕ ਵਿਚੋਂ ਵਧੇਰੇ ਆਕਰਸ਼ਿਤ ਸੀ। ਇੱਥੇ ਪਾਠਕ ਆਉਂਦੇ, ਖਲੋਂਦੇ ਤੇ ਤਸਵੀਰਾਂ ਖਿਚਵਾਉਂਦੇ। ਪੂਰੇ ਪੁਸਤਕ ਮੇਲੇ ਵਾਲੀ ਜਗ੍ਹਾ ਅਤੇ ਪੁਸਤਕ ਮੇਲੇ ਦੇ ਆਲੇ ਦੁਆਲੇ ਵੱਖ-ਵੱਖ ਪ੍ਰਸਿੱਧ ਲੇਖਕਾਂ ਦੇ ਕਿਤਾਬਾਂ ਬਾਰੇ ਖ਼ੂਬਸੂਰਤ ਵਿਚਾਰ ਅਤੇ ਕਵਿਤਾਵਾਂ ਪੰਜਾਬੀ ਤੇ ਹਿੰਦੀ ਵਿੱਚ ਲਿਖ ਕੇ ਲਾਈਆਂ ਗਈਆਂ। ਜਿਨ੍ਹਾਂ ਵਿੱਚੋਂ ਕੁਝ ਇਹ ਹਨ-

ਮੇਰੇ ਦੁੱਖ ਸੁੱਖ ਵੀ ਸਮਝਦੀ ਹੈ ਕਿਤਾਬ
ਮੈਨੂੰ ਅੱਖਰਾਂ ਚੋਂ ਦੇਖਦੀ ਹੈ ਕਿਤਾਬ।
ਟੁੱਟੇ ਤਾਰਾ ਜਾਂ ਫੁੱਲ ਜਾਂ ਹੰਝੂ ਕਿਰੇ
ਆਪਣੇ ਲਫ਼ਜ਼ਾਂ ਚ ਸਾਂਭ ਦੀ ਹੈ ਕਿਤਾਬ।

**ਸੁਰਜੀਤ ਪਾਤਰ**

ਸਮਝਤਾ ਹੈ ਇਸੇ ਸਾਰਾ ਜ਼ਮਾਨਾ
ਕਿਤਾਬੇਂ ਇਲਮੋਂ ਹਿਕਮਤ ਕਾ ਖ਼ਜ਼ਾਨਾ
ਦਿਲੋਂ ਕਾ ਨੂਰ ਹੈ ਅੱਛੀ ਕਿਤਾਬੇਂ
ਚਿਰਾਗੇ ਤੂਰ ਹੈ ਅੱਛੀ ਕਿਤਾਬੇਂ

**-ਜ਼ਫ਼ਰ ਕਮਾਲੀ**

ਕਿਤਾਬਾਂ ਪੜ੍ਹਨ ਵਾਲਾ ਵਿਅਕਤੀ ਇਕ ਜਨਮ ਵਿਚ ਕਈ ਜਨਮ ਜੀਅ ਲੈਂਦਾ ਹੈ ਕਿਉਂਕਿ ਕਿਤਾਬਾਂ ਲਿਖਣ ਵਾਲਿਆਂ ਨੇ ਕਿਤਾਬਾਂ ਵਿੱਚ ਆਪਣੇ ਉਮਰ ਭਰ ਦੇ ਤਜ਼ਰਬੇ ਅਤੇ ਜ਼ਿੰਦਗੀ ਦੇ ਗਹਿਰੇ ਰਾਜ ਲਿਖੇ ਹੁੰਦੇ ਹਨ।

**ਅਗਿਆਤ**

ਕਿਤਾਬੇਂ ਕਰਤੀ ਹੈਂ ਬਾਤੇਂ
ਬੀਤੇ ਜ਼ਮਾਨੇ ਕੀ
ਦੁਨੀਆਂ ਕੀ ਇਨਸਾਨੋਂ ਕੀ
ਆਜ ਕੀ ਕੱਲ੍ਹ ਕੀ
ਏਕ ਏਕ ਪਲ ਕੀ
ਕਿਤਾਬੇਂ ਕੁਛ ਕਹਿਨਾ ਚਾਹਤੀ ਹੈਂ
ਤੁਮਹਾਰੇ ਪਾਸ ਰਹਿਨਾ ਚਾਹਤੀ ਹੈਂ

**ਸਫ਼ਦਰ ਹਾਸ਼ਮੀ**

ਇਨ੍ਹਾਂ ਕਵਿਤਾਵਾਂ ਅਤੇ ਵਿਚਾਰਾਂ ਵਾਲੇ ਫਲੈਕਸਾਂ ਨਾਲ ਪਾਠਕ ਤਸਵੀਰਾਂ ਖਿਚਵਾਉਂਦੇ। ਪੁਸਤਕ ਮੇਲੇ ਦਾ ਸਾਰਾ ਆਲਾ-ਦੁਆਲਾ ਇਨ੍ਹਾਂ ਆਕਰਸ਼ਿਤ ਸੀ ਕਿ ਦਰਸ਼ਕਾਂ ਦੇ ਫ਼ੋਨ ਆਪ ਮੁਹਾਰੇ ਜੇਬ੍ਹਾਂ ਚੋਂ ਨਿਕਲ ਕੇ ਹੱਥਾਂ ਵਿੱਚ ਆ ਜਾਂਦੇ। ਉਹ ਪੁਸਤਕ ਮੇਲੇ ਦੀਆਂ ਤਸਵੀਰਾਂ ਅਤੇ ਵੀਡੀਓਗ੍ਰਾਫੀ ਕਰਦੇ। ਇਸ ਪੁਸਤਕ ਮੇਲੇ ਦੀ ਸ਼ੁਰੂਆਤ 30 ਮਾਰਚ ਨੂੰ ਸਵੇਰੇ 11 ਵਜੇ ਸਤਿਗੁਰੂ ਉਦੇ ਸਿੰਘ ਜੀ ਨੇ ਪ੍ਰਸਿੱਧ ਪੰਜਾਬੀ ਲੇਖਕਾਂ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਪਦਮ ਸ੍ਰੀ ਡਾ. ਸੁਰਜੀਤ ਪਾਤਰ, ਸੁਵਰਨ ਸਿੰਘ ਵਿਰਕ, ਕਹਾਣੀਕਾਰ ਬਲਵਿੰਦਰ ਗਰੇਵਾਲ, ਗੁਰਭੇਜ ਸਿੰਘ ਗੁਰਾਇਆ,

ਹਰਮਹਿੰਦਰ ਸਿੰਘ ਬੇਦੀ, (Vice Chancellor) ਡਾ. ਕੁਲਦੀਪ ਸਿੰਘ, ਸੂਬਾ ਸੁਰਿੰਦਰ ਕੌਰ ਖਰਲ, ਸਰਬ ਸ਼ਕਤੀਮਾਨ ਵਰਤਮਾਨ ਹਿੰਦੁਸਤਾਨ, ਡਾ. ਮਨਜਿੰਦਰ ਸਿੰਘ G.N.D.U, ਡਾ. ਯਾਦਵਿੰਦਰ ਸਿੰਘ ਦਿੱਲੀ, ਪ੍ਰੋ. ਅਵਤਾਰ ਸਿੰਘ, ਡਾ. ਰਜਵੰਤ ਕੌਰ ਵਰਿਆਮ, ਹਰਪਾਲ ਸਿੰਘ ਸੇਵਕ, ਬਲਵਿੰਦਰ ਸੰਧੂ, ਸੰਤ ਨਿਸ਼ਾਨ ਸਿੰਘ ਕਥਾਵਾਚਕ, ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੇ ਪ੍ਰਧਾਨ ਗੁਰਸੇਵਕ ਸਿੰਘ ਕਵੀਸ਼ਰ, ਡਾ. ਲਖਵੀਰ ਸਿੰਘ ਰਾਮਪੁਰਾ ਫੂਲ ਆਦਿ ਦੀ ਮੌਜੂਦਗੀ ਵਿੱਚ ਕੀਤੀ। ਫਿਰ ਸਤਿਗੁਰੂ ਜੀ ਨੇ ਇਕੱਲੇ-ਇਕੱਲੇ ਸਟਾਲ 'ਤੇ ਜਾ ਕੇ ਕਿਤਾਬਾਂ ਨੂੰ ਨਿਹਾਰਿਆ ਤੇ ਪਬਲਿਸ਼ਰਾਂ ਨਾਲ ਵੱਖ-ਵੱਖ ਕਿਤਾਬਾਂ ਬਾਰੇ ਚਰਚਾ ਕੀਤੀ। ਇਸ ਪੁਸਤਕ ਮੇਲੇ ਵਿਚ ਤਿੰਨ ਆਰਟਿਸਟਾਂ ਦਵਿੰਦਰ ਨਾਗੀ ਕੈਲੀਗ੍ਰਾਫੀ, ਪੰਜ ਰੰਗ ਆਰਟਸ ਅਤੇ ਅਮਾਬਲ ਆਰਟਸ ਦੇ ਸਟਾਲ ਸਨ। ਬਾਕੀ ਸਾਰੇ ਸਟਾਲ ਕਿਤਾਬਾਂ ਵਾਲੇ ਪਬਲਿਸ਼ਰਾਂ ਦੇ ਸਨ। ਜਿਨ੍ਹਾਂ ਵਿਚ ਆਰਸੀ, ਨਵਯੁੱਗ, ਨੈਸ਼ਨਲ ਬੁੱਕ ਟਰੱਸਟ, ਔਟਮ ਆਰਟ, ਸਪ੍ਰੈੱਡ ਪਬਲੀਕੇਸ਼ਨ, ਨਵਚੇਤਨਾ, ਵਰਿਆਮ, ਦੀ ਲਿਟਰੇਰੀ ਜਵੈਲਰਜ਼, ਅਹਿਮਦੀਆ ਜਮਾਤ, ਵਰਤਮਾਨ ਹਿੰਦੁਸਤਾਨ, ਸੰਧੂ ਬ੍ਰਦਰਜ਼, ਦਿਲਦੀਪ ਪ੍ਰਕਾਸ਼ਨ, ਬੇਗਮਪੁਰਾ ਬੁੱਕ ਸ਼ਾਪ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਸਾਂਝਾ ਪੰਜਾਬ ਪ੍ਰਕਾਸ਼ਨ, ਕੈਫੇ ਵਰਲਡ ਅਤੇ ਸਤਿਜੁਗ ਦੇ ਸਟਾਲ ਸਨ।

ਸਤਿਗੁਰੂ ਜੀ ਦੇ ਪੰਡਾਲ ਵਿੱਚ ਚਲੇ ਜਾਣ ਤੋਂ ਬਾਅਦ ਪਾਠਕਾਂ ਦੀ ਭੀੜ ਕਿਤਾਬਾਂ ਦੁਆਲੇ ਹੋ ਗਈ। 30 ਮਾਰਚ ਦੇ ਦਿਨ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੈਮੀਨਾਰ ਵੀ ਸੀ ਜੋ ਪ੍ਰਤਾਪ ਮੰਦਰ ਸਾਹਮਣੇ ਫੁੱਟਬਾਲ ਵਾਲੀ ਪਾਰਕ ਵਿੱਚ ਲੱਗੇ ਵਿਸ਼ਾਲ ਪੰਡਾਲ ਅੰਦਰ 12 ਵਜੇ ਸੰਤ ਨਿਸ਼ਾਨ ਸਿੰਘ ਦੇ ਵਿਸ਼ੇਸ਼ ਭਾਸ਼ਣ ਨਾਲ ਸ਼ੁਰੂ ਹੋਇਆ। ਸੰਤ ਜੀ ਤੋਂ ਬਾਅਦ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ. ਮਨਜਿੰਦਰ ਸਿੰਘ, ਪ੍ਰੋ. ਪੰਜਾਬੀ ਵਿਭਾਗ G.N.D.U ਅੰਮ੍ਰਿਤਸਰ, ਡਾ. ਹਰਮਹਿੰਦਰ ਸਿੰਘ ਬੇਦੀ, ਚਾਂਸਲਰ ਕੇਂਦਰੀ ਯੂਨੀਵਰਸਿਟੀ ਧਰਮਸ਼ਾਲਾ (ਹਿਮਾਚਲ ਪ੍ਰਦੇਸ਼), ਡਾ. ਸੁਰਜੀਤ ਪਾਤਰ, ਪ੍ਰੋ. ਅਵਤਾਰ ਸਿੰਘ, ਪੰਜਾਬੀ ਕਵੀ ਬਲਵਿੰਦਰ ਸੰਧੂ ਆਦਿ ਬੁਲਾਰੇ ਸੰਗਤ ਨੂੰ ਸੰਬੋਧਿਤ ਹੋਏ। ਇਸ ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਵਰਨ ਸਿੰਘ ਵਿਰਕ ਹੋਰਾਂ ਨਿਭਾਈ। ਫਿਰ ਪਤਵੰਤੇ ਸੱਜਣਾਂ ਨੂੰ ਸਤਿਗੁਰੂ ਜੀ ਨੇ ਸਿਰੋਪਾਉ ਬਖ਼ਸ਼ਿਸ਼ ਕਰ ਸਨਮਾਨਿਤ ਕੀਤਾ। ਉਪਰੰਤ ਸਤਿਗੁਰੂ ਜੀ ਨੇ ਸਤਿਜੁਗ ਦਾ ਸਲਾਨਾ ਅੰਕ ਅਤੇ ਕੈਲੰਡਰ ਰਿਲੀਜ਼ ਕੀਤਾ।

ਫਿਰ ਸਾਰੇ ਲੇਖਕ ਸ਼ਾਮ ਤੱਕ ਪੁਸਤਕ ਮੇਲੇ ਵਾਲੀ ਜਗ੍ਹਾ 'ਤੇ ਕਿਤਾਬਾਂ ਨਿਹਾਰਦੇ ਗੱਲਾਂ ਕਰਦੇ ਅਤੇ ਆਪਣੇ ਪ੍ਰਸ਼ੰਸਕਾਂ ਨਾਲ ਤਸਵੀਰਾਂ ਖਿਚਵਾਉਂਦੇ ਨਜ਼ਰ ਆਏ। ਪੁਸਤਕ ਮੇਲੇ ਵਿਚ ਸਾਰਾ ਦਿਨ ਗਹਿਗੱਚ ਰੌਣਕ ਬਣੀ ਰਹੀ।

31 ਮਾਰਚ ਪੁਸਤਕ ਮੇਲੇ ਦਾ ਦੂਸਰਾ ਦਿਨ ਸਤਿਜੁਗ ਸ਼ਤਾਬਦੀ ਨੂੰ ਸਮਰਪਿਤ ਸੀ। ਇਸ ਦਿਨ ਸਵੇਰੇ 10 ਵਜੇ ਤੋਂ 12 ਵਜੇ ਤੱਕ ਪੁਸਤਕ ਮੇਲੇ ਦੇ ਨਜ਼ਦੀਕ ਹਰੀਮੰਦਰ ਵਿੱਚ ਗੁਰਪ੍ਰੀਤ ਆਰਟਿਸਟ (ਬਠਿੰਡਾ) ਨੇ ਬੱਚਿਆਂ ਨੂੰ ਪੇਟਿੰਗ ਅਤੇ ਫੋਟੋ ਬਾਰੇ ਕਈ ਨਵੀਆਂ ਜਾਣਕਾਰੀਆਂ ਦਿੱਤੀਆਂ। ਇਸ ਦੋ ਘੰਟੇ ਦੀ ਕਲਾਸ 'ਚ ਬੱਚਿਆਂ ਨੂੰ ਪੇਟਿੰਗ ਕਿਵੇਂ ਕੀਤੀ ਜਾਵੇ? ਫੋਟੋ ਕਿਵੇਂ ਖਿੱਚੀ ਜਾਵੇ? ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਪੰਡਾਲ ਵਿਚ ਸਤਿਜੁਗ ਬਾਰੇ ਸੈਮੀਨਾਰ ਹੋਇਆ। ਇਸ ਸੈਮੀਨਾਰ ਵਿੱਚ ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਸੁਖਦੇਵ ਸਿੰਘ ਸਿਰਸਾ, ਸੁਵਰਨ ਸਿੰਘ ਵਿਰਕ ਅਤੇ ਸੁਰਿੰਦਰ ਕੈਲੇ ਦੇ ਗਿਆਨ ਭਰਪੂਰ ਵਖਿਆਨ ਹੋਏ। ਇਸ ਮੌਕੇ ਪ੍ਰਸਿੱਧ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ, ਬਾਪੂ ਬਲਕੌਰ ਸਿੰਘ, ਡਾ. ਬਲਵਿੰਦਰ ਚਾਹਲ, ਮਾਲਵਿੰਦਰ ਮਾਨ ਆਦਿ ਮੌਜੂਦ ਸਨ। ਅੱਜ ਦੇ ਦਿਨ ਵੱਖ-ਵੱਖ ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਪਾਠਕਾਂ ਨੇ ਇਸ ਪੁਸਤਕ ਮੇਲੇ ਵਿੱਚ ਸ਼ਿਰਕਤ ਕੀਤੀ। ਦਿੱਲੀ ਯੂਨੀਵਰਸਿਟੀ ਤੋਂ 10 ਵਿਦਿਆਰਥੀ ਡਾ. ਰਵੀ ਰਵਿੰਦਰ ਦੇ ਭੇਜੇ ਹੋਏ ਪੁਸਤਕ ਮੇਲੇ ਵਿਚ ਸੇਵਾ ਕਰਦੇ ਵੇਖੇ ਗਏ। ਪੰਡਾਲ ਵਿੱਚ ਸਵੇਰ ਅਤੇ ਸ਼ਾਮ ਦੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰਾਂ ਵੱਲੋਂ ਸੰਗਤ ਨੂੰ ਕਿਤਾਬਾਂ ਖ਼ਰੀਦਣ ਲਈ ਵਿਸ਼ੇਸ਼ ਤੌਰ 'ਤੇ ਪ੍ਰੇਰਿਆ ਜਾਂਦਾ ਰਿਹਾ। 31 ਮਾਰਚ ਨੂੰ ਵੀ ਨਾਮਧਾਰੀ ਸੰਗਤ ਨੇ ਕਿਤਾਬਾਂ ਖ਼ਰੀਦਣ ਵਿੱਚ ਖ਼ਾਸ ਦਿਲਚਸਪੀ ਦਿਖਾਈ। 31 ਮਾਰਚ ਨੂੰ ਸ਼ਾਮ 6 ਵਜੇ ਬਾਹਰੋਂ ਆਏ ਸਾਰੇ ਪਬਲਿਸ਼ਰਾਂ ਨਾਲ ਸ੍ਰੀ ਸਤਿਗੁਰੂ ਜੀ ਨੇ ਇਕ ਯਾਦਗਾਰੀ ਤਸਵੀਰ ਵੀ ਕਰਵਾਈ। ਫਿਰ ਪੁਸਤਕ ਮੇਲਾ ਕਮੇਟੀ ਦੇ ਮੈਂਬਰ ਜਸਵੰਤ ਸਿੰਘ ਮਸਤ (ਸੰਪਾਦਕ ਸਤਿਜੁਗ), ਹਰਕੀਰਤ ਸਿੰਘ ਅਤੇ ਤਰਨ ਸਿੰਘ ਬੱਲ ਤੇ ਹਰਪਾਲ ਸਿੰਘ 'ਸੇਵਕ' ਵੱਲੋਂ ਆਏ ਹੋਏ ਪਬਲਿਸ਼ਰਾਂ ਨੂੰ ਇਕ-ਇਕ ਪੁਸਤਕਾਂ ਦਾ ਸੈੱਟ, ਕੈਲੰਡਰ ਤੇ ਪੁਸਤਕ ਮੇਲੇ ਵਾਲੇ ਯਾਦਗਾਰੀ ਪੈੱਨ ਵੀ ਭੇਟ ਕੀਤੇ ਗਏ। 1 ਅਪ੍ਰੈਲ ਨੂੰ ਸਵੇਰੇ ਆਸਾ ਦੀ ਵਾਰ ਦੇ ਭੋਗ ਮਗਰੋਂ ਪੁਸਤਕ ਮੇਲੇ ਵਾਲੀ ਜਗ੍ਹਾ ਤੇ ਫੇਰ ਖ਼ਾਸੀ ਰੌਣਕ ਸੀ। ਨਾਮਧਾਰੀ ਸੰਗਤਾਂ ਨੇ ਜਾਂਦਿਆਂ-ਜਾਂਦਿਆਂ ਫਿਰ ਕਿਤਾਬਾਂ ਖ਼ਰੀਦੀਆਂ। ਤਕਰੀਬਨ 6 ਕੁ ਵਜੇ ਇਸ ਪੁਸਤਕ ਮੇਲੇ ਦੀ ਸਮਾਪਤੀ ਹੋ ਗਈ।

ਇਸ ਪੁਸਤਕ ਮੇਲੇ ਵਿਚ ਬਾਹਰੋਂ ਆਏ ਪਾਠਕਾਂ ਨੇ ਤਾਂ ਕਿਤਾਬਾਂ ਖ਼ਰੀਦੀਆਂ ਹੀ, ਬਹੁਤ ਸਾਰੀ ਨਾਮਧਾਰੀ ਸੰਗਤ ਨੇ ਇੱਕ-ਇੱਕ, ਦੋ-ਦੋ ਕਿਤਾਬਾਂ ਖ਼ਰੀਦੀਆਂ। ਕਈਆਂ ਨੇ

**ਬਾਕੀ ਸਫ਼ਾ 42 'ਤੇ....**

# 2021 ਈ. ਦਾ ਹੋਲਾ-ਮਹੱਲਾ

**28 ਮਾਰਚ ਤੋਂ 1 ਅਪ੍ਰੈਲ 2021**

**ਆਸਾ ਦੀ ਵਾਰ ਦਾ ਮਨੋਹਰ ਕੀਰਤਨ – ਹੱਲੇ ਦੇ ਦੀਵਾਨ – ਕਥਾ ਕੀਰਤਨ**
**400 ਸਾਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਤੇ ਵਿਦਵਾਨਾਂ ਵੱਲੋਂ ਗੋਸ਼ਟੀਆਂ**
**ਸਤਿਜੁਗ ਨੂੰ ਸਮਰਪਿਤ ਸੈਮੀਨਾਰ – ਕਵੀ ਦਰਬਾਰ – ਪੁਸਤਕ ਮੇਲਾ – ਅਨੰਦ ਕਾਰਜ**
**ਸਤਿਜੁਗ ਦਾ ਅੰਕ ਤੇ ਪੁਸਤਕਾਂ ਰਿਲੀਜ – ਸ੍ਰੀ ਸਤਿਗੁਰੂ ਜੀ ਦਾ ਪਾਵਨ ਪਵਿੱਤਰ ਉਪਦੇਸ਼**
**ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਾਧਾਰਨ ਪਾਠਾਂ ਦੇ ਭੋਗ।**

**ਸ੍ਰੀ ਭੈਣੀ ਸਾਹਿਬ** – ਅੱਜ ਤੋਂ ਸਦੀਆਂ ਪਹਿਲਾਂ ਰਾਜਾ ਹਰਨਾਖਸ਼ ਹੋਇਆ। ਜਿਸ ਨੂੰ ਗ੍ਰੰਥਾਂ ਵਿਚ ਹਿਰਨਕਸ਼ਯਪ ਵੀ ਆਖਿਆ ਹੈ। ਇਹਨੇ ਆਪਣੇ ਪਹਿਲੇ ਜਨਮ ਵਿਚ ਭਗਤੀ ਕਰਕੇ ਭਗਵਾਨ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਫੇਰ ਇਸ ਜਨਮ ਵਿਚ ਆ ਕੇ ਭਗਵਾਨ ਦੇ ਨਾਲ ਹੀ ਟੱਕਰ ਲੈ ਲਈ ਤੇ ਆਪਣਾ ਨਾਂ ਜਪਾਉਣ ਲੱਗਿਆ। ਉਸ ਦੇ ਹੰਕਾਰ ਨੂੰ ਤੋੜਨ ਲਈ ਉਸ ਦੇ ਘਰ ਪ੍ਰਹਿਲਾਦ ਪੈਦਾ ਹੋਇਆ। ਹਰਨਾਖਸ਼ ਨੇ ਭਗਤ ਪ੍ਰਹਿਲਾਦ 'ਤੇ ਅਨੇਕਾਂ ਜ਼ੁਲਮ ਕੀਤੇ। ਉਸ ਨੂੰ ਸਮੁੰਦਰ ਵਿਚ ਡੋਬਣ ਦਾ ਯਤਨ ਕੀਤਾ, ਪਹਾੜਾਂ ਤੋਂ ਸੁੱਟਿਆ, ਪਰ ਭਗਵਾਨ ਨੇ ਉਸ ਨੂੰ ਤੱਤੀ ਵਾ ਨਹੀਂ ਲੱਗਣ ਦਿੱਤੀ। ਹਰਨਾਖਸ਼ ਦੀ ਭੈਣ ਹੋਲਿਕਾ, ਜਿਸ ਨੂੰ ਅੱਗ ਵਿੱਚ ਨਾ ਸੜਨ ਦਾ ਵਰ ਪ੍ਰਾਪਤ ਸੀ। ਭਗਤ ਪ੍ਰਹਿਲਾਦ ਨੂੰ ਉਹ ਆਪਣੀ ਗੋਦ ਵਿੱਚ ਲੈ ਕੇ ਅੱਗ ਵਿੱਚ ਬੈਠ ਗਈ, ਪਰ ਨਤੀਜਾ ਇਹ ਨਿਕਲਿਆ ਕਿ ਹੋਲਿਕਾ ਸੜ ਕੇ ਸੁਆਹ ਹੋ ਗਈ। ਪ੍ਰਹਿਲਾਦ ਬਚ ਗਿਆ। ਉਸ ਪਾਪਣ ਹੋਲਿਕਾ ਦੀ ਸੁਆਹ ਲੋਕਾਂ ਨੇ ਉਡਾਈ। ਉਸ ਦਿਨ ਤੋਂ ਹੋਲੀ ਸਾੜੀ ਜਾਣ ਲੱਗੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਵਾਨ ਕ੍ਰਿਸ਼ਨ ਜੀ ਦੁਆਰਾ ਇਸ ਦਿਨ ਨੂੰ ਹੀ ਮਨਾਏ ਜਾਣ ਦਾ ਵਰਣਨ ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ ਕੀਤਾ ਹੈ–

ਮਾਘ ਬਿਤੀਤ ਭਏ ਰੁਤਿ ਫਾਗੁਨ,
ਆਇ ਗਈ ਸਭ ਖੇਲਤ ਹੋਰੀ॥
ਗਾਵਤ ਗੀਤ ਬਜਾਵਤ ਤਾਲ,
ਕਹੈ ਮੁਖ ਤੇ ਭਰੂਆ ਮਿਲਿ ਹੋਰੀ॥
ਡਾਰਤ ਹੈ ਅਲਿਤਾ ਬਨਿਤਾ,
ਛਟਿਕਾ ਸੰਗਿ ਮਾਰਤ ਬੈਸਨ ਥੋਰੀ॥
ਖੇਲਤ ਸਯਾਮ ਧਮਾਰ ਅਨੂਪ,
ਮਹਾ ਮਿਲਿ ਸੁੰਦਰਿ ਸਾਵਲ ਗੋਰੀ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵਾਂ ਰੂਪ ਦਿੱਤਾ। ਗੁਰੂ ਜੀ ਬੀਰ ਰਸ ਪੈਦਾ ਕਰਨ ਲਈ ਦੋ ਟੋਲੀਆਂ ਵੰਡ ਕੇ ਬਨਾਵਟੀ ਯੁੱਧ ਕਰਦੇ। ਜਿੱਤਣ ਵਾਲੇ ਨੂੰ ਖ਼ੁਸ਼ੀਆਂ ਦੇ ਖਜ਼ਾਨੇ ਬਖ਼ਸ਼ਦੇ। ਹੋਲੇ ਵਾਲੇ ਦਿਨ ਪਿਚਕਾਰੀਆਂ ਭਰਦੇ, ਗੁਲਾਲਾਂ ਉਡਾਉਂਦੇ, ਚਾਰੇ ਪਾਸੇ ਰੰਗ ਹੀ ਰੰਗ ਦਿਖਾਈ ਦੇਂਦਾ। ਭਾਈ ਸੰਤੋਖ ਸਿੰਘ ਜੀ ਇਸ ਖੇਡ ਦਾ ਵਰਨਣ ਕਰਦੇ ਹਨ–

ਹਾਥ ਪਿਚਕਾਰੀ ਸਭ ਹੂ ਭਰ ਲੀਨਿਉਂ।
ਭਲੇ ਭਲੇ ਸਿੱਖ ਆਇ ਧਰਤਿ ਭਗਤ ਭਾਇ।
ਪ੍ਰਿਥਮ ਗੁਰੂ ਕੋ ਪਾਇ ਬੰਦਨਾ ਕੀਨਿਉਂ
ਉਡਯੋ ਏਕ ਬਾਰ ਹੀ ਗੁਲਾਲ ਲਾਲ ਘਟਾ ਮਾਨੋ॥

ਹੋਲੇ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਰੰਭ ਕੀਤੀ। ਹੋਲੇ-ਮਹੱਲੇ 'ਤੇ ਸਿੰਘਾਂ ਵੱਲੋਂ ਮਹੱਲਾ ਕੱਢਿਆ ਜਾਂਦਾ। ਇਸ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹੋਲੇ ਆਰੰਭ ਹੋਏ। ਉਨ੍ਹਾਂ ਨੇ ਸ੍ਰੀ ਭੈਣੀ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਤੇ ਹੋਰ ਵੱਖ-ਵੱਖ ਥਾਵਾਂ 'ਤੇ ਹੋਲੇ ਕਰਵਾਏ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਅੰਗ੍ਰੇਜ਼ ਹਕੂਮਤ ਵੱਲੋਂ ਜ਼ਿਆਦਾ ਸਖ਼ਤਾਈ ਹੋਣ ਕਰਕੇ ਸਿਰਫ਼ 6 ਹੋਲੇ ਹੀ ਮਨਾਏ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ 58 ਹੋਲੇ ਮਨਾਏ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਨੂੰ ਤ੍ਰਿਬੇਣੀ-ਪੁਰਬ ਬਣਾ ਦਿੱਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਇਸ ਮਹਾਨ ਪੁਰਬ ਦੇ ਵਿਚ ਸ਼ਾਮਿਲ ਕਰ ਦਿੱਤਾ। ਤ੍ਰਿਬੇਣੀ-ਪੁਰਬ ਹਰ ਸਾਲ ਦੀ ਤਰ੍ਹਾਂ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ 'ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ 9 ਵੀਂ ਵਾਰ ਮਨਾਇਆ ਗਿਆ। ਜਿਸ ਵਿਚ ਦੇਸ਼ ਦੇ ਵੱਖ-ਵੱਖ ਸਥਾਨਾਂ ਤੋਂ ਸਾਧ ਸੰਗਤ ਨੇ ਆ ਕੇ ਹੋਲੇ ਦੀ ਰੌਣਕ ਨੂੰ ਵਧਾਇਆ।

**ਹੋਲੇ-ਮਹੱਲੇ ਦਾ ਪਹਿਲਾ ਦਿਨ 28-3-2021 ਈ.**

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਇੰਨਾ॥

ਸ਼ਬਦ ਦੇ ਨਾਲ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ, ਹਰਵਿੰਦਰ ਸਿੰਘ ਹਿੰਦਾ, ਉਸਤਾਦ ਸੁਖਵਿੰਦਰ ਸਿੰਘ ਪਿੰਕੀ, ਠਾਕੁਰ ਸਿੰਘ, ਸੰਤਾ ਸਿੰਘ ਤੇ ਅਜੇਪਾਲ ਸਿੰਘ ਨੇ ਮਿਲ ਕੇ ਗਾਇਨ ਕੀਤਾ। ਪਹਿਲਾ ਸ਼ਬਦ- 'ਕੁਚਿਲ ਕਠੋਰ ਕਪਟ ਕਾਮੀ। ਜਿਉ ਜਾਨਹਿ ਤਿਉ ਤਾਰਿ ਸੁਆਮੀ॥' ਤਿੰਨ ਤਾਲਾਂ ਵਿੱਚ ਗਾਇਨ ਕੀਤਾ। ਦੂਸਰਾ ਸ਼ਬਦ- 'ਮੇਰੇ ਮਨ ਰਾਮ ਨਾਮਿ ਚਿਤੁ ਲਾਇ॥' ਗਾਇਨ ਕੀਤਾ। ਅੰਮ੍ਰਿਤ ਵੇਲੇ ਜਪ ਪ੍ਰਯੋਗ ਦੀ ਅਰਦਾਸ 4 ਵਜੇ ਸੂਬਾ ਬਲਵਿੰਦਰ ਸਿੰਘ ਨੇ ਕੀਤੀ। ਗੁਰਬਾਣੀ ਦਾ ਨਿਰੰਤਰ ਕੀਰਤਨ 6:30 ਵਜੇ ਤੱਕ ਚਲਦਾ ਰਿਹਾ। ਸੰਗਤਾਂ ਵਾਰੋ-ਵਾਰੀ ਕਤਾਰਾਂ ਵਿੱਚ ਆ ਕੇ ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨਾਂ ਦਾ ਆਨੰਦ ਮਾਣ ਰਹੀਆਂ ਸੀ। ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਕਰ ਅਰਦਾਸ ਕੀਤੀ। ਇਸ ਦੇ ਕੁਝ ਮਿੰਟਾਂ ਬਾਅਦ ਹੀ ਵਾਰ ਦੀ ਸਮਾਪਤੀ ਦੀ ਅਰਦਾਸ ਵੀ ਹੋ ਗਈ। ਉਪਰੰਤ ਸੂਬਾ ਜੀ ਨੇ ਦਿਨ ਵੇਲੇ ਲੱਗਣ ਵਾਲੇ ਹੱਲੇ ਦੇ ਦੀਵਾਨਾਂ ਦੀ ਜਾਣਕਾਰੀ ਦਿੱਤੀ। **ਸੰਤ ਨਿਸ਼ਾਨ ਸਿੰਘ ਜੀ ਨੇ ਵਾਰ ਦੇ ਭੋਗ ਤੋਂ** ਬਾਅਦ ਹੋਲੇ-ਮਹੱਲੇ ਬਾਰੇ ਬੋਲਦਿਆਂ ਕਿਹਾ ਕਿ ਮੰਤਰ ਨੂੰ ਉੱਚੀ ਨਹੀਂ ਜਪਿਆ ਜਾਂਦਾ। ਮੰਤਰ ਤੋਂ ਭਾਵ ਗੁਪਤ ਹੁੰਦਾ ਹੈ। ਉਹ ਗੁਪਤ ਸਲਾਹ ਵੀ ਹੋ ਸਕਦਾ ਹੈ, ਮੰਤਰ ਵੀ ਹੋ ਸਕਦੀ ਹੈ। ਭਗਤ ਪ੍ਰਹਿਲਾਦ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਭਗਵਾਨ ਦੀ ਕਿਰਪਾ ਨਾਲ ਉਹ ਬਚ ਗਿਆ। ਪ੍ਰਹਿਲਾਦ ਨੇ ਭਗਵਾਨ ਨੂੰ ਅਰਜ਼ ਕੀਤੀ, ਜਿਨ੍ਹਾਂ-ਜਿਨ੍ਹਾਂ ਨੇ ਮੇਰੇ ਤੇ ਇੰਨੇ ਜ਼ੁਲਮ ਕੀਤੇ ਹਨ, ਮਾਰਨ ਦਾ ਯਤਨ ਕੀਤਾ ਹੈ, ਜੇ ਕਿਸੇ ਵੀ ਪ੍ਰਤੀ ਮੇਰੇ ਅੰਦਰ ਵੈਰ-ਭਾਵਨਾ ਨਹੀਂ ਹੈ ਤਾਂ ਕਿਰਪਾ ਕਰਕੇ ਮੇਰੇ, ਗੁਰੂ ਵਿਦਿਆ ਦਾਤੇ ਨੂੰ, ਜੀਵਨ ਦਾਨ ਬਖ਼ਸ਼ੋ। "ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥" ਅਨੁਸਾਰ ਜਦੋਂ ਵੀ ਕਿਸੇ ਨੂੰ ਸਤਾਇਆ ਜਾਂਦਾ ਹੈ, ਉਦੋਂ ਹੀ ਪਰਮਾਤਮਾ ਕਿਸੇ ਨਾ ਕਿਸੇ ਰੂਪ ਵਿੱਚ ਸਹਾਇਤਾ ਕਰਦਾ ਹੈ। ਇਸਨੂੰ ਹੋਲੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਕਰਕੇ ਇਸ ਤਿਉਹਾਰ ਦੀ ਆਰੰਭਤਾ ਹੋਈ। ਇਸਨੂੰ ਰੰਗਾਂ ਦਾ ਤਿਉਹਾਰ ਆਖਿਆ ਜਾਂਦਾ ਹੈ। ਅਸਲ ਵਿੱਚ ਭਾਵ ਇਹ ਸੀ ਕਿ ਸੰਸਾਰ ਦੇ ਰੰਗਾਂ ਤੋਂ ਉੱਪਰ ਉੱਠ ਕੇ, ਉਸ਼ ਪਰਮੇਸਰ ਦੇ ਰੰਗਾਂ ਵਿਚ ਰੰਗਿਆ ਜਾਵੇ, ਪਰ ਹੌਲੀ-ਹੌਲੀ ਇਸ ਤਿਉਹਾਰ ਵਿਚ ਮਿਲਾਵਟ ਆਈ। ਸਤ ਸੰਗਤ ਮੇਲਾ ਫਿਰ ਸੰਸਾਰ ਦਾ ਮੇਲਾ ਬਣ ਜਾਂਦਾ ਹੈ ਫਿਰ ਇਹ ਮੈਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਉਸ ਮੈਲ ਨੂੰ ਕੱਢਣ ਲਈ ਸਤਿਗੁਰੂ ਜੀ ਅਵਤਾਰ ਧਾਰਨ ਕਰਦੇ ਹਨ। ਇਕ ਨਵੀਂ ਰੌਸ਼ਨੀ ਤਿਉਹਾਰਾਂ ਨੂੰ ਬਖਸ਼ਦੇ ਹਨ। ਖਾਲਸਾ ਸਾਜਣ ਦੇ ਦੋ ਸਾਲ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਸੋਚਿਆ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਗ਼ੈਰਤ ਪੈਦਾ ਹੋਣੀ ਚਾਹੀਦੀ ਹੈ। ਗੁਰੂ ਜੀ ਨੇ ਹੋਲੀ ਨੂੰ ਹੋਲੇ ਵਿੱਚ ਤਬਦੀਲ ਕੀਤਾ। ਇਸ ਲਈ ਗੁਰੂ ਜੀ ਦਾ ਜੰਗਾਂ ਯੁੱਧਾਂ ਵਿਚ ਸਮਾਂ ਬਤੀਤ ਹੋਇਆ। ਸਤਿਗੁਰੂ ਬਾਲਕ ਸਿੰਘ ਜੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦਾ ਸਮਾਂ ਆਇਆ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਸੌਂਪੀ ਤੇ ਸਤਿਗੁਰੂ ਜੀ ਨੇ ਸੰਸਾਰ ਤੇ ਕਿਰਪਾ ਕੀਤੀ ਤੇ ਵੱਡੇ ਵੱਡੇ ਸਾਧੂ ਭਾਈ ਬੈਂਕਾ ਜੀ, ਰਾਮ ਸਹਾਇ ਜੀ ਵਰਗੇ ਤ੍ਰੈਕਾਲ ਦਰਸ਼ੀ ਸਿੱਖ ਪੈਦਾ ਕੀਤੇ। ਸਤਿਗੁਰੂ ਰਾਮ ਸਿੰਘ ਜੀ ਨੇ ਖੋਟੇ ਪਿੰਡ ਤੋਂ ਅਨੰਦ ਕਾਰਜ ਦੀ ਮਰਿਯਾਦਾ ਆਰੰਭ ਕੀਤੀ ਤੇ ਸਰਕਾਰ ਨੇ ਸਤਿਗੁਰੂ ਜੀ ਤੇ ਪਾਬੰਦੀਆਂ ਲਾ ਦਿਤੀਆਂ। ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ ਕਿ ਸਭ ਤੋਂ ਪਹਿਲਾਂ ਨਾਮ ਜਪ ਕੇ ਆਤਮਾ ਉੱਚੀ ਹੋਣੀ ਚਾਹੀਦੀ ਹੈ। ਤਦ ਹੀ ਦੇਸ਼ ਕੌਮ ਦਾ ਭਲਾ ਹੋ ਸਕਦਾ ਹੈ। ਪਹਿਲਾ ਹੋਲਾ 1867 ਈ. ਵਿਚ ਸਤਿਗੁਰੂ ਜੀ ਨੇ ਮਨਾਉਣ ਦੀ ਕ੍ਰਿਪਾ ਕੀਤੀ। 1872 ਈ. ਦਾ ਹੋਲਾ ਮਨਾਉਣ ਤੋਂ ਪਹਿਲਾਂ ਹੀ ਸਤਿਗੁਰੂ ਜੀ ਨੂੰ ਜਲਾਵਤਨ ਕੀਤਾ ਗਿਆ। ਸਤਿਗੁਰੂ ਹਰੀ ਸਿੰਘ ਜੀ ਨੇ 1899 ਤੋਂ 1906 ਈ. ਤੱਕ 8 ਹੋਲੇ ਕੀਤੇ।

**ਦਿਨ ਵੇਲੇ ਹੱਲੇ ਦੇ ਦੀਵਾਨ**

ਅੱਜ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਪੁਰਬ ਦਾ ਦਿਨ ਸੀ। ਇਸ ਕਰਕੇ ਅੱਜ ਦੇ ਦੀਵਾਨ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਸਨ। ਅੱਜ ਹੱਲੇ ਦੇ ਦੀਵਾਨ ਸਿਮਰਤੀ ਮੰਦਰ ਵਿੱਚ ਸਜਾਏ ਗਏ। ਵੱਖ-ਵੱਖ ਜਥੇਦਾਰਾਂ ਨੇ ਹੱਲੇ ਦੇ ਦੀਵਾਨ ਸਜਾ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਚਾਨਣਾ ਪਾਇਆ।

**ਜਥੇ. ਪਿਆਰਾ ਸਿੰਘ** ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਹੱਲੇ ਦਾ ਦੀਵਾਨ ਸਜਾ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਇੱਕ ਸਿੱਖ ਰਾਮ ਸਹਾਏ ਦਾ ਪ੍ਰਸੰਗ ਸੁਣਾਇਆ। ਜਥੇ. ਜੀ ਨੇ ਦੱਸਿਆ ਕਿ ਕਿਸ ਤਰ੍ਹਾਂ ਸਤਿਗੁਰੂ ਬਾਲਕ ਸਿੰਘ ਜੀ ਨੇ ਉਸ ਸਿੱਖ ਤੇ ਕਿਰਪਾ ਕੀਤੀ, ਦਰਸ਼ਨ ਦੇ ਕੇ ਭਜਨ ਦਿੱਤਾ। ਧਾਰਨਾ ਸੀ-

ਗੁਰ ਜੈਸਾ ਨਾਹੀ ਕੋ ਦੇਵ॥

**ਜਥੇ. ਬਲਬੀਰ ਸਿੰਘ ਯੂ.ਪੀ.** 'ਸੰਤ ਸਹਾਈ ਰਾਮ ਕੇ ਕਰ ਕਿਰਪਾ ਦੀਆ ਮਿਲਾਇ।' ਧਾਰਨਾ ਲਾ ਕੇ ਜਥੇਦਾਰ ਜੀ ਨੇ ਸਤਿਗੁਰੂ ਜੀ ਦੇ ਕੌਤਕਾਂ ਦਾ ਵਰਣਨ ਕੀਤਾ। ਇੱਕ ਸਿੱਖ ਧਨੀ ਰਾਮ ਦਾ ਜੀਵਨ ਬਿਆਨ ਕੀਤਾ ਤੇ ਉਸ ਸਿੱਖ ਦੇ ਮਨ ਵਿਚੋਂ ਆਵਾਜ ਆਈ 'ਮੇਰਾ ਸਤਿਗੁਰ ਜਿਹਾ ਨਾ ਕੋਈ ਮੈਂ ਸਾਰਾ ਜੱਗ ਢੂੰਡ ਦੇਖਿਆ।

**ਰਾਗੀ ਮਨਜੀਤ ਸਿੰਘ** ਦਿੱਲੀ ਵਾਲਿਆਂ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣੇ ਸਮੇਂ ਵਿੱਚ ਸਾਜੀ ਸਿੱਖੀ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕੀਤਾ। ਉਹਨਾਂ ਦੱਸਿਆ ਕਿ ਸਤਿਗੁਰੂ ਨੇ ਇਕ ਨਹੀਂ, ਦੋ ਨਹੀਂ, ਅਨੇਕਾਂ ਹੀ ਸਿੱਖਾਂ ਨੂੰ ਭਜਨ ਦੇ ਕੇ ਆਪਣੇ ਚਰਨਾਂ ਨਾਲ ਜੋੜਿਆ।

**ਜਥੇ. ਨਿਸ਼ਾਨ ਸਿੰਘ ਦਿੱਲੀ** ਵਾਲਿਆਂ ਨੇ ਹੱਲੇ ਦਾ ਦੀਵਾਨ ਇਸ ਧਾਰਨਾ ਨਾਲ ਸਜਾਇਆ। 'ਸਤਿ ਪੁਰਖੁ ਜਿਨ ਜਾਨਿਆ, ਸਤਿਗੁਰੁ ਤਿਸ ਕਾ ਨਾਉ॥' ਉਨ੍ਹਾਂ ਦੱਸਿਆ ਕਿ ਸਤਿਗੁਰੂ ਜੀ ਦਾ ਧਿਆਨ ਬਚਪਨ ਤੋਂ ਹੀ ਪ੍ਰਮੇਸ਼ਰ ਨਾਲ ਜੁੜਿਆ ਹੋਇਆ ਸੀ। ਨਾਮ ਜਪ ਕੇ ਪਰਮੇਸ਼ਰ ਦਾ ਹੀ ਰੂਪ ਹੋ ਗਏ। ਕਬੀਰ ਜੀ ਫੁਰਮਾਉਂਦੇ ਹਨ- 'ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥' ਜਿਹੜਾ ਹਰ ਥਾਂ ਰਮਿਆ ਹੋਇਆ ਹੈ, ਜਿਸ ਨੂੰ ਉਸ ਨੇ ਜਾਣ ਲਿਆ ਉਹ ਸਤਿਗੁਰੂ ਹੈ। ਕੋਈ ਐਸੀ ਜਗ੍ਹਾ ਨਹੀਂ ਜਿਥੇ ਉਹ ਨਹੀਂ ਹੈ। ਉਨ੍ਹਾਂ ਨੇ ਸੰਤ ਰਾਮ ਸਹਾਇ ਦਾ ਜੀਵਨ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**ਸੰਤ ਗੁਰੂਬਚਨ ਸਿੰਘ ਚੰਡੀਗੜ੍ਹ** ਨੇ ਦੱਸਿਆ ਕਿ ਧਰਤੀ ਲਗਾਤਾਰ ਸੂਰਜ ਦੀ ਪ੍ਰਕਰਮਾ ਕਰ ਰਹੀ ਹੈ। ਸੂਰਜ ਦੇ ਦੁਆਲੇ ਘੁੰਮ ਰਹੀ ਹੈ। ਇਸ ਕਾਰਨ ਹੀ ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਸਾਰੀਆਂ ਰੁੱਤਾਂ ਦੇ ਫਲ ਹੁੰਦੇ ਹਨ। ਇਸ ਕਰਕੇ ਇਸ ਨੂੰ 'ਫਲਗੁਣ' ਆਖਿਆ ਜਾਂਦਾ ਹੈ। ਇਨਸਾਨ ਦੀ ਦ੍ਰਿਸ਼ਟੀ ਸਮਾਨ ਹੋਣੀ ਚਾਹੀਦੀ ਹੈ। ਦੁੱਖ ਆ ਜਾਵੇ ਬਹੁਤ ਵਧੀਆ ਹੈ। ਗੁਰਬਾਣੀ ਵਿੱਚ ਅੰਕਿਤ ਹੈ 'ਦੁਖ ਦਾਰੂ ਸੁਖ ਰੋਗ ਭਇਆ' 'ਸੁਖ ਦੁਖ ਦੋਨੋ ਸਮ ਕਰ ਜਾਣੈ' ਮਨ ਦੀ ਅਵਸਥਾ ਇਸ ਤਰ੍ਹਾਂ ਦੀ ਹੀ ਹੋਣੀ ਚਾਹੀਦੀ ਹੈ।

**ਦੁਪਹਿਰ ਦਾ ਨਿਤਨੇਮ ਤੇ ਕੀਰਤਨ** ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਦੁਪਹਿਰ ਦੇ ਨਿਤਨੇਮ ਦੀ ਅਰਦਾਸ ਹੋਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਸਾਰੀ ਸੰਗਤ ਵਾਰੋ-ਵਾਰੀ ਆ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕਰ ਪੰਡਾਲ ਵਿੱਚ ਸਜ ਗਈ। ਬੀਬੀ ਅਵਤਾਰ ਕੌਰ ਤੇ ਛੋਟੇ ਬੱਚਿਆਂ ਨੇ ਮਿਲ ਕੇ ਸ਼ਬਦ ਗਾਇਨ ਕੀਤਾ। ਉਸਤਾਦ ਸੁਖਵਿੰਦਰ ਸਿੰਘ ਪਿੰਕੀ, ਉਸਤਾਦ ਸੁਰਜੀਤ ਸਿੰਘ ਜੀ ਨੇ ਸਾਥ ਦਿੱਤਾ। ਸ਼ਬਦ ਸੀ 'ਤੁਮ ਹੋ ਸਭ ਰਾਜਨ ਕੇ ਰਾਜਾ', 'ਸੁਣ ਸਖੀਏ ਮੇਰੀ ਨੀਦ ਭਲੀ', 'ਅਤਿ ਪ੍ਰੀਤਮ ਮਨਮੋਹਣਾ ਘਟਿ ਸੋਹਣਾ ਪ੍ਰਾਣ ਅਧਾਰਾ ਰਾਮ॥' ਅਰਦਾਸ ਦੇ ਨਾਲ ਅੱਜ ਦੇ ਕੀਰਤਨ ਦੀ ਸਮਾਪਤੀ ਹੋਈ ਤੇ ਨਾਲ ਹੀ ਰਾਤ ਦੇ ਦੀਵਾਨਾਂ ਬਾਰੇ ਦੱਸਿਆ ਗਿਆ।

**ਰਾਤ ਦੇ ਦੀਵਾਨ** ਕਵੀਸ਼ਰ ਜਰਨੈਲ ਸਿੰਘ, ਗੁਰਜੀਤ ਸਿੰਘ ਤੇ ਗੁਰਦੇਵ ਸਿੰਘ ਸ਼ੌਂਕੀ ਨੇ ਮਿਲ ਕੇ ਛੰਦਾਬੰਦੀ ਵਿੱਚ ਸਤਿਗੁਰੂ ਬਾਲਕ ਸਿੰਘ ਜੀ ਦਾ ਇਤਿਹਾਸ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**ਕਵੀਸ਼ਰ ਗੁਰਲਾਲ ਸਿੰਘ**, ਗੁਲਾਬ ਸਿੰਘ, ਗੁਰਭਗਤ ਸਿੰਘ ਤੇ ਰਣਜੀਤ ਸਿੰਘ ਗਿੱਲ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਕੀਤੇ ਪਰਉਪਕਾਰਾਂ ਨੂੰ ਛੰਦਾ ਬੰਦੀ ਵਿੱਚ ਪੇਸ਼ ਕੀਤਾ। ਸ੍ਰੀ ਸਤਿਗੁਰੂ ਜੀ ਦੇ ਇਕ ਸਿੱਖ ਦੇ ਜੀਵਨ ਤੇ ਚਾਨਣ ਪਾਇਆ।

**ਜਥੇ. ਦਰਸ਼ਨ ਸਿੰਘ ਦਿੱਲੀ** ਵਾਲਿਆਂ ਨੇ 'ਆਜੁ ਹਮਾਰੈ ਮੰਗਲਚਾਰ' ਸ਼ਬਦ ਸੁਣਾ ਕੇ ਗੁਰੂ ਜੀ ਦੀ ਮਹਾਨਤਾ ਬਾਰੇ ਚਾਨਣਾ ਪਾਇਆ।

### ਹੋਲੇ ਮਹੱਲੇ ਦਾ ਦੂਸਰਾ ਦਿਨ 29-3-2021

ਅੱਜ ਹੋਲੇ ਮਹੱਲੇ ਦੇ ਦੂਸਰੇ ਦਿਨ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਅੰਮ੍ਰਿਤ ਵੇਲੇ 4 ਵਜੇ ਗੁਰਬਾਣੀ ਦੇ ਸ਼ਬਦਾਂ ਦੇ ਸੁਮੇਲ ਰਾਹੀਂ ਤੰਤੀ ਸਾਜ਼ਾਂ ਦੇ ਨਾਲ ਗਾਇਨ ਕੀਤਾ। ਸ਼ਬਦ ਸਨ-

'ਰਾਖੁ ਰਾਖੁ ਮੇਰੇ ਬੀਠੁਲਾ ਜਨ ਸਰਣਿ ਤੁਮਾਰੀ॥'

'ਜੇਹਾ ਸਤਿਗੁਰ ਕਰਿ ਜਾਨਿਆ ਤੇਹੋ ਜਿਹਾ ਸੁਖ ਹੋਇ॥

ਅੱਜ ਦੀ ਵਾਰ ਸਿਮਰਤੀ ਮੰਦਿਰ ਵਿਚ ਸਜਾਈ ਗਈ। ਸਾਧ ਸੰਗਤ ਦੂਰ ਦੁਰਾਡੇ ਤੋਂ ਆ ਕੇ ਸਣਕੇਸੀ ਇਸ਼ਨਾਨ ਕਰ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ ਰਹੀ ਸੀ। ਬਸੰਤ ਦੀ ਵਾਰ ਗਾਇਨ ਕੀਤੀ ਗਈ। ਚੰਡੀ ਦੀ ਵਾਰ ਦੇ ਪਾਠ ਦਾ ਸਮਾਂ ਹੋ ਚੁੱਕਾ ਸੀ। ਆਸਾ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਦੇ ਨਾਲ ਹੀ ਅੱਜ ਦੇ ਦੀਵਾਨਾਂ ਬਾਰੇ ਦੱਸਿਆ ਗਿਆ।

**ਸੰਤ ਹਰਪਾਲ ਸਿੰਘ ਸੇਵਕ** ਨੇ ਸ੍ਰੀ ਸਤਿਗੁਰੂ

ਜਗਜੀਤ ਸਿੰਘ ਦਾ ਹਰਜਸ ਕਰਦਿਆਂ ਕਿਹਾ ਕਿ ਸਤਿਗੁਰੂ ਜੀ ਪੌਣੇ 39 ਸਾਲ ਦੀ ਉਮਰ ਵਿਚ ਰਾਜਯੋਗ ਗੁਰਗੱਦੀ 'ਤੇ ਬਿਰਾਜਮਾਨ ਹੋਏ। ਇਹ ਇੱਕ ਅਖੰਡ ਜੋਤ ਹੈ।

ਸਤਿਗੁਰੂ ਕਦੀ ਸ਼ਾਂਤ ਸਰੂਪ ਤੇ ਕਦੀ ਤੇਜਸਵੀ ਸਰੂਪ ਵਿੱਚ ਪ੍ਰਗਟ ਹੋਏ। ਸਤਿਗੁਰੂ ਹਰੀ ਸਿੰਘ ਜੀ ਸ਼ਾਂਤ ਸਰੂਪ ਸਨ। ਸਤਿਗੁਰੂ ਪ੍ਰਤਾਪ ਸਿੰਘ ਦੀ ਅਟੱਲ ਪ੍ਰਤਾਪੀ ਅਖਵਾਏ। ਉਨ੍ਹਾਂ ਨੇ ਦੌਰੇ ਕਰਨੇ ਆਰੰਭ ਕੀਤੇ। ਸ੍ਰੀ ਸਤਿਗੁਰੂ ਜੀ ਦੇ ਸਮੇਂ ਅਨੇਕਾਂ ਵੱਡੇ-ਵੱਡੇ ਸਾਧੂ ਹੋਏ। ਕਈ ਵਾਰੀ ਸਵਾ-ਸਵਾ ਲੱਖ ਪਾਠ ਤੇ 500 ਅਖੰਡ ਪਾਠ ਕਰਵਾਏ। ਗੁਰੂ ਨਾਨਕ ਨਾਮ ਲੇਵਾ ਕਾਨਫ਼ਰੰਸ ਕਰਵਾਈ। ਬਹੁਤ ਸਾਰੀਆਂ ਸੰਸਥਾਵਾਂ ਨੂੰ ਇਕ ਲੜੀ ਵਿੱਚ ਪਰੋ ਦਿੱਤਾ। ਉਨ੍ਹਾਂ ਨੇ ਵੱਡੇ ਜਪ-ਤਪ ਕੀਤੇ। ਉਨ੍ਹਾਂ ਦਾ ਸਾਰਾ ਜੀਵਨ ਸੰਘਰਸ਼ ਵਿੱਚ ਬਤੀਤ ਹੋਇਆ ਅਤੇ ਉਨ੍ਹਾਂ ਨੇ ਏਨੇ ਸੰਘਰਸ਼ ਦੇ ਬਾਵਜੂਦ ਨਾਮਧਾਰੀਆਂ ਨੂੰ ਪਰਮ ਸੁੱਖ ਦਿੱਤੇ। ਉਨ੍ਹਾਂ ਦਾ ਵਿਚਾਰ ਸੀ ਕਿ ਹਰ ਨਾਮਧਾਰੀ ਬੱਚੇ ਵਿੱਚੋਂ ਸੰਗੀਤ ਦੀ ਖੁਸ਼ਬੂ ਆਉਣੀ ਚਾਹੀਦੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ 22 ਨਵੰਬਰ 1920 ਈ. ਨੂੰ ਹੋਇਆ ਤਾਂ ਸਤਿਗੁਰੂ ਪ੍ਰਤਾਪ ਸਿੰਘ ਹੁਕਮ ਕੀਤਾ ਮੈਨੂੰ ਕੋਈ ਚਿੰਤਾ ਨਹੀਂ ਹੈ ਵੱਡਾ ਕਾਕਾ ਸਮਰੱਥ ਹੈ। ਉਹ ਬਹੁਤ ਸਿਆਣਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ ਜਿਸ ਤਰ੍ਹਾਂ ਬੱਚਾ ਪਿਤਾ ਦੀ ਉਂਗਲ ਫੜ ਕੇ ਮੇਲੇ ਦਾ ਅਨੰਦ ਮਾਣਦਾ ਹੈ। ਉਸੇ ਤਰ੍ਹਾਂ ਸਤਿਗੁਰੂ ਸਿੱਖ ਦਾ ਹੱਥ ਫੜ ਕੇ ਸਿੱਖੀ ਨਿਭਾਉਂਦਾ ਹੈ। ਉਨ੍ਹਾਂ ਨੇ ਛੋਟੇ-ਛੋਟੇ ਬਚਨਾਂ ਨਾਲ ਸਿੱਖੀ ਸਮਝਾਈ। ਸਤਿਗੁਰੂ ਜੀ ਨੇ ਮਾਂ-ਪਿਓ ਤੇ ਗੁਰੂ ਵਾਂਗ ਨਿਵਾਜਿਆ। ਵਰਿਆਮ ਸਿੰਘ ਸੰਧੂ ਦੇ ਸ਼ਬਦਾਂ ਵਿਚ ਸਿਰਫ਼ ਇੱਕੋ-ਇੱਕ ਨਾਮਧਾਰੀ ਸੰਪਰਦਾ ਹੈ, ਜਿਨ੍ਹਾਂ ਦੇ ਸਤਿਗੁਰੂ ਦਾ ਪਰਿਵਾਰ ਵਾਂਗ ਰਿਸ਼ਤਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕੀਤਾ ਜਿਹੜਾ ਬਾਣਾ ਬਖ਼ਸ਼ਿਆ, ਉਹ ਪਾ ਲੈਂਦੇ ਹਾਂ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਰੂਪ ਹੋ ਜਾਂਦੇ ਹਾਂ। ਹੁਕਮ ਅਨੁਸਾਰ ਰਹਾਂਗੇ, ਉਨ੍ਹਾਂ ਵਾਂਗ ਹੀ ਲੱਗਾਂਗੇ। ਇਸ ਤਰ੍ਹਾਂ ਸੰਤ ਹਰਪਾਲ ਸਿੰਘ ਦੇ ਸਤਿਗੁਰੂ ਜਗਜੀਤ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੇਕਾਂ ਪਰਉਪਕਾਰਾਂ ਵਿੱਚੋਂ ਕੁਝ ਕੁ ਪਰਉਪਕਾਰ ਸੁਣਾ ਕੇ ਸਾਧ-ਸੰਗਤ ਨੂੰ ਨਿਹਾਲ ਕੀਤਾ।

**ਹੋਲੇ ਦੇ ਦੀਵਾਨ–** ਅੱਜ ਦੇ ਦੀਵਾਨਾਂ ਦੀ ਸ਼ੁਰੂਆਤ **ਜਥੇ. ਬਲਦੇਵ ਸਿੰਘ ਲੁਧਿਆਣਾ** ਨੇ ਕੀਤੀ। ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੋਏ ਹੋਲਿਆਂ ਦਾ ਵਰਣਨ ਕੀਤਾ। ਧਾਰਨਾ ਸੀ–

'ਮੈ ਜਾਵਾਂ ਸਦਕੇ, ਵੇਲੇ ਤੜਕੇ, ਪੁਰੀ ਆਨੰਦ ਕੇ ਮਾਹਿ ਗੁਰੂ।' **ਜਥੇ. ਅਮਰੀਕ ਸਿੰਘ** ਸ੍ਰੀ ਭੈਣੀ ਸਾਹਿਬ ਨੇ 'ਹੋਲੀ ਕੀਨੀ ਸੰਤ ਸੇਵ'- ਧਾਰਨਾ ਲਾ ਕੇ ਦੀਵਾਨ ਸਜਾਇਆ। ਦੂਸਰੀ ਧਾਰਨਾ ਸੀ–

'ਆਜੁ ਹਮਾਰੈ ਮੰਗਲਚਾਰ॥' ਉਨ੍ਹਾਂ ਦੱਸਿਆ ਕਿ ਗੁਰੂ ਦਾ ਸਿੱਖ ਸਦਾ ਹੀ ਅਨੰਦ ਵਿਚ ਹੈ। **ਜਥੇ. ਹਰਪ੍ਰੀਤ ਸਿੰਘ ਪਾਨੀਪਤ** ਨੇ 'ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ' ਧਾਰਨਾ ਲਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕੀਤੇ ਹੋਲਿਆਂ ਦਾ ਵਰਣਨ ਕੀਤਾ। **ਜਥੇ. ਵੀਰ ਸਿੰਘ ਸ਼ਹਿਜ਼ਾਦਾ** ਨੇ

'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥' ਅਤੇ **ਜਥੇ. ਸੁਰਜੀਤ ਸਿੰਘ ਮੁਸਤਫਾਪੁਰ** ਵਾਲਿਆਂ ਨੇ 'ਮੈ ਵੇਖੀ ਦੁਨੀਆਂ ਤੋਂ ਗੁਰੂ ਘਰ ਦੀ ਸ਼ਾਨ ਉਚੇਰੀ' ਧਾਰਨਾ ਲਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਪਰਉਪਕਾਰਾਂ ਦਾ ਵਰਣਨ ਕੀਤਾ।

**ਪੰਡਿਤ ਯਾਦਵਿੰਦਰ ਸਿੰਘ ਝੱਲ** ਨੇ ਕਥਾ ਕੀਤੀ ਤੇ ਕਿਹਾ ਸੰਸਾਰ ਵਿੱਚ ਜੋ ਕੁਝ ਵੀ ਪ੍ਰਾਪਤ ਕਰ ਲਿਆ ਜਾਵੇ। ਉਹ ਹਮੇਸ਼ਾਂ ਮਨ ਨੂੰ ਸੁੱਖ ਨਹੀਂ ਦਿੰਦਾ। ਇਹ ਇੱਕ ਦਿਨ ਨਸ਼ਟ ਹੋ ਜਾਂਦਾ ਹੈ ਹਮੇਸ਼ਾਂ ਨਹੀਂ ਰਹਿੰਦਾ। ਜੋ ਚੀਜ਼ ਅੱਜ ਸਾਡੇ ਕੋਲ ਸੁੱਖ ਜਾਪਦੀ ਹੈ। ਉਹ ਕੁਝ ਦਿਨਾਂ ਬਾਅਦ ਦੁੱਖ ਵਿੱਚ ਬਦਲ ਜਾਂਦੀ ਹੈ। ਜਿਨ੍ਹਾਂ ਸੰਬੰਧਾਂ ਨੂੰ ਅਸੀਂ ਘੁੱਟ ਕੇ ਫੜਨ ਦਾ ਯਤਨ ਕਰਦੇ ਹਾਂ। ਇਹ ਪਰਿਵਾਰਕ ਸਬੰਧ ਹੀ ਵਿਅਕਤੀ ਲਈ ਦੁੱਖ ਦਾ ਕਾਰਨ ਬਣ ਜਾਂਦੇ ਹਨ। ਇਹ ਸਬੰਧ ਵਿਅਕਤੀ ਨੂੰ ਇੰਨੀ ਮੋਟੀ ਰੱਸੀ ਵਿਚ ਬੰਨ੍ਹ ਦਿੰਦੇ ਹਨ ਵਿਅਕਤੀ ਮਰ ਤੇ ਜਾਂਦਾ ਹੈ ਪਰ ਮੋਹ ਦੀ ਗੰਢ ਨੂੰ ਖੋਲ੍ਹ ਨਹੀਂ ਪਾਉਂਦਾ। ਸੰਸਾਰ ਦੀ ਵਿਵੰਭਨਾ ਇਸ ਤਰ੍ਹਾਂ ਦੀ ਹੈ ਕਿ ਕੋਸ਼ਿਸ਼ ਕਰੀਏ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਤੇਰੇ ਪ੍ਰੇਮ ਦਾ ਰਸ ਲੱਗੇ। ਤੇਰੇ ਉਪਦੇਸ਼ ਨੂੰ ਸੁਣਨ ਵਾਸਤੇ ਮਨ ਤਿਆਰ ਹੋ ਜਾਵੇ। ਮੁਕਤੀ ਵਾਸਤੇ ਹੇ ਪ੍ਰਮਾਤਮਾ ਮੈਂ ਤੇਰੇ ਨਾਲ ਕਦੋਂ ਅਭੇਦ ਹੋ ਜਾਵਾਂਗਾ। ਇਹ ਜਨਮ ਜਨਮਾਂਤਰਾਂ ਦਾ ਚੱਕਰ ਕਦੋਂ ਖ਼ਤਮ ਹੋ ਜਾਵੇਗਾ, ਇਹ ਭਾਵਨਾ ਵੀ ਮਨ ਵਿੱਚੋਂ ਨਿਕਲਣੀ ਚਾਹੀਦੀ ਹੈ ਕਿ ਐਵੇਂ ਆਹ ਨਹੀਂ ਮਿਲਿਆ। ਇਸ ਨਾਲ ਵਿਅਕਤੀ ਭਜਨ, ਸਤ ਸੰਗਤ ਤੇ ਗੁਰੂ ਨੂੰ ਛੋਟਾ ਕਰ ਦਿੰਦਾ ਹੈ। ਇਸ ਕਰ ਇਸ ਕੀਤੇ ਸਿਮਰਨ ਬਾਣੀ ਦਾ ਦਰਸ਼ਨ ਦਾ, ਵਿਅਕਤੀ ਦੇ ਜੀਵਨ ਤੇ ਕੋਈ ਅਸਰ ਨਹੀਂ ਦਿਖਦਾ। ਮਨ ਵਿੱਚ ਕੋਈ ਪ੍ਰਭਾਵ ਨਹੀਂ ਦਿਸਦਾ ਕਿਉਂਕਿ

ਅਸੀਂ ਕੋਈ ਉਮੰਗ ਚਾਅ ਲੈ ਕੇ ਸਤਿਗੁਰੂ ਦੀ ਸ਼ਰਨ ਵਿੱਚ ਆਉਂਦੇ ਹਾਂ। ਕੋਸ਼ਿਸ਼ ਕੀਤੀ ਜਾਵੇ, ਅਰਜ਼ ਕਰੀਏ ਅਸੀਂ ਸੇਵਾ ਸਿਮਰਨ ਕਰੀਏ ਤੇਰੀ ਖ਼ੁਸ਼ੀ ਵਾਸਤੇ ਕਰੀਏ। ਸੰਸਾਰ ਵਿੱਚ ਕੋਈ ਤ੍ਰਿਪਤ ਹੋ ਕੇ ਨਹੀਂ ਗਿਆ। ਇਸ ਸੰਸਾਰ ਵਿੱਚ ਕਿਸੇ ਨੂੰ ਲੋੜ ਤੋਂ ਵੱਧ ਨਹੀਂ ਮਿਲਿਆ। ਮਨ ਵਿੱਚ ਕਦੀ ਇਹ ਫੁਰਨਾ ਨਹੀਂ ਆਉਂਦਾ ਕਿ ਮੈਂ ਸੰਤੁਸ਼ਟ ਹਾਂ। ਕਾਮਨਾ ਸਾਰੀ ਜ਼ਿੰਦਗੀ ਹੀ ਸੰਪੂਰਨ ਨਹੀਂ ਹੁੰਦੀ। ਤਿੰਨ ਪ੍ਰਕਾਰ ਦੀਆਂ ਮੰਗਾਂ- 1. ਪੁੱਤਰ ਦੀ ਕਾਮਨਾ- ਵਿਅਕਤੀ ਪਰਿਵਾਰ ਦੀ ਚਾਹ ਰੱਖਦਾ ਹੈ। ਸਾਰੀ ਜ਼ਿੰਦਗੀ ਇਸ ਪਰਿਵਾਰ ਦੀ ਮੰਗ ਕਰਦਿਆਂ ਹੀ ਵੱਟ ਨਿਕਲ ਜਾਂਦੇ ਹਨ। 2. ਪਦਾਰਥਾਂ ਦੀ ਮੰਗ- ਜੇ ਪਦਾਰਥ ਵੀ ਪੂਰੇ ਹੋ ਜਾਣ ਪਰ ਸਰੀਰ ਸਾਥ ਨਹੀਂ ਦਿੰਦਾ। 3. ਲੋਕ ਤ੍ਰਿਸ਼ਨਾ- ਹਰ ਚਾਹੁੰਦਾ ਹੈ ਕਿ ਮੈਂ ਸ੍ਰੇਸ਼ਟ ਬਣ ਜਾਵਾਂ ਪਰ ਜਿੰਨਾ ਮਰਜ਼ੀ ਉੱਚਾ ਚਲਾ ਜਾਵੇ। ਮਨ ਨਹੀਂ ਭਰਦਾ। ਪਰ ਗੁਰੂ ਜੀ ਸਿੱਖਿਆ ਦਿੰਦੇ ਹਨ ਆਪਣੇ ਆਪ ਨੂੰ ਨਿਮਾਣਾ ਤੇ ਨਿਤਾਣਾ ਸਮਝਣਾ ਹੈ ਸਿੱਖੀ ਦਾ ਅਸੂਲ ਹੈ।

**ਨਿਤਨੇਮ ਤੇ ਕੀਰਤਨ-** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਨਿਤਨੇਮ ਦੀ ਅਰਦਾਸ ਨਾਲ ਹੀ ਉਪਰੋਕਤ ਉਪਦੇਸ਼ ਸਰਵਣ ਕੀਤਾ ਗਿਆ। ਅੱਜ ਦਾ ਕੀਰਤਨ ਰਾਗੀ ਸ਼ਾਮ ਸਿੰਘ, ਸਤਵੰਤ ਸਿੰਘ ਤੇ ਸਰਮੁਖ ਸਿੰਘ ਨੇ ਗਾਇਨ ਕੀਤਾ। ਸ਼ਬਦ ਸੀ- 'ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥', 'ਚਤੁਰਾਈ ਨ ਚਤੁਰਭੁਜੁ ਪਾਈਐ॥' ਕੀਰਤਨ ਦੇ ਨਾਲ ਹੀ ਸਮਾਪਤੀ ਦੀ ਅਰਦਾਸ ਹੋਈ ਅਤੇ ਰਾਤ ਦੇ ਦੀਵਾਨਾਂ ਬਾਰੇ ਜਾਣਕਾਰੀ ਦਿੱਤੀ ਗਈ।

**ਰਾਤ ਦੇ ਦੀਵਾਨ**

**ਜਥੇ. ਜਸਵੰਤ ਸਿੰਘ** ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਹੱਲੇ ਦਾ ਦੀਵਾਨ ਸਜਾਇਆ। ਫਿਰ **ਕਵੀਸ਼ਰ ਮੱਖਣ ਸਿੰਘ** ਮੱਲੇਕਿਆਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਾਰਸ਼ ਪਵਾਉਣ ਦੇ ਪ੍ਰਸੰਗ ਨੂੰ ਛੰਦਾ ਬੰਦੀ ਵਿੱਚ ਪੇਸ਼ ਕੀਤਾ। **ਸੂਬਾ ਸੰਦੀਪ ਸਿੰਘ** ਨੇ 'ਗੁਰੂ ਜਗਜੀਤ ਸਿੰਘ ਤੇਰੀ ਯਾਦ ਆਈ ਏ' ਧਾਰਨਾ ਲਾ ਕੇ ਸਤਿਗੁਰੂ ਜਗਜੀਤ ਸਿੰਘ ਦਾ ਹਰ ਜਸ ਕੀਤਾ। ਉਨ੍ਹਾਂ ਦੱਸਿਆ ਕਿ ਸਤਿਗੁਰੂ ਜੀ ਦੀ ਯਾਦ ਵਿੱਚ ਨਾਮਧਾਰੀਆਂ ਦਾ ਹਿਰਦਾ ਧਰੂੰਦਾ ਰਹਿੰਦਾ ਹੈ। ਉਹ ਸਤਿਗੁਰੂ ਪਾਰਸ ਸੀ, ਜਿਸ ਕੋਲੋਂ ਵੀ ਲੰਘ ਗਿਆ, ਪਾਰਸ ਬਣਾ ਦਿੱਤਾ। ਗਿਆਨੀ ਜੋਗਿੰਦਰ ਸਿੰਘ ਮੋਨੀ ਜੀ ਦਾ ਪ੍ਰਸੰਗ ਸੁਣਾਇਆ, ਕਿਸ ਤਰ੍ਹਾਂ ਉਸ ਨੇ ਯਾਦ ਕੀਤਾ ਤੇ ਸਤਿਗੁਰੂ ਜੀ ਨੇ ਉਸ ਤੇ ਕਿਰਪਾ ਕੀਤੀ ਤੇ ਉਸ ਦਾ ਸੁਪਨਾ ਸਾਕਾਰ ਕੀਤਾ। ਜਥੇ. ਮਨਮੋਹਨ ਸਿੰਘ ਯਮੁਨਾਨਗਰ ਨੇ 'ਹੋਲੀ ਕੀਨੀ ਸੰਤ ਸੇਵ' ਧਾਰਨਾ ਲਾ ਕੇ ਸਤਿਗੁਰੂ ਦੇ ਉਪਕਾਰਾਂ ਦਾ ਵਰਨਣ ਕੀਤਾ।

**ਹੋਲੇ ਮਹੱਲੇ ਦਾ ਤੀਸਰਾ ਦਿਨ 30-3-2021**

'ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ, ਅਵਰ ਨ ਕੁੰਜੀ ਹਥਿ॥' ਸ਼ਬਦ ਗਾਇਨ ਕਰ ਕੇ ਅੱਜ ਦੀ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਰਮੁਖ ਸਿੰਘ, ਹਰਵਿੰਦਰ ਸਿੰਘ, ਸ਼ਾਮ ਸਿੰਘ, ਈਸ਼ਰ ਸਿੰਘ, ਹਰਪ੍ਰੀਤ ਸਿੰਘ, ਹਰਨਾਮ ਸਿੰਘ, ਸੰਤਾ ਸਿੰਘ, ਰਤਨ ਸਿੰਘ, ਬਸੰਤ ਸਿੰਘ ਆਦਿ ਨੇ ਮਿਲ ਕੇ ਗਾਇਨ ਕੀਤਾ। ਅੱਜ ਦੀ ਆਸਾ ਦੀ ਵਾਰ ਦਾ ਕੀਰਤਨ ਬਾਹਰ ਬਣੇ ਪੰਡਾਲ ਵਿੱਚ ਕੀਤਾ ਗਿਆ। ਸਵੇਰੇ 4 ਵਜੇ ਜਪ-ਪ੍ਰਯੋਗ ਦੀ ਅਰਦਾਸ ਦੇ ਨਾਲ ਕੀਰਤਨ ਆਰੰਭ ਹੋਇਆ। ਸ੍ਰੀ ਸਤਿਗੁਰੂ ਜੀ ਨੇ ਇਸ ਦੌਰਾਨ ਹੀ ਦਰਸ਼ਨ ਦੇਣ ਦੀ ਕਿਰਪਾ ਕੀਤੀ। ਬਾਹਰੋਂ ਆਈਆਂ ਹੋਈਆਂ ਸੰਗਤਾਂ ਨੇ ਇਲਾਹੀ ਗੁਰਬਾਣੀ ਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਅਨੰਦ ਮਾਣਿਆ। ਚੰਡੀ ਦੀ ਵਾਰ ਦਾ ਪਾਠ ਕੀਤਾ ਗਿਆ। ਵਾਰ ਦੀ ਸਮਾਪਤੀ ਦੇ ਨਾਲ ਹੀ ਅਰਦਾਸ ਕੀਤੀ ਗਈ। ਦਿਨ ਵਾਲੇ ਦੀਵਾਨਾਂ ਦਾ ਵਰਣਨ ਕੀਤਾ ਗਿਆ। ਅੱਜ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਆਖਿਆ ਜਾਣਾ ਸੀ।

**ਸੁਵਰਨ ਸਿੰਘ ਵਿਰਕ** ਨੇ ਪ੍ਰਕਾਸ਼ ਪੁਰਬ ਤੇ ਬੋਲਦਿਆਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਤਲਵਾਰ ਵਾਲੇ ਰੂਪ ਵਿਚ ਭਗਤੀ ਤੇ ਸ਼ਕਤੀ ਦਾ ਸਰੂਪ ਸਨ। ਗੁਰੂ ਜੀ ਦਾ ਪ੍ਰਕਾਸ਼ ਦਲ ਭੰਜਨ ਗੁਰ ਸੂਰਮਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ 1 ਮਈ 1621 ਈ. ਨੂੰ ਹੋਇਆ। ਉਨ੍ਹਾਂ ਦਾ ਸਮਾਂ ਜੰਗਾਂ ਯੁੱਧਾਂ ਦਾ ਸਮਾਂ ਸੀ। ਬਾਬਾ ਗੁਰਦਿੱਤਾ ਦੀਨ ਦੁਨੀਆਂ ਦਾ ਟਿੱਕਾ ਬਾਬਾ ਜੀ ਦੇ ਨੈਣ ਨਕਸ਼ ਗੁਰੂ ਨਾਨਕ ਦੇਵ ਜੀ ਦੇ ਨਾਲ ਮਿਲਦੇ ਸਨ। ਉਨ੍ਹਾਂ ਨੇ 127 ਸਾਲ ਦੀ ਉਮਰ ਭੋਗੀ ਅਤੇ ਉਦਾਸੀ ਭੇਖ ਦਾ ਪ੍ਰਚਾਰ ਕੀਤਾ। ਗੁਰੂ ਜੀ 14 ਸਾਲ ਦੇ ਸਨ, ਜੰਗ ਵਿਚ ਆਪ ਜੀ ਦੇ ਜੌਹਰ ਦੇਖੇ ਕੇ ਤਿਆਗ ਮੱਲ ਤੋਂ ਤੇਗ ਬਹਾਦਰ ਨਾਮ ਰੱਖਿਆ ਗਿਆ। ਗੁਰੂ ਜੀ ਦਾ ਅਨੰਦ ਕਾਰਜ ਮਾਤਾ ਗੁਜਰੀ ਜੀ ਨਾਲ ਹੋਇਆ। ਬਾਬਾ ਬਕਾਲੇ ਤੋਂ ਬਾਅਦ ਵਾਪਸ ਆ ਗਏ। ਇਨ੍ਹਾਂ ਦੇ ਪਹਿਲੇ 10 ਸਾਲ ਆਪਣੇ ਪਿਤਾ ਜੀ ਕੋਲ ਗੁਜ਼ਰੇ। ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲਾ ਆ ਕੇ ਭਜਨ ਬੰਦਗੀ ਵਿੱਚ ਲੀਨ ਹੋ ਗਏ।

ਭਾਈ ਮੱਖਣ ਸ਼ਾਹ ਲੁਬਾਣਾ ਨੇ 'ਗੁਰੂ ਲਾਧੋ ਰੇ' ਦਾ ਹੋਕਾ ਦਿੱਤਾ। ਉਸ ਤੋਂ ਬਾਅਦ ਗੁਰੂ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਦਰਸ਼ਨ ਕਰਨ ਜਾਂਦੇ ਹਨ। ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਹਨ, ਗੁਰੂ ਜੀ ਕੀਰਤਪੁਰ ਸਾਹਿਬ ਚਲੇ ਗਏ। ਗੁਰੂ ਜੀ ਨੇ ਤਿੰਨ ਪਿੰਡ ਖ਼ਰੀਦੇ ਚੱਕ ਨਾਨਕੀ ਬਾਅਦ ਵਿੱਚ ਅਨੰਦਪੁਰ ਸਾਹਿਬ ਨਾਮ ਰੱਖਿਆ ਗਿਆ। ਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋਇਆ। ਗੁਰਗੱਦੀ 'ਤੇ ਆਉਣ ਤੋਂ ਪਹਿਲਾਂ ਉਹ ਤੀਰਥ ਯਾਤਰਾ ਤੇ ਵੀ ਗਏ। ਉਨ੍ਹਾਂ ਨੇ ਢਾਕੇ ਤੱਕ ਜਾ ਕੇ ਪ੍ਰਚਾਰ ਕੀਤਾ। ਉਨ੍ਹਾਂ ਦੀ ਕੁਰਬਾਨੀ ਸਦਕਾ ਉਨ੍ਹਾਂ ਹਿੰਦ ਦੀ ਚਾਦਰ ਵੀ ਆਖਿਆ ਜਾਂਦਾ ਹੈ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਮੇਂ ਸਿੱਖੀ ਦਾ ਪ੍ਰਚਾਰ ਕੀਤਾ ਤੇ ਕਸ਼ਮੀਰੀ ਪੰਡਤਾਂ ਦੀ ਰੱਖਿਆ ਕਰ ਕੇ ਉਨ੍ਹਾਂ ਨੂੰ ਜੀਵਨ ਦਾਨ ਦਿੱਤਾ ਤੇ ਆਪ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਦੀ ਕੁਰਬਾਨੀ ਨੇ ਲੋਕਾਂ ਵਿੱਚ ਜਾਗ੍ਰਿਤੀ ਲਿਆਂਦੀ। ਉਸ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਜਾ ਰਿਹਾ ਹੈ।

**ਦਿਨ ਵੇਲੇ ਦੀਵਾਨ**

**ਸੂਬਾ ਨਿਰੰਜਨ ਸਿੰਘ ਟਮਕੌਡੀ** ਨੇ ਆਪਣੀ ਉੱਚੀ ਸੁਰ ਵਿੱਚ ਹੱਲੇ ਦਾ ਦੀਵਾਨ ਸਜਾਇਆ। ਸੂਬਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਚਾਨਣਾ ਪਾਇਆ। **ਸੂਬਾ ਸੁਰਿੰਦਰ ਸਿੰਘ ਗੁਣਾ** ਵਾਲਿਆਂ ਨੇ ਹੱਲੇ ਦਾ ਦੀਵਾਨ ਸਜਾਇਆ। **ਜਥੇ. ਕਮਾਲ ਸਿੰਘ** ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਹੱਲੇ ਦਾ ਦੀਵਾਨ ਸਜਾ ਕੇ ਸਾਧ-ਸੰਗਤ ਨੂੰ ਨਿਹਾਲ ਕੀਤਾ। 'ਸਤਿਗੁਰ ਅਗਮ ਅਗਾਧ ਹੈ ਕਿਹੜਾ ਝੱਲੇ ਗੁਰੂ ਦੀਆਂ ਝਾਲਾਂ ਨੂੰ' ਧਾਰਨਾ ਲਾ ਕੇ ਦੀਵਾਨ ਸਜਾਇਆ।

**ਗੁਰੂ ਤੇਗ ਬਹਾਦਰ ਜੀ ਬਾਰੇ ਸੈਮੀਨਾਰ**

ਇਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਬਾਰੇ ਸੈਮੀਨਾਰ ਸ਼ੁਰੂ ਹੋਇਆ। ਜਿਸ ਵਿੱਚ ਸਭ ਤੋਂ ਪਹਿਲੇ ਬੁਲਾਰੇ **ਸੰਤ ਨਿਸ਼ਾਨ ਸਿੰਘ ਜੀ** ਸਨ। ਉਨ੍ਹਾਂ ਕਿਹਾ ਅੱਜ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਦਿਨ ਮਨਾ ਰਹੇ ਹਾਂ। ਗੁਰੂ ਜੀ ਦਾ ਪ੍ਰਕਾਸ਼ 1 ਮਈ 1621 ਈ. ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਉਨ੍ਹਾਂ ਨੂੰ ਪਿਤਾ ਗੁਰੂ ਪਾਸੋਂ ਇਹ ਵਸਤਾਂ ਪ੍ਰਾਪਤ ਹੋਈਆਂ।

1. ਰੁਮਾਲ – ਜਿਸ ਨਾਲ ਹਿੰਦ ਦੀ ਚਾਦਰ ਨੇ ਸਾਰੇ ਸੰਸਾਰ ਦੇ ਪੜਦੇ ਢਕੇ।
2. ਕਟਾਰ- ਸ਼ਕਤੀ ਦੀ ਪ੍ਰਤੀਕ ਸੀ। ਜਿਸ ਦੀ ਸ਼ਕਤੀ ਨਾਲ ਮੁਗਲਾਂ ਦੇ ਹਥਿਆਰਾਂ ਨੂੰ ਖੁੰਢਾ ਕਰ ਦਿੱਤਾ।
3. ਪੋਥੀ- 'ਪੋਥੀ ਪ੍ਰਮੇਸ਼ਰ ਕਾ ਥਾਨ' ਸਤਿਗੁਰੂ ਜੀ ਦੀ ਰਚੀ ਗੁਰਬਾਣੀ।

1664 ਵਿੱਚ ਗੁਰੂ ਜੀ ਗੁਰਗੱਦੀ ਤੇ ਬਿਰਾਜਮਾਨ ਹੁੰਦੇ ਹਨ। ਸਤਿਗੁਰੂ ਜੀ ਦਾ ਧੀਰਜ ਬੇਮਿਸਾਲ ਸੀ। ਜਦੋਂ ਧੀਰਮਲ ਇਨ੍ਹਾਂ ਤੇ ਗੋਲੀ ਚਲਾਉਂਦਾ ਹੈ ਤਾਂ ਸਤਿਗੁਰੂ ਜੀ ਆਖਦੇ ਹਨ- "ਵਾਹ ਮੱਲ ਜੀ ! ਵਾਹ ਮੱਲ ਜੀ !" ਇਹ ਕੌਣ ਹੋ ਸਕਦਾ ਹੈ ? ਕੇਵਲ ਤੇ ਕੇਵਲ ਸਤਿਗੁਰੂ ਹੀ ਐਸੇ ਧੀਰਜ ਦਾ ਮਾਲਕ ਹੁੰਦਾ ਹੈ।

ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ **ਡਾ. ਮਨਜਿੰਦਰ ਸਿੰਘ** ਸੰਗਤ ਨੂੰ ਸੰਬੋਧਨ ਹੋਏ। ਉਨ੍ਹਾਂ ਕਿਹਾ ਅੱਜ ਅਸੀਂ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਮਨਾ ਰਹੇ ਹਾਂ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਚਿੰਤਨ ਦੇ ਧਰਾਤਲ 'ਤੇ ਸਮਝਣ ਦੀ ਲੋੜ ਹੈ। ਸਿੱਖ ਨੂੰ ਸੁਚੇਤ ਹੋਣ ਦੀ ਲੋੜ ਹੈ। ਗੁਰੂ ਤੇਗ ਬਹਾਦਰ ਦੀ ਮਹੱਤਵਪੂਰਨ ਘਟਨਾ ਕਸ਼ਮੀਰੀ ਪੰਡਤਾਂ ਦੀ ਹੈ। ਉਨ੍ਹਾਂ ਧਰਮ ਦੀ ਰੱਖਿਆ ਕੀਤੀ, ਤੇ ਦਿੱਲੀ ਜਾ ਕੇ ਸ਼ਹੀਦ ਹੋਏ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਜੀਵਨ, ਗ੍ਰਹਿਸਤ ਅਤੇ ਤਿਆਗ ਦਾ ਸੁਮੇਲ ਹੈ। ਉਨ੍ਹਾਂ ਨੇ ਆਨੰਦਪੁਰ ਪਹਾੜਾਂ ਦੀ ਜੜ੍ਹ ਵਿੱਚ ਸਮਤਲ ਜਗ੍ਹਾ ਤੇ ਵਸਾਇਆ। ਪਹਾੜ, ਯੋਗ ਦਾ, ਤਿਆਗ ਦਾ ਪ੍ਰਤੀਕ ਹੈ ਅਤੇ ਧਰਾਤਲ ਗ੍ਰਹਿਸਤ ਦਾ ਪ੍ਰਤੀਕ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦਾ ਜੀਵਨ ਉਨ੍ਹਾਂ ਦੀ ਬਾਣੀ ਵਾਂਗ ਗ੍ਰਹਿਸਤ ਅਤੇ ਤਿਆਗ ਦਾ ਸੁਮੇਲ ਹੈ। ਇਹ ਪ੍ਰਤੀਕਾਤਮਕ ਸੰਦੇਸ਼ ਸੀ।

ਫਿਰ **ਪ੍ਰੋ. ਹਰਮਹਿੰਦਰ ਸਿੰਘ ਬੇਦੀ** (ਵਾਈਸ ਚਾਂਸਲਰ, ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ, ਹਿਮਾਚਲ ਪ੍ਰਦੇਸ਼) ਸੰਗਤ ਨੂੰ ਸੰਬੋਧਨ ਹੋਏ। ਉਨ੍ਹਾਂ ਕਿਹਾ ਮੈਂ ਦੀਵਾਨ 'ਚ ਆਉਣ ਤੋਂ ਪਹਿਲਾਂ ਗੁਰੂ ਜੀ ਤੋਂ ਆਸ਼ੀਰਵਾਦ ਲਿਆ। "ਉਨ੍ਹਾਂ ਕਿਹਾ ਕਿ ਕੋਈ ਐਸੀ ਲਿਖਤ ਹੈ ਜੋ ਗ਼ੈਰ ਸਿੱਖ ਵਿਦਵਾਨਾਂ ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਬਾਰੇ ਜ਼ਿਕਰ ਕੀਤਾ ਹੋਵੇ?" ਜਿਹੜੇ ਸਮਾਜ ਸ਼ਾਸਤਰੀ ਏਸ਼ੀਆ ਦਾ ਇਤਿਹਾਸ ਲਿਖ ਰਹੇ ਹਨ। ਉਨ੍ਹਾਂ ਨੇ ਗੁਰੂ ਤੇਗ ਬਹਾਦਰ ਬਾਰੇ ਵੀ ਵਿਚਾਰ ਪ੍ਰਗਟ ਕੀਤੇ। ਤੀਸਰਾ ਅਖੰਡ ਭਾਰਤ ਉੱਪਰ ਲਿਖਿਆ ਉਸ ਖੰਡ ਵਿੱਚ 10 ਪੰਨੇ ਗੁਰੂ ਤੇਗ ਬਹਾਦਰ ਜੀ ਬਾਰੇ ਹਨ। ਪਹਿਲੀ ਗੱਲ ਉਨ੍ਹਾਂ ਨੇ ਇਹ ਲਿਖ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਫ਼ਲਸਫ਼ੇ ਨੂੰ

ਸੰਸਾਰ ਦੇ ਸਾਹਮਣੇ ਰੱਖਿਆ। ਪ੍ਰੋਫੈਸਰ ਐਲ. ਐਲ. ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਨੇ ਜੀਵਨ ਕੁਰਬਾਨ ਕਰ ਕੇ ਅਹਿੰਸਾ ਪਰਮੋਧਰਮੰ ਸਾਹਮਣੇ ਰੱਖਿਆ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਇੱਕ ਨੰਬਰ ਤੇ ਮੰਨਦਾ ਹਾਂ। ਰੂਸੀ ਵਿਦਵਾਨ ਲਿਖਦੇ ਹਨ- ਏਸ਼ੀਆ ਦੇ ਦੇਸ਼ਾਂ ਵਿੱਚ ਹਲਚਲ ਹੋਈ ਪਤਾ ਲੱਗਾ ਕਿ ਲੋਕਾਂ ਦਾ ਇਕੱਠ ਕਰ ਕੇ ਦੇਸ਼ ਦੀ ਆਜ਼ਾਦੀ ਦੀ ਗੱਲ ਜਾਗੀ, ਹਿੰਦੋਸਤਾਨ ਦੀ ਆਜ਼ਾਦੀ ਵਿਚ ਨਵੀਆਂ ਪੈੜਾਂ ਪਾਈਆਂ। ਚੀਨ ਦੀਆਂ ਪਾਠ ਪੁਸਤਕਾਂ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਪੜ੍ਹਾਈ ਜਾਂਦੀ ਹੈ। ਏਸ਼ੀਆ ਦੇ ਮਹਾਂਪੁਰਖਾਂ ਬਾਰੇ ਪੜ੍ਹਾਇਆ ਜਾਂਦਾ ਹੈ। ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨੇ ਕ੍ਰਾਂਤੀ ਲਿਆਂਦੀ। ਚੀਨ ਦੀਆਂ ਬਾਰ੍ਹਵੀਂ ਜਮਾਤ ਦੀਆਂ ਕਿਤਾਬਾਂ ਵਿਚ ਇਕ ਤਿਹਾਈ ਗੁਆਂਢੀ ਰਾਜਾਂ ਦਾ ਕਲਚਰ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ 57 ਸਲੋਕ 59 ਸ਼ਬਦ 16 ਰਾਗਾਂ ਵਿਚ ਦਰਜ ਹੈ। ਫਿਰ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਜਾਂਦੇ ਹਨ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਸਮੇਂ ਵੀ ਹੋ ਗਏ ਤਾਂ ਪੁਜਾਰੀਆਂ ਨੇ ਦਰਵਾਜੇ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਸੱਤਾਵਾਦੀਆਂ ਦਾ ਸੰਗ੍ਰਾਮ ਚਲਦਾ ਰਿਹਾ। ਇਹ ਦੋ ਵੱਖਰੇ ਵੱਖਰੇ ਰਾਹ ਹਨ ਉਹ ਜ਼ੁਲਮ ਤੇ ਇਹ ਦੂਸਰਾ ਸੱਚ ਪਰਉਪਕਾਰ ਤੇ ਆਧਾਰਿਤ ਹੈ ਗੁਰੂ ਜੀ ਕਦੇ ਕੋਈ ਮੰਦਾ ਸ਼ਬਦ ਨਹੀਂ ਬੋਲੇ ਉਨ੍ਹਾਂ ਦੇ ਸਿੱਖ ਆਰਿਆਂ ਨਾਲ ਚੀਰੇ ਗਏ ਪਰ ਡੋਲੇ ਨਹੀਂ ਇਹ ਗੁਰੂ ਤੇਗ ਬਹਾਦਰ ਜੀ ਦੀ ਬਖਸ਼ਿਸ਼ ਹੈ।

ਤੁਰੰਤ **ਬਲਵਿੰਦਰ ਸਿੰਘ ਸੰਧੂ** ਸ਼੍ਰੋਮਣੀ ਕਵੀ ਨੇ ਦੋ ਕਵਿਤਾਵਾਂ ਪੇਸ਼ ਕੀਤੀਆਂ- ਇਕ ਛੋਟੀ ਕਵਿਤਾ ਅਤੇ ਦੂਸਰੀ ਸੱਚਾ ਸੌਦਾ

ਹਾਲ ਦੀ ਘੜੀ ਮੇਰੇ ਕੋਲ ਮੁਹੱਬਤ ਹੀ ਬਚੀ ਹੈ
ਮੇਰੇ ਦਵੈਤ ਨੂੰ ਕੋਈ ਸ਼ਿਕਾਇਤ ਨਹੀਂ ਰਹੀ
ਈਰਖਾ ਚਿਖਾ 'ਚੋਂ ਸੜ ਕੇ ਸੁਆਹ ਹੋ ਗਈ
ਦੂਸਰੀ ਕਵਿਤਾ-
ਤੇਗ ਵਾਹੁਣਾ ਵੀ ਜਾਣਿਆ
ਤੇਗ ਨਾਲ ਸ਼ਹੀਦ ਹੋਣਾ ਵੀ ਜਾਣਿਆ

**ਪਦਮ ਸ੍ਰੀ ਸੁਰਜੀਤ ਪਾਤਰ** ਫਿਰ ਸੰਗਤ ਨੂੰ ਸੰਬੋਧਨ ਹੋਏ ਉਨ੍ਹਾਂ ਕਿਹਾ- ਇਸ ਜਗ੍ਹਾ ਤੇ ਆ ਕੇ ਗੱਲ ਚੰਗੀ ਲੱਗਦੀ ਹੈ। ਇਥੇ ਕਵਿਤਾ ਅਤੇ ਸੰਗੀਤ ਦਾ ਸੁਮੇਲ ਹੈ। ਮੈਂ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਕਵਿਤਾ ਤੇ ਗ਼ਜ਼ਲ ਪੇਸ਼ ਕਰਾਂਗਾ-

ਪਹਿਲੀ ਕਵਿਤਾ-

ਸੀਸ ਜਦੋਂ ਧਰਤੀ ਤੇ ਡਿੱਗਿਆ ਤੱਕਿਆ ਇਤਿਹਾਸ ਨੇ ਕ੍ਰਿਸ਼ਮਾ।

ਦੂਜੀ ਗ਼ਜ਼ਲ
ਮੇਰੇ ਦੁੱਖ ਸੁੱਖ ਸਮਝਦੀ ਹੈ ਕਿਤਾਬ।
ਮੈਨੂੰ ਅੱਖਰਾਂ 'ਚੋਂ ਵੇਖਦੀ ਹੈ ਕਿਤਾਬ।
ਜਿਹੜਾ ਲਫ਼ਜ਼ਾਂ ਦੇ ਸਾਹ ਵੀ ਸੁਣ ਸਕਦਾ
ਐਸੇ ਪਾਠਕ ਨੂੰ ਤਰਸਦੀ ਹੈ ਕਿਤਾਬ।

ਉਪਰੰਤ **ਪ੍ਰੋ. ਅਵਤਾਰ ਸਿੰਘ ਫਗਵਾੜਾ** ਮਾਈਕ ਤੇ ਆਏ। ਉਨ੍ਹਾਂ ਦੱਸਿਆ- ਇਹੋ ਜਿਹਾ ਰਮਣੀਕ ਨਜ਼ਾਰਾ ਇਥੇ ਹੀ ਮਿਲਦਾ ਹੈ। ਤੇਗ ਬਹਾਦਰ ਦਾ ਅਰਥ ਹੈ- ਤੇਗ ਦਾ ਬਹਾਦਰ ਹੋਣਾ ਤੇ ਜੋ ਤੇਗ ਚਲਾਉਂਦਾ ਹੈ, ਤੇਗ ਦਾ ਫੱਟ ਸਹਿੰਦਾ ਹੈ। ਉਪਰੰਤ ਨਵਜੋਤ ਕੌਰ, ਡਾ. ਯਾਦਵਿੰਦਰ ਸਿੰਘ (ਦਿੱਲੀ ਯੂਨੀਵਰਸਿਟੀ), ਸੁਸ਼ੀਲ ਦੁਸਾਂਝ (ਸੰਪਾਦਕ ਹੁਣ) ਵੀ ਸਤਿਗੁਰੂ ਜੀ ਨੂੰ ਨਤਮਸਤਕ ਹੋਏ। ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਬਲਵੀਰ ਸਿੰਘ ਢਿੱਲੋਂ ਨੇ 'ਨੇਤਾ ਜੀ' ਪੁਸਤਕ ਸਤਿਗੁਰੂ ਜੀ ਨੂੰ ਭੇਟ ਕੀਤੀ।

ਉਪਰੰਤ **'ਸਤਿਜੁਗ' ਸ਼ਤਾਬਦੀ ਅੰਕ ਰਿਲੀਜ਼** ਕੀਤਾ ਗਿਆ। 1920 ਈ. ਤੋਂ ਸ਼ੁਰੂ ਹੋਏ ਸਤਿਜੁਗ ਪਰਚੇ ਨੂੰ 2020 ਈ. ਦੇ ਵਿਚ 100 ਸਾਲ ਪੂਰੇ ਹੋ ਗਏ ਹਨ। ਉਸ ਦਾ ਸਪੱਸ਼ਟ ਸ਼ਤਾਬਦੀ ਸਮਾਰੋਹ ਇਸੇ ਹੋਲੇ ਦੌਰਾਨ ਕੀਤਾ ਗਿਆ ਅਤੇ ਉਸ ਦਾ ਸ਼ਤਾਬਦੀ ਅੰਕ ਰਿਲੀਜ਼ ਹੋਇਆ। ਇਹ ਅੰਕ ਸੇਵਕ ਹਰਪਾਲ ਸਿੰਘ, ਸੰਤ ਨਿਸ਼ਾਨ ਸਿੰਘ, ਗੁਰਲਾਲ ਸਿੰਘ, ਭਜਨ ਸਿੰਘ, ਹਾਕਮ ਸਿੰਘ, ਜਸਵੰਤ ਸਿੰਘ ਮਸਤ, ਤਰਨ ਸਿੰਘ ਬੱਲ ਦੀ ਮਿਹਨਤ ਕਰਕੇ ਤਿਆਰ ਹੋਇਆ। ਇਸ ਤੋਂ ਇਲਾਵਾ ਸਤਿਜੁਗ ਦੇ ਤਿੰਨ ਕੈਲੰਡਰ ਰਿਲੀਜ਼ ਕੀਤੇ ਗਏ। ਦੋ ਸ਼ਹੀਦਾਂ ਦੀ ਤਸਵੀਰ ਵਾਲੇ ਅਤੇ ਇਕ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਵਾਲਾ।

**ਨਿਤਨੇਮ ਤੇ ਕੀਰਤਨ-** ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਸੈਮੀਨਾਰ ਤੋਂ ਉਪਰੰਤ 2 ਤੋਂ 3 ਨਾਮ ਸਿਮਰਨ ਹੋਇਆ। ਉਪਰੰਤ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਸ਼ਬਦ ਗਾਇਨ ਕੀਤਾ-

'ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥

**ਰਾਤ ਦੇ ਦੀਵਾਨ-** ਰਾਤ ਦੇ ਦੀਵਾਨਾਂ ਦੀ ਸਭ ਤੋਂ ਪਹਿਲਾਂ ਆਰੰਭਤਾ ਜਥੇ. ਗੁਰਚਰਨ ਸਿੰਘ ਮੁਹਾਵਾ ਨੇ 'ਧਰਮ ਹੇਤ ਸਾਕਾ ਜਿਨ ਕੀਆ॥ ਸੀਸੁ ਦੀਆ ਪਰ ਸਿਰਰੁ ਨਾ ਦੀਆ॥' ਧਾਰਨਾ ਲਾ ਕੇ ਕੀਤੀ। ਉਪਰੰਤ ਕਵੀਸ਼ਰ

**ਦਿਲਬਾਗ ਸਿੰਘ ਵਲਟੋਹਾ ਅਤੇ ਗੁਰਸੇਵਕ ਸਿੰਘ ਵਲਟੋਹਾ** ਦੇ ਜਥੇ ਨੇ ਕਵੀਸ਼ਰੀ ਰਾਹੀਂ ਗੁਰ ਇਤਿਹਾਸ ਸੰਗਤਾਂ ਨੂੰ ਸੁਣਾਇਆ।

ਅੱਜ ਰਾਤ ਦੇ ਦੀਵਾਨਾਂ ਤੋਂ ਬਾਅਦ ਇੱਕ ਸ਼ਾਨਦਾਰ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਜਿਸ ਵਿੱਚ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਅਤੇ ਬਾਹਰੋਂ ਆਏ ਕਵੀ ਸੱਜਣਾਂ ਨੇ ਹਿੱਸਾ ਲਿਆ। ਇਸ ਕਵੀ ਦਰਬਾਰ ਵਿੱਚ ਕਵੀਆਂ ਨੇ ਕਵਿਤਾਵਾਂ ਪੜ੍ਹ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ, ਮੰਚ ਸੰਚਾਲਨ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤਾ। ਕਵੀ ਦਰਬਾਰ ਦੀ ਪ੍ਰਧਾਨਗੀ ਹਾਕੀ ਕੋਚ ਰਛਪਾਲ ਸਿੰਘ, ਗੁਰਚਰਨ ਸਿੰਘ ਪੱਪੂ, ਜਸਵੰਤ ਸਿੰਘ, ਬਲਵਿੰਦਰ ਸਿੰਘ ਤੇ ਗੁਰਮੀਤ ਸਿੰਘ ਨੇ ਕੀਤੀ। ਉਨ੍ਹਾਂ ਨੇ ਆਏ ਹੋਏ ਕਵੀ ਸੱਜਣਾਂ ਦਾ ਮਾਣ ਸਨਮਾਨ ਕੀਤਾ। ਮਾਸਟਰ ਅਮਰੀਕ ਸਿੰਘ, ਮੰਨਣ ਸਿੰਘ, ਜਗਵੀਰ ਸਿੰਘ ਵਿੱਕੀ, ਭੁਪਿੰਦਰ ਸਿੰਘ ਜੌੜਕੀਆਂ, ਆਸਾ ਸਿੰਘ ਸਲੇਮਪੁਰੀ, ਜਸਵਿੰਦਰ ਸਿੰਘ ਭਿੰਡਰ, ਦੀਪ ਦਿਲਬਰ, ਤਰਨ ਸਿੰਘ ਬੱਲ, ਸੂਬਾ ਸੁਰਿੰਦਰ ਕੌਰ ਖਰਲ, ਬੋਪਾਰਾਏ ਜੀ, ਨਰਿੰਦਰ ਸਿੰਘ ਮਾਨ, ਰਾਗੀ ਮਨਜੀਤ ਸਿੰਘ, ਸੁਖਚੈਨ ਸਿੰਘ ਬਿਸ਼ਨਪੁਰੀ, ਕਵੀ ਮੱਲ ਸਿੰਘ, ਬਲਦੇਵ ਸਿੰਘ ਵੜੈਚ, ਬਲਰਾਜ ਸਿੰਘ ਬਾਜਵਾ, ਸਤਨਾਮ ਸਿੰਘ ਕੋਮਲ, ਬਲਵੀਰ ਸਿੰਘ ਢਿੱਲੋਂ, ਰਜਿੰਦਰ ਕੌਰ ਪੰਨੂ, ਕਾਕਾ ਨਿਧਾਨ ਸਿੰਘ, ਸੰਤ ਕੌਰ, ਜਗਤਾਰ ਸਿੰਘ ਰਾਈਆਂ, ਡਾ. ਸਤਵੰਤ ਕੌਰ ਮਠਾੜੂ, ਬੀਬਾ ਕੁਲਵੰਤ ਜੀ, ਬਾਜਵਾ ਜੀ, ਸਤਨਾਮ ਸਿੰਘ, ਸਵਿੰਦਰ ਸਿੰਘ ਲੁਧਿਆਣਾ, ਕੁਲਵਿੰਦਰ ਕੌਰ, ਕਰਨੈਲ ਸਿੰਘ ਅਸਪਾਲ, ਜੋਗਿੰਦਰ ਸਿੰਘ ਕੰਗ, ਜਰਨੈਲ ਸਿੰਘ, ਹਰਸ਼ਦੀਪ ਸਿੰਘ, ਰਣਜੀਤ ਕੌਰ, ਗੁਰਸੇਵਕ ਸਿੰਘ ਢਿੱਲੋਂ, ਪ੍ਰੀਤਮ ਸਿੰਘ, ਬਲਜੀਤ ਸਿੰਘ, ਬਿਸ਼ਨ ਦਾਸ ਜੀ, ਸੂਬਾ ਬਲਵਿੰਦਰ ਸਿੰਘ ਆਦਿ ਕਵੀਆਂ ਨੇ ਆਪੋ ਆਪਣੀਆਂ ਕਵਿਤਾਵਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਪ੍ਰਧਾਨਗੀ ਮੰਡਲ ਵੱਲੋਂ ਰਛਪਾਲ ਸਿੰਘ ਕੋਚ ਨੇ ਆਏ ਹੋਏ ਕਵੀ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਆਪ ਦੁਆਰਾ ਪੇਸ਼ ਕੀਤੀਆਂ ਕਵਿਤਾਵਾਂ ਦੀ ਸ਼ਲਾਘਾ ਕੀਤੀ। ਇਸ ਤਰ੍ਹਾਂ ਇਹ ਕਵੀ ਦਰਬਾਰ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ।

30 ਮਾਰਚ ਸਵੇਰੇ 11 ਵਜੇ ਭੈਣੀ ਸਾਹਿਬ ਜਗਜੀਤ ਮੰਦਿਰ ਸਾਹਮਣੇ ਪਾਰਕ ਤੇ **ਪੁਸਤਕ ਮੇਲੇ ਦੀ ਆਰੰਭਤਾ** ਵੀ ਹੋਈ। ਇਸ ਮੌਕੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਮੌਜੂਦ ਸਨ। ਜਿਨ੍ਹਾਂ ਵਿਚੋਂ ਦਰਸ਼ਨ ਸਿੰਘ ਬੁੱਟਰ, ਸੁਰਜੀਤ ਪਾਤਰ, ਸੁਸ਼ੀਲ ਦੁਸਾਂਝ, ਸੁਵਰਨ ਸਿੰਘ ਵਿਰਕ, ਗੁਰਭੇਜ ਗੁਰਾਇਆ ਆਦਿ ਸਨ। ਸਤਿਗੁਰੂ ਜੀ 11 ਵਜੇ ਪੁਸਤਕ ਮੇਲੇ ਵਾਲੇ ਸਥਾਨ 'ਤੇ ਪਹੁੰਚ ਗਏ। ਇਸ ਮੌਕੇ ਪੰਜਾਬੀ ਦੇ ਪ੍ਰਸਿੱਧ ਕਵੀ ਡਾ. ਦਰਸ਼ਨ ਸਿੰਘ ਬੁੱਟਰ ਨੇ ਰੀਬਨ ਕੱਟ ਕੇ ਇਸ ਪੁਸਤਕ ਮੇਲੇ ਦੀ ਸ਼ੁਰੂਆਤ ਕੀਤੀ। ਸਤਿਗੁਰੂ ਜੀ ਇਕੱਲੇ-ਇਕੱਲੇ ਸਟਾਲ 'ਤੇ ਜਾ ਕੇ ਸਾਰੀਆਂ ਕਿਤਾਬਾਂ ਨੂੰ ਨਿਹਾਰਿਆ ਤੇ ਪਬਲਿਸ਼ਰਾਂ ਨਾਲ ਗੱਲਬਾਤ ਕੀਤੀ। ਇਸ ਪੁਸਤਕ ਮੇਲੇ ਦਾ ਪ੍ਰਬੰਧ ਗੁਰਲਾਲ ਸਿੰਘ, ਹਰਕੀਰਤ ਸਿੰਘ, ਭਜਨ ਸਿੰਘ, ਗੁਰਭਗਤ ਸਿੰਘ ਪੂਰਬਾ, ਜਸਵੰਤ ਸਿੰਘ ਮਸਤ, ਤਰਨ ਸਿੰਘ ਬੱਲ, ਮਾਲਵਿੰਦਰ ਸਿੰਘ ਮਾਨ ਤੇ ਗੁਰਭਗਤ ਸਿੰਘ ਭਗਤੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਬਾਹਰੋਂ ਆਏ ਪਬਲਿਸ਼ਰਾਂ ਅਤੇ ਪਾਠਕਾਂ ਲਈ ਰਹਿਣ ਅਤੇ ਖਾਣ-ਪੀਣ ਦਾ ਬਹੁਤ ਚੰਗਾ ਪ੍ਰਬੰਧ ਕੀਤਾ ਗਿਆ। ਭੈਣੀ ਸਾਹਿਬ ਵਿਚ ਪੁਸਤਕ ਮੇਲੇ ਦਾ ਇਹ ਯਤਨ ਪਹਿਲੀ ਵਾਰ ਸੀ। ਉਮੀਦ ਹੈ ਇਸ ਤੋਂ ਅੱਗੇ ਹੋਰ ਜ਼ਿਆਦਾ ਲੋਕ ਇਸ ਪੁਸਤਕ ਮੇਲੇ ਦੀ ਰੌਣਕ ਵਧਾਉਣਗੇ।

**ਹੋਲੇ ਮਹੱਲੇ ਦਾ ਚੌਥਾ ਦਿਨ 31 ਮਾਰਚ 2021 ਈ., ਬੁੱਧਵਾਰ**

ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਜਥੇ. ਗੁਰਲਾਲ ਸਿੰਘ, ਰਾਗੀ ਸ਼ਾਮ ਸਿੰਘ, ਈਸ਼ਰ ਸਿੰਘ, ਸਤਨਾਮ ਸਿੰਘ ਤੇ ਸਾਥੀ ਜਥੇ ਨੇ ਢੋਲਕੀ ਛੈਣਿਆਂ ਨਾਲ ਗਾਇਨ ਕੀਤਾ। ਸਵੇਰੇ 4 ਵਜੇ ਤੋਂ ਪ੍ਰਯੋਗ ਦੀ ਅਰਦਾਸ ਨਾਲ ਹੀ ਵਾਰੇ ਦਾ ਆਰੰਭ ਹੋਇਆ ਅਤੇ ਕੁਝ ਮਿੰਟਾਂ ਬਾਅਦ ਹੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਅੱਜ ਬਾਹਰਲਾ ਭੰਡਾਲ ਸਾਧ ਸੰਗਤ ਨਾਲ ਭਰਿਆ ਪਿਆ ਸੀ। ਸੰਗਤਾਂ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰ ਰਹੀਆਂ ਸਨ ਅਤੇ ਆਪਣੇ ਜਨਮ ਨੂੰ ਸਫਲਾ ਕਰ ਰਹੀਆਂ ਸਨ। ਰਾਗੀਆਂ ਨੇ ਸ਼ਬਦ ਪੜ੍ਹੇ-

ਹਰਿ ਸਜਣਿ ਸੁਆਮੀ ਮੋਰਾ॥
ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥

ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਸੂਬਾ ਬਲਵਿੰਦਰ ਸਿੰਘ ਨੇ ਅੱਜ ਦੁਪਹਿਰ ਦੇ ਦੀਵਾਨਾਂ ਦੀ ਅਨਾਊਂਸਮੈਂਟ ਕੀਤੀ ਅਤੇ ਭਜਨ ਸਿੰਘ ਹੁਰਾਂ ਨੂੰ ਬੋਲਣ ਲਈ ਆਖਿਆ। ਅੱਜ ਦਾ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦਾ ਦਿਨ ਸੀ, ਦੁਪਹਿਰ ਦੇ ਦੀਵਾਨ ਇਸ ਸੰਬੰਧੀ ਲੱਗਣੇ ਸਨ।

ਇਸ ਵਾਰ ਦਾ ਹੋਲਾ-ਮਹੱਲਾ ਨਾਮਧਾਰੀ ਹਾਕੀ

## ਹੋਲੇ ਮਹੱਲੇ ਦੌਰਾਨ ਲੱਗੇ ਪੁਸਤਕ ਮੇਲੇ ਦੀਆਂ ਵੱਖ-ਵੱਖ ਝਲਕੀਆਂ

ਪੁਸਤਕ ਮੇਲੇ ਦੇ ਉਦਘਾਟਨ ਦੌਰਾਨ ਪ੍ਰਸਿੱਧ ਪੰਜਾਬੀ ਕਵੀ ਦਰਸ਼ਨ ਬੁੱਟਰ ਰੀਬਨ ਕੱਟਦੇ ਹੋਏ।








ਬਾਹਰੋਂ ਆਏ ਪਬਲੀਸ਼ਰਾਂ ਨਾਲ ਇੱਕ ਯਾਦਗਾਰ ਤਸਵੀਰ

# ਹੋਲੇ ਮਹੱਲੇ ਦੌਰਾਨ ਲੱਗੇ ਪੁਸਤਕ ਮੇਲੇ ਦੀਆਂ ਵੱਖ-ਵੱਖ ਝਲਕੀਆਂ



## ਹੋਲੇ ਮਹੱਲੇ ਦੌਰਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਾਸੋਂ ਪੰਜਾਬੀ ਦੇ ਉੱਘੇ ਸਾਹਿਤਕਾਰ ਸਨਮਾਨ ਹਾਸਿਲ ਕਰਦੇ ਹੋਏ।


ਡਾ.ਸੁਰਜੀਤ ਪਾਤਰ


ਡਾ.ਗੁਰਦੇਵ ਸਿੰਘ ਸਿੱਧੂ


ਸ. ਜਸਵੀਰ ਝੱਜ


ਸ.ਬਲਵੰਤ ਸਿੰਘ ਮਾਂਗਟ


ਡਾ. ਸੁਖਦੇਵ ਸਿੰਘ ਸਿਰਸਾ


ਡਾ. ਯਾਦਵਿੰਦਰ ਸਿੰਘ


ਸ. ਦਰਸ਼ਨ ਸਿੰਘ ਬੁੱਟਰ


ਸ. ਬਲਵਿੰਦਰ ਗਰੇਵਾਲ


ਡਾ. ਕੁਲਦੀਪ ਸਿੰਘ


ਸ੍ਰੀ ਸੁਸ਼ੀਲ ਦੁਸਾਂਝ


ਪ੍ਰੋ. ਅਵਤਾਰ ਸਿੰਘ


ਸ. ਬਲਕੌਰ ਸਿੰਘ ਗਿੱਲ


ਡਾ. ਅਮਰਜੀਤ ਕੌਰ


ਗੁਰਪ੍ਰੀਤ ਆਰਟਿਸਟ


ਸ. ਹਰਬੰਸ ਸਿੰਘ ਮਾਲਵਾ


ਸ. ਦਲਜਿੰਦਰ ਰਹਿਲ


ਮਾ. ਤੇਲੂ ਰਾਮ ਕੁਹਾੜਾ


ਅਮਨ ਆਜਾਦ

# ਹੋਲੇ ਮਹੱਲੇ ਦੀਆਂ ਵੱਖ-ਵੱਖ ਝਲਕੀਆਂ



ਟੀਮ ਦੇ ਨਵੇਂ ਅਤੇ ਪੁਰਾਣੇ ਹਾਕੀ ਖਿਡਾਰੀ ਕਰਕੇ ਕਰਵਾ ਰਹੇ ਸਨ। **ਭਜਨ ਸਿੰਘ** ਨੇ ਨਾਮਧਾਰੀ ਹਾਕੀ ਟੀਮ ਦੇ ਇਤਿਹਾਸ ਬਾਰੇ ਬੋਲਣਾ ਸ਼ੁਰੂ ਕੀਤਾ। 1975 ਈ. ਦੇ ਵਰਲਡ ਕੱਪ ਭਾਰਤੀ ਟੀਮ ਦੇ ਜਿੱਤਣ ਤੋਂ ਮਗਰੋਂ ਪੰਜਾਬ ਵਿੱਚ ਹਾਕੀ ਖਿਡਾਰੀਆਂ ਦੀ ਗਿਣਤੀ ਕਾਫੀ ਵਧਣ ਲੱਗੀ। ਉਸੇ ਸਮੇਂ ਨਾਮਧਾਰੀ ਹਾਕੀ ਟੀਮ ਦੀ ਸ਼ੁਰੂਆਤ ਹੋਈ ਪਹਿਲੇ ਬੈਚ ਦੇ ਖਿਡਾਰੀ ਤਾਂ ਆਪਣੇ ਤੌਰ 'ਤੇ ਥੋੜ੍ਹਾ ਬਹੁਤ ਖੇਡਦੇ ਰਹੇ ਪਰ ਸਿਸਟੇਮੈਟਿਕ ਤੌਰ 'ਤੇ 1976-77 ਈ. ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੋਚ ਰੱਖ ਕੇ ਸਾਰੇ ਪ੍ਰਬੰਧ ਕਰ ਕੇ ਹਾਕੀ ਖਿਡਾਉਣੀ ਸ਼ੁਰੂ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਹ ਹਾਕੀ ਖਿਡਾਰੀ ਸਵੇਰੇ ਅੰਮ੍ਰਿਤ ਵੇਲੇ ਉੱਠਦੇ, ਆਸਾ ਦੀ ਵਾਰ ਲਾਉਂਦੇ, ਸੋਧ ਰੱਖਦੇ, ਨਿਤਨੇਮ ਕਰਦੇ, ਫਿਰ ਗਰਾਊਂਡ ਜਾਂਦੇ, ਦੁਪਹਿਰੇ ਫਿਰ ਨਿਤਨੇਮ ਕਰਦੇ, ਸ਼ਾਮ ਨੂੰ ਗਰਾਊਂਡ ਤੋਂ ਬਾਅਦ ਰਹਿਰਾਸ-ਕੀਰਤਨ ਸੋਹਿਲੇ ਦਾ ਪਾਠ ਕਰ ਸੌਂਦੇ। ਇਸ ਤਰ੍ਹਾਂ ਹਾਕੀ ਖਿਡਾਰੀ ਗੁਰਸਿੱਖੀ ਜੀਵਨ ਅਤੇ ਹਾਕੀ ਦੋਵਾਂ ਦੇ ਵਿੱਚ ਨਿਪੁੰਨ ਹੋ ਰਹੇ ਸਨ। ਸਤਿਗੁਰੂ ਜੀ ਜਿੱਥੇ ਭਾਰਤੀ ਹਾਕੀ ਟੀਮ ਵਾਸਤੇ ਚੰਗੇ ਖਿਡਾਰੀ ਪੈਦਾ ਕਰ ਰਹੇ ਸਨ, ਉੱਥੇ ਹਾਕੀ ਦੇ ਰਾਹੀਂ ਸਿੱਖੀ ਸਰੂਪ ਦਾ ਪ੍ਰਚਾਰ ਦੇਸ਼ਾਂ-ਵਿਦੇਸ਼ਾਂ ਵੀ ਵਿਚ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਸਿੱਖੀ-ਪਹਿਰਾਵੇ ਵਾਲੀ, ਸਿਰ 'ਤੇ ਦਸਤਾਰ ਤੇ ਤੇੜ ਕਛਿਹਰਾ ਪਾ ਕੇ ਖੇਡਣ ਵਾਲੀ ਹਾਕੀ ਟੀਮ ਕੁਝ ਹੀ ਸਾਲਾਂ ਵਿੱਚ ਇਸ ਤਰ੍ਹਾਂ ਦੀ ਤਿਆਰ ਕਰ ਦਿੱਤੀ ਕਿ ਉਹ ਭਾਰਤ ਦੀਆਂ ਨਾਮਵਰ ਹਾਕੀ ਟੀਮਾਂ ਦੇ ਦੰਦ ਖੱਟੇ ਕਰਨ ਲੱਗ ਪਈ। ਇਸ ਟੀਮ ਨੇ ਕੇਵਲ ਭਾਰਤ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਜਾ ਕੇ ਵੀ ਵੱਡੇ ਨਾਮੀ ਟੂਰਨਾਮੈਂਟਾਂ ਤੇ ਜਿੱਤਾਂ ਹਾਸਲ ਕੀਤੀਆਂ। ਇਸ ਤੋਂ ਬਾਅਦ ਇਕ ਨਹੀਂ, ਦੋ ਨਹੀਂ, ਵਾਰੀ-ਵਾਰੀ ਛੇ-ਸੱਤ ਬੈਚ ਆਏ ਤੇ ਇਹ ਜਿੱਤਾਂ ਦਾ ਸਿਲਸਿਲਾ ਹੋਰ ਵਧੇਰੇ ਅੱਗੇ ਚਲਦਾ ਗਿਆ। ਹੁਣ ਵੀ ਸੱਤਵਾਂ ਤੇ ਅੱਠਵਾਂ ਬੈਚ ਨਾਮਧਾਰੀ ਹਾਕੀ ਟੀਮ ਦੇ ਨੌਜਵਾਨਾਂ ਦਾ ਹਾਕੀ ਖੇਡ ਰਿਹਾ ਹੈ। ਸਾਰੇ ਖਿਡਾਰੀ ਆਪੋ-ਆਪਣੀਆਂ ਥਾਵਾਂ ਤੇ ਵਧੀਆ ਸੈਟਲ ਹਨ। ਕਈ ਵਿਦੇਸ਼ਾਂ ਵਿੱਚ ਭਾਰਤ ਵਿਚ ਚੰਗੀਆਂ ਨੌਕਰੀਆਂ 'ਤੇ ਹਨ। ਨਾਮਧਾਰੀ ਹਾਕੀ ਖਿਡਾਰੀ ਬਹੁਤ ਸਾਰੇ ਅੰਤਰਰਾਸ਼ਟਰੀ ਮੈਚਾਂ ਵਿੱਚ ਖੇਡੇ, ਉਸ ਤੋਂ ਇਲਾਵਾ ਓਲੰਪਿਕ ਖੇਡਾਂ ਵਿੱਚ ਵੀ ਸ਼ਮੂਲੀਅਤ ਕੀਤੀ।

ਉਪਰੰਤ **ਸੰਤ ਨਿਸ਼ਾਨ ਸਿੰਘ** ਜੀ ਸੰਗਤ ਨੂੰ ਸੰਬੋਧਨ ਹੋਏ। ਉਨ੍ਹਾਂ ਨੇ ਅੱਜ ਦੇ ਸਤਿਗੁਰੂ ਪ੍ਰਤਾਪ ਸਿੰਘ ਦੇ ਪ੍ਰਕਾਸ਼ ਦਿਹਾੜੇ ਨਾਲ ਸਬੰਧਤ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਸਾਧ ਸੰਗਤ ਨੂੰ ਜਾਣੂੰ ਕਰਵਾਇਆ। ਉਨ੍ਹਾਂ ਦੱਸਿਆ ਕਿ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਹੋਇਆ, ਉਦੋਂ ਕਿਸ ਤਰ੍ਹਾਂ ਦਾ ਨਾਮਧਾਰੀ ਪੰਥ ਉੱਤੇ ਸਖ਼ਤੀਆਂ ਦਾ ਦੌਰ ਸੀ। ਭੈਣੀ ਸਾਹਿਬ ਦੀ ਡਿਓੜੀ ਵਿਚ ਪੁਲਿਸ ਚੌਂਕੀ ਬੈਠੀ ਹੋਈ ਸੀ। ਇੱਕ ਦਿਨ ਵਿੱਚ 10 ਤੋਂ ਵੱਧ ਆਦਮੀ ਦਰਸ਼ਨ ਨਹੀਂ ਸੀ ਕਰ ਸਕਦੇ। ਜਿਹੜਾ ਇੱਕ ਵਾਰੀ ਦਰਸ਼ਨ ਕਰ ਜਾਂਦਾ ਹੁਣ ਛੇ ਮਹੀਨੇ ਤੱਕ ਦੁਬਾਰਾ ਭੈਣੀ ਸਾਹਿਬ ਨਹੀਂ ਸੀ ਆ ਸਕਦਾ। ਪਰ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਗੁਰਤਾ ਗੱਦੀ ਤੇ ਸੁਭਾਇਮਾਨ ਹੋਏ, ਹੌਲੀ-ਹੌਲੀ ਇਹ ਸਖ਼ਤੀਆਂ ਦਾ ਦੌਰ ਘਟਦਾ ਗਿਆ ਤੇ ਉਨ੍ਹਾਂ ਨੇ ਆਪਣੇ ਸੁੱਖਾਂ ਨੂੰ ਆਪਣੇ ਸਿੱਖਾਂ ਨੂੰ ਵਿਸ਼ਾਲ ਸੁੱਖ ਪ੍ਰਦਾਨ ਕੀਤਾ। 1947 ਦੀ ਵੰਡ ਸਮੇਂ ਉੱਜੜ ਕੇ ਆਏ ਹਜ਼ਾਰਾਂ ਕੀ ਲੱਖਾਂ ਸਿੱਖਾਂ ਨੂੰ ਉਨ੍ਹਾਂ ਨੇ ਭੱਜ ਦੌੜ ਕਰ ਕੇ ਵਸਾਇਆ।

ਅੱਜ ਦੁਪਹਿਰ ਵੇਲੇ ਹੱਲੇ ਦੇ ਦੀਵਾਨਾਂ ਵਿਚ **ਸੂਬਾ ਅਜੀਤ ਸਿੰਘ ਬਟਾਲਾ** ਨੇ ਹੱਲੇ ਦਾ ਦੀਵਾਨ ਸਜਾਇਆ। ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹੋਏ ਹੋਲਿਆਂ ਦਾ ਵਰਣਨ ਕੀਤਾ। **ਜਥੇ. ਪ੍ਰੀਤਮ ਸਿੰਘ ਜੀ** ਨੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਸੰਗ ਸੁਣਾਇਆ। ਧਾਰਨਾ ਸੀ- 'ਗਿਲਾਨੀ ਧਰਮ ਕੀ ਹੋਤੀ ਹੈ ਤਬੀ ਅਵਤਾਰ ਆਤਾ ਹੈ।' **ਜਥੇ. ਗੁਰਲਾਲ ਸਿੰਘ** ਨੇ ਸਤਿਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਵਰਨਣ ਕੀਤਾ।

### ਸਤਿਜੁਗ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ

ਦੁਪਹਿਰੇ 12 ਵਜੇ ਸਤਿਜੁਗ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ ਸ਼ੁਰੂ ਹੋਇਆ। ਜਿਸ ਵਿੱਚ ਸਭ ਤੋਂ ਪਹਿਲੇ ਬੁਲਾਰੇ **ਸੁਵਰਨ ਸਿੰਘ ਵਿਰਕ** ਸਨ। ਉਨ੍ਹਾਂ ਨੇ ਦੱਸਿਆ ਕਿ ਅੱਜ ਅਸੀਂ ਸਤਿਜੁਗ ਦਾ 100 ਸਾਲਾ ਪ੍ਰਕਾਸ਼ਤ ਵਰ੍ਹਾ ਮਨਾ ਰਹੇ ਹਾਂ। 26 ਮਈ 1920 ਈ. ਵਿੱਚ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਯਤਨ ਨਾਲ ਇਹ ਪਰਚਾ ਸ਼ੁਰੂ ਹੋਇਆ। ਉਹ ਕਾਂਗਰਸ ਦੇ ਉੱਘੇ ਕਾਰਜਕਰਤਾ ਸਨ। ਪਹਿਲੇ ਪਰਚੇ ਦੇ ਸੰਪਾਦਕ ਨਿਰੰਕਾਰ ਸਿੰਘ ਚੇਤਨ ਸਨ। ਉਨ੍ਹਾਂ ਸਤਿਜੁਗ ਦੇ ਪਹਿਲੇ ਅੰਕ ਦੇ ਪਹਿਲੇ ਸਫ਼ੇ 'ਤੇ ਕਵਿਤਾ ਲਿਖੀ-

ਸਤਿਜੁਗ ਅਖ਼ਬਾਰ ਹੈ ਨਾਮ ਇਸ ਦਾ<br>
ਇਹਨੂੰ ਸ਼ੁਰੂ ਕੀਤਾ ਨਾਮਧਾਰੀਆਂ ਨੇ।

ਵਿਰਕ ਜੀ ਨੇ ਆਪਣੇ ਸਮੇਂ ਵਿੱਚ ਸਤਿਜੁਗ ਅਖ਼ਬਾਰ ਦੇ ਇਤਿਹਾਸ ਬਾਰੇ ਦੱਸਿਆ। ਉਨ੍ਹਾਂ ਸਤਿਜੁਗ

ਅਖ਼ਬਾਰ 'ਤੇ ਆਈਆਂ ਮੁਸ਼ਕਲਾਂ ਅੰਗਰੇਜ਼ ਸਰਕਾਰ ਵੱਲੋਂ ਹੋਏ ਜ਼ਬਤ ਪਰਚਿਆਂ ਦਾ ਵੇਰਵੇ ਨਾਲ ਜ਼ਿਕਰ ਕੀਤਾ। ਅਖ਼ਬਾਰ ਵਿੱਚ ਛਪਦੇ ਮੈਟਰ, ਉਨ੍ਹਾਂ ਦੇ ਸੰਪਾਦਕਾਂ, ਉਨ੍ਹਾਂ ਦੀ ਲਿਖਣ ਸ਼ੈਲੀ ਤੇ ਉਨ੍ਹਾਂ ਦੀ ਨਿਡਰਤਾ ਬਾਰੇ ਜ਼ਿਕਰ ਹੋਇਆ।

ਉਪਰੰਤ ਪੰਜਾਬੀ ਦੇ ਚਿੰਤਕ **ਡਾ. ਗੁਲਜ਼ਾਰ ਸਿੰਘ ਪੰਧੇਰ** ਸੰਗਤ ਨੂੰ ਸੰਬੋਧਨ ਹੋਏ। ਉਨ੍ਹਾਂ ਆਪਣੇ ਸਮੇਂ ਵਿੱਚ ਸਤਿਜੁਗ ਦੇ ਇਕ ਸਦੀ ਦੇ ਸਫ਼ਰ ਬਾਰੇ ਸੰਖੇਪ ਵਿਚ ਗੱਲਾਂ ਕੀਤੀਆਂ। ਲਾਹੌਰ ਤੋਂ ਸ਼ੁਰੂ ਹੋਣ ਵਾਲਾ ਅਖ਼ਬਾਰ, ਫਿਰ ਭੈਣੀ ਸਾਹਿਬ, ਫਿਰ ਜੀਵਨ ਨਗਰ, ਫਿਰ ਦਿੱਲੀ ਤੇ ਹੁਣ ਫਿਰ ਅੱਜ ਕੱਲ੍ਹ ਭੈਣੀ ਸਾਹਿਬ ਤੋਂ ਨਿਕਲ ਰਿਹਾ ਹੈ। ਉਨ੍ਹਾਂ ਦੱਸਿਆ ਨਾਮਧਾਰੀਆਂ ਦਾ ਇਹ ਪਰਚਾ ਅੰਗਰੇਜ਼ ਵਿਰੁੱਧ ਬਾਗੀਆਨਾ ਸੁਰ ਵਾਲਾ ਪਰਚਾ ਸੀ। ਇਹ ਨਿਧੜਕ ਹੋ ਕੇ ਆਪਣੇ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਦੇ ਹੱਕ ਵਿੱਚ ਲਿਖਦਾ ਤੇ ਅੰਗਰੇਜ਼ੀ ਸਰਕਾਰ ਦੀਆਂ ਕਾਲੀਆਂ ਕਰਤੂਤਾਂ ਨੂੰ ਨੰਗਿਆਂ ਕਰਦਾ। ਸਤਿਜੁਗ ਵਿਚ ਲਿਖਣ ਵਾਲੇ ਸੰਪਾਦਕ ਜੇਲ੍ਹਾਂ ਤੇ ਕਰੜੀਆਂ ਸਜ਼ਾਵਾਂ ਦੀ ਪਰਵਾਹ ਕੀਤੇ ਬਗੈਰ ਬੇਖ਼ੌਫ਼ ਹੋ ਕੇ ਲਿਖਦੇ ਸਨ। ਮੈਂ ਅੱਜ ਸਤਿਜੁਗ ਦੇ ਇਸ ਸ਼ਤਾਬਦੀ ਸਮਾਰੋਹ ਤੇ ਸ਼ਤਾਬਦੀ ਅੰਕ ਤਿਆਰ ਕਰਨ ਵਾਲਿਆਂ ਨੂੰ ਵਧਾਈ ਦਿੰਦਾ ਹਾਂ। ਇਹ ਅੰਕ ਬਹੁਤ ਹੀ ਸੁੰਦਰ ਤਿਆਰ ਹੋਇਆ ਹੈ। ਇਸ ਵਿੱਚ ਪੰਜਾਬੀ ਦੇ ਵੱਡੇ ਨਾਮਵਰ ਲੇਖਕਾਂ ਦੇ ਲੇਖ ਅਤੇ ਟਿੱਪਣੀਆਂ ਮੌਜੂਦ ਹਨ।

ਫਿਰ **ਸੁਰਿੰਦਰ ਕੈਲੇ** ਨੇ ਦੱਸਿਆ ਕਿ ਸਾਡੇ ਲਈ ਅੱਜ ਦਾ ਦਿਹਾੜਾ ਬਹੁਤ ਮਹੱਤਵਪੂਰਨ ਹੈ। ਅਸੀਂ ਸੌ ਸਾਲਾ ਦਿਹਾੜਾ ਸਤਿਜੁਗ ਦਾ ਮਨਾ ਰਹੇ ਹਾਂ। ਪੱਤਰਕਾਰੀ ਦੇ ਇਤਿਹਾਸ ਵਿੱਚ ਸਤਿਜੁਗ ਨੇ ਆਪਣਾ ਖਾਸ ਥਾਂ ਬਣਾਇਆ ਹੈ। ਅੰਗਰੇਜ਼ ਨੇ ਕੂਕਾ ਲਹਿਰ ਨੂੰ ਦਬਾਉਣ ਦੇ ਹਰ ਯਤਨ ਕੀਤੇ। ਪਰ ਇਹ ਲਹਿਰ ਓਨੇ ਹੀ ਜ਼ੋਰ ਨਾਲ ਵਧੀ, ਫੁੱਲੀ ਤੇ ਫੈਲੀ। ਨਾਮਧਾਰੀਆਂ ਦੇ ਸਾਦਾ ਜੀਵਨ, ਸਾਦੀ ਖ਼ੁਰਾਕ ਅਤੇ ਸਫ਼ਾਈ ਤੋਂ ਸਾਨੂੰ ਸਾਰੇ ਦੇਸ਼ ਨੂੰ ਸਿੱਖਿਆ ਲੈਣੀ ਚਾਹੀਦੀ ਹੈ। ਨਾਮਧਾਰੀਏ ਸਾਦਗੀ ਅਤੇ ਸੱਚਾਈ ਦੇ ਪਹਿਰੇਦਾਰ ਹਨ। ਉਨ੍ਹਾਂ ਦਾ ਇਹ ਪਰਚਾ ਹੱਕ-ਸੱਚ ਦੀ ਆਵਾਜ਼ ਬੁਲੰਦ ਕਰਨ ਲਈ ਹਰ ਔਕੜ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਰਿਹਾ ਹੈ।

**ਹਰਪਾਲ ਸਿੰਘ ਸੇਵਕ** ਨੇ ਬੋਲਦਿਆਂ ਆਖਿਆ ਸਤਿਜੁਗ ਦਾ ਇਹ ਪਰਚਾ 1920 ਈਸਵੀ ਤੋਂ ਸ਼ੁਰੂ ਹੋ ਕੇ 2020 ਈ. ਤਕ ਇਕ ਸਦੀ ਦਾ ਸਫ਼ਰ ਤੈਅ ਕਰ ਅੱਜ 101 ਵੇਂ ਸਾਲ ਵਿਚ ਦਾਖ਼ਲ ਹੋ ਗਿਆ ਹੈ। 1921 ਵਿੱਚ ਇਹ ਪਰਚਾ ਬੰਦ ਹੋ ਗਿਆ। ਉਸ ਤੋਂ ਬਾਅਦ 1922 ਈ. ਵਿੱਚ ਇਹ ਕੂਕਾ ਰੋਜ਼ਾਨਾ ਅਖ਼ਬਾਰ ਦੇ ਨਾਂ ਨਾਲ ਛਪਣਾ ਸ਼ੁਰੂ ਹੋਇਆ। ਜਿਸ ਦੇ ਸੰਪਾਦਕ ਨਿਧਾਨ ਸਿੰਘ ਆਲਮ ਸਨ। ਸਤਿਜੁਗ ਦੇ ਸ਼ਤਾਬਦੀ ਅੰਕ ਵਿਚ ਉਸ ਕੂਕਾ ਅਖ਼ਬਾਰ ਦੀ ਸਕੈਨਿੰਗ ਦੀਆਂ ਕੁਝ ਤਸਵੀਰਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਇਸ ਅੰਕ ਵਿਚ ਸਰਦਾਰ ਭਗਤ ਸਿੰਘ ਨੂੰ ਫਾਂਸੀ ਵੇਲੇ ਦੀਆਂ ਕਟਿੰਗਜ਼, ਉਸ ਤੋਂ ਇਲਾਵਾ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ, ਹਿੰਦੂ-ਸਿੱਖ ਮਿਲਾਪ ਕਾਨਫਰੰਸ, ਸਵਾ-ਲੱਖ ਪਾਠਾਂ ਦੇ ਭੋਗ, ਸੰਗੀਤ ਸੰਮੇਲਨ, ਵਿੱਦਿਅਕ ਸੰਮੇਲਨ ਦੀ ਸ਼ੁਰੂਆਤ, ਪਸ਼ੂ-ਮੇਲੇ ਇਤਿਆਦਿ ਇਤਿਹਾਸਕ ਘਟਨਾਵਾਂ ਵਿੱਚੋਂ ਵੰਨਗੀ ਮਾਤਰ ਸਕੈਨ ਕਟਿੰਗਜ਼ ਇਸ ਪਰਚੇ ਦਾ ਸ਼ਿੰਗਾਰ ਹਨ।

ਅਖੀਰ ਤੇ ਮੁੱਖ ਬੁਲਾਰੇ **ਡਾ. ਸੁਖਦੇਵ ਸਿੰਘ ਸਿਰਸਾ** ਮਾਈਕ 'ਤੇ ਆਏ। ਉਨ੍ਹਾਂ ਪੱਤਰਕਾਰੀ ਦੇ ਇਤਿਹਾਸ ਦੀ ਗੱਲ ਸ਼ੁਰੂ ਕੀਤੀ। ਉਨ੍ਹਾਂ ਕਿਹਾ ਅਸੀਂ ਸਤਿਗੁਰੂ ਸਤਿਗੁਰੂ ਜਗਜੀਤ ਸਿੰਘ ਜੀ ਦੇ 100 ਸਾਲਾ ਪ੍ਰਕਾਸ਼-ਪੁਰਬ ਦੇ ਨਾਲ-ਨਾਲ ਇਸ ਸਾਲ ਸਤਿਜੁਗ ਦਾ 100 ਸਾਲਾ ਵੀ ਮਨਾ ਰਹੇ ਹਾਂ। ਉਨ੍ਹਾਂ ਦੱਸਿਆ ਸਭ ਤੋਂ ਪਹਿਲਾਂ 'ਆਫ਼ਤਾਬ' ਨਾਮ ਦਾ ਅਖ਼ਬਾਰ ਸ਼ੁਰੂ ਹੋਇਆ। ਜੋ ਬੂਟਾ ਸਿੰਘ ਛਾਪਦੇ ਸਨ ਉਹ ਅਖ਼ਬਾਰ ਸਮੁੱਚੀ ਪੰਜਾਬੀਅਤ ਦੀ ਗੱਲ ਕਰਦੇ ਸਨ। ਉਦੋਂ ਉਨ੍ਹਾਂ ਵਿਚਲੇ ਮਸਲੇ ਪੰਜਾਬੀਆਂ ਦੇ ਸਾਂਝੇ ਮਸਲੇ ਸਨ। ਉਹ ਰਾਸ਼ਟਰਵਾਦ ਦੀ ਗੱਲ ਕਰਦੇ ਸਨ। ਉਹ ਰਾਸ਼ਟਰਵਾਦ ਜਿਸ ਵਿੱਚ ਕੋਈ ਵੀ ਧਰਮ-ਜਾਤ ਆਦਿ ਅੜਿੱਕਾ ਨਹੀਂ ਸੀ ਪਾਉਂਦੀ। ਉਸ ਤੋਂ ਬਾਅਦ ਵਿਚ ਕੁਝ ਅਖ਼ਬਾਰ ਅੰਗਰੇਜ਼ ਪੱਖੀ ਵੀ ਨਿਕਲਣੇ ਸ਼ੁਰੂ ਹੋਏ। ਜਿਨ੍ਹਾਂ ਵਿੱਚੋਂ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਵਰਗੇ ਲੇਖ ਛਪਦੇ। ਪਰ ਨਾਮਧਾਰੀਏ ਜਿਸ ਤਰ੍ਹਾਂ ਖ਼ੁਦ ਬਰਤਾਨਵੀ ਸਾਮਰਾਜ ਦੀ ਈਨ ਮੰਨਣ ਨੂੰ ਤਿਆਰ ਨਹੀਂ ਸਨ। ਉਸੇ ਤਰ੍ਹਾਂ ਇਨ੍ਹਾਂ ਦਾ ਅਖ਼ਬਾਰ 'ਸਤਿਜੁਗ' ਵੀ ਇਕ ਬੁਲੰਦ ਤੇ ਨਿਡਰ ਆਵਾਜ਼ ਨਾਲ ਸ਼ੁਰੂ ਹੋਇਆ। ਉਸ ਸਮੇਂ 'ਸਿੱਖ ਸਿਪਾਹੀ' ਨਾਮਕ ਮੈਗਜ਼ੀਨ ਨਿਕਲਦਾ ਸੀ। ਫਿਰ 'ਪੰਜਾਬੀ ਭੈਣ' ਵੀ ਮੈਗਜ਼ੀਨ ਨਿਕਲਦਾ ਰਿਹਾ। ਇਹ ਦੋਵੇਂ ਸਾਮਰਾਜ ਦੀ ਹਾਮੀ ਭਰਦੇ ਸਨ ਪਰ ਦੂਸਰੇ ਅਖ਼ਬਾਰ ਰੋਜ਼ਾਨਾ ਅਕਾਲੀ ਪੱਤ੍ਰਿਕਾ, ਬੱਬਰ ਸ਼ੇਰ, ਦੇਸ਼ ਸੇਵਕ, ਕ੍ਰਿਪਾਨ, ਬਹਾਦਰ ਆਦਿ ਅੰਗਰੇਜ਼ੀ ਸਾਮਰਾਜ ਨੂੰ ਚੁਣੌਤੀ ਦੇ ਰਹੇ ਸਨ। 'ਸਤਿਜੁਗ' ਵੀ ਇਸੇ ਕਿਸਮ ਦਾ ਅਖ਼ਬਾਰ ਸੀ। ਭਗਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਪੰਜਾਬੀ ਪੱਤਰਕਾਰੀ ਵਿੱਚ ਤਬਦੀਲੀ ਆਉਂਦੀ ਹੈ। ਸਤਿਜੁਗ ਦੀ ਦੇਣ ਪੰਜਾਬੀ ਪੱਤਰਕਾਰੀ ਨੂੰ ਮਹਾਨ ਦੇਣ ਹੈ।

ਇਹ ਗਿਆਨ ਦੇਣ ਵਾਲੀ ਦੇਣ ਸੀ। ਇਹ ਸੰਵਾਦ ਰਚਾਉਂਦੀ ਸੀ, ਆਪਣੇ ਵਿਚਾਰਾਂ ਨਾਲ ਦੂਸਰੇ ਵਿਚਾਰਾਂ ਨੂੰ ਕੱਟਦਿਆਂ ਝਗੜਾ ਨਹੀਂ ਸੀ ਕਰਦੀ। 'ਸਤਿਜੁਗ' ਆਪਣੇ ਵਿਚਾਰਾਂ 'ਤੇ ਦ੍ਰਿੜ੍ਹਤਾ ਰੱਖਦਿਆਂ ਦੂਸਰਿਆਂ ਨਾਲ ਸੰਵਾਦ ਰਚਾਉਂਦਾ ਗੱਲ ਦਲੀਲ ਤੇ ਹਲੀਮੀ ਨਾਲ ਕਰਦਾ। ਇਹ ਸਾਰਾ ਕੁਝ ਕਰਦਿਆਂ ਸੰਤੁਲਨ ਨਹੀਂ ਸੀ ਗੁਆਉਂਦਾ। 'ਸਤਿਜੁਗ' ਦੀ ਸੰਵਾਦ ਪ੍ਰੰਪਰਾ ਬਹੁਤ ਵਧੀਆ ਸੀ।

ਬੀਬੀ ਕਮਲਜੀਤ ਕੌਰ (ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ) ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਛਾਪੀ ਇੱਕ ਪੁਸਤਕ ਸਤਿਗੁਰੂ ਜੀ ਨੂੰ ਭੇਟ ਕੀਤੀ

ਉਪਰੰਤ ਡਾ. ਗੁਰਦੇਵ ਸਿੰਘ ਸਿੱਧੂ, ਗੁਰਪ੍ਰੀਤ ਆਰਟਿਸਟ ਬਠਿੰਡਾ, ਹਰਬੰਸ ਮਾਲਵਾ, ਜਸਵੀਰ ਝੱਜ, ਬਲਵਿੰਦਰ ਸਿੰਘ ਔਲਾ, ਮੁਖਤਿਆਰ ਸਿੰਘ, ਤੇਲੂ ਰਾਮ ਕੁਹਾੜਾ, ਦਲਜਿੰਦਰ ਰੀਹਲ, ਇੰਦਰ ਅਟਵਾਲ ਆਦਿ ਨੂੰ ਸਤਿਗੁਰੂ ਜੀ ਨੇ ਸਿਰੋਪਾਉ ਬਖ਼ਸ਼ੇ।

**ਨਿਤਨੇਮ ਤੇ ਕੀਰਤਨ–** ਇੱਥੇ ਦੋ ਵਜੇ ਸੈਮੀਨਾਰ ਦੀ ਸਮਾਪਤੀ ਹੋਈ ਉਪਰੰਤ 2 ਤੋਂ 3 ਨਾਮ ਸਿਮਰਨ ਹੋਇਆ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸੰਗਤ ਨੇ ਸਰਵਣ ਕੀਤਾ। ਦੂਰ ਦੁਰੇਡੇ ਤੋਂ ਆਈ ਸੰਗਤ ਨੇ ਸਤਿਗੁਰੂ ਜੀ ਦੇ ਦਰਸ਼ਨ ਪਰਸੇ। ਉਪਰੰਤ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ-ਸਾਜ਼ਾਂ ਨਾਲ ਰਸ-ਭਿੰਨਾ ਕੀਰਤਨ ਗਾਇਨ ਕੀਤਾ।

ਹੋਲੇ ਮਹੱਲੇ ਦੌਰਾਨ ਪੰਜ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਉਨ੍ਹਾਂ ਵਿੱਚੋਂ ਬੀਬੀ ਬਲਵੀਰ ਕੌਰ, ਬੀਬੀ ਹਰਭਜਨ ਕੌਰ ਅਤੇ ਪ੍ਰਧਾਨ ਸਾਧਾ ਸਿੰਘ ਦਿੱਲੀ ਵਾਲਿਆਂ ਨੂੰ 'ਨਿਸ਼ਕਾਮ ਸੇਵਕ' ਸਨਮਾਨ ਦਿੱਤਾ ਗਿਆ। ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੂੰ 'ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ' ਪੁਰਸਕਾਰ ਦਿੱਤਾ ਗਿਆ। ਪ੍ਰਿੰਸੀਪਲ ਜਗਜੀਤ ਕੌਰ ਨੂੰ 'ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ' ਦਿੱਤਾ ਗਿਆ।

ਅੱਜ ਦਿਨ ਦੇ ਵੇਲੇ ਗੁਰਪ੍ਰੀਤ ਆਰਟਿਸਟ ਬਠਿੰਡਾ ਨੇ ਇੱਕ ਵਰਕਸ਼ਾਪ ਲਾਈ ਹਰੀਮੰਦਰ ਵਿੱਚ ਜਿਸ 'ਚ ਉਨ੍ਹਾਂ ਨੇ ਬੱਚਿਆਂ ਨੂੰ ਫੋਟੋਗ੍ਰਾਫੀ ਬਾਰੇ ਟਿਪਸ ਦਿੱਤੇ। ਜਿਸ ਵਿਚ ਬੱਚਿਆਂ ਨੇ ਕਾਫ਼ੀ ਰੁਚੀ ਵਿਖਾਈ। ਗੁਰਪ੍ਰੀਤ ਸਿੰਘ ਜੀ ਵੱਲੋਂ ਇੱਕ-ਇੱਕ ਫੋਟੋ ਖਿੱਚ ਕੇ ਬੱਚਿਆਂ ਨੂੰ ਵਧੀਆ ਤਰੀਕੇ ਨਾਲ ਤਿਆਰ ਕਰਕੇ ਲਿਆਉਣ ਤੇ ਉਸ ਦੀ ਪ੍ਰਸੰਸਾ ਕੀਤੀ ਤੇ ਇਨਾਮ ਵੀ ਦਿੱਤੇ। ਗੁਰਪ੍ਰੀਤ ਸਿੰਘ ਦੀਆਂ ਤਸਵੀਰਾਂ ਦੇਸ਼ਾਂ-ਵਿਦੇਸ਼ਾਂ ਵਿੱਚ ਪ੍ਰਚੱਲਿਤ ਹਨ। ਉਹ ਪਹਿਲਾਂ ਵੀ ਦੋ ਵਾਰ ਸ੍ਰੀ ਭੈਣੀ ਸਾਹਿਬ ਲਾਈਵ ਪੇਂਟਿੰਗ ਕਰ ਚੁੱਕੇ ਹਨ ਤੇ ਪਿੱਛੇ ਜਿਹੇ ਕਿਸਾਨੀ ਮੋਰਚੇ ਲਈ ਵੱਖ-ਵੱਖ ਤਸਵੀਰਾਂ ਬਣਾ ਕੇ ਯੋਗਦਾਨ ਪਾਉਂਦੇ ਰਹੇ ਹਨ।

**ਰਾਤ ਦੇ ਦੀਵਾਨ–** ਰਾਤ ਦੇ ਦੀਵਾਨਾਂ ਵਿੱਚ ਸਭ ਤੋਂ ਪਹਿਲਾਂ ਜ. ਸੁਖਵੰਤ ਸਿੰਘ ਮੁਹਾਵਾ ਨੇ ਦੀਵਾਨ ਆਰੰਭ ਕੀਤਾ। ਜਸਵਿੰਦਰ ਸਿੰਘ ਭਿੰਡਰ, ਜ. ਗੁਰਬਚਨ ਸਿੰਘ ਵੀਰੋਕੇ, ਜ. ਹਰਪਾਲ ਸਿੰਘ ਭੈਣੀ ਸਾਹਿਬ, ਕਵੀਸ਼ਰ ਗੁਰਸੇਵਕ ਸਿੰਘ, ਜੋਗਾ ਸਿੰਘ ਭੰਬੂਰ, ਜ. ਜਸਬੀਰ ਸਿੰਘ ਖਿਆਲਾ ਨੇ ਹੱਲੇ ਦੇ ਦੀਵਾਨ ਲਾ ਕੇ ਸਤਿਗੁਰੂ ਰਾਮ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ।

**ਹੋਲੇ ਮਹੱਲੇ ਦਾ ਆਖਰੀ ਦਿਨ 1-4-2021 ਈ.**

ਅੱਜ ਹੋਲੇ ਮਹੱਲੇ ਦਾ ਆਖਰੀ ਦਿਨ ਸੀ। ਅੱਜ ਆਨੰਦ ਕਾਰਜ ਵੀ ਹੋਣੇ ਸਨ। ਅੱਜ ਦੇ ਦਿਨ ਆਨੰਦ ਕਾਰਜਾਂ ਵਿਚ ਸ੍ਰੀ ਸਤਿਗੁਰੂ ਜੀ ਦੇ ਸਪੁੱਤਰ ਕਾਕਾ ਉੱਤਮ ਸਿੰਘ ਜੀ ਦਾ ਅਨੰਦ ਕਾਰਜ ਬੀਬੀ ਜੀਵਨ ਕੌਰ ਜੀ ਨਾਲ ਹੋਣਾ ਸੀ। ਇਸ ਕਰਕੇ ਅੱਜ ਦਾ ਦਿਨ ਇਕ ਇਤਿਹਾਸਕ ਦਿਨ ਵੀ ਸੀ। ਅੱਜ ਕੁੱਲ 11 ਆਨੰਦ-ਕਾਰਜ ਸੰਪੂਰਨ ਹੋਏ। ਠੀਕ 6 ਵਜੇ ਸਾਰੇ ਲੜਕਿਆਂ ਨੂੰ ਕਤਾਰਾਂ ਵਿੱਚ ਬਿਠਾ ਕੇ ਅੰਮ੍ਰਿਤ ਛਕਾਇਆ ਗਿਆ। ਇਕ ਹਵਨ ਆਨੰਦ ਕਾਰਜਾਂ ਵਾਸਤੇ ਪਾਠੀ ਸਿੰਘਾਂ ਵੱਲੋਂ ਕੀਤਾ ਗਿਆ। ਇਸ ਵੇਲੇ ਗੁਰੂ ਰਾਮਦਾਸ ਜੀ ਦੁਆਰਾ ਉਚਾਰਨ ਕੀਤੀਆਂ ਲਾਵਾਂ ਨਾਲ ਜੋੜੀਆਂ ਦੇ ਅਨੰਦ ਕਾਰਜ ਹੋਏ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਧਾਰਨ ਪਾਠਾਂ ਦੇ ਤੇ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ, ਹਰਵਿੰਦਰ ਸਿੰਘ, ਸਤਨਾਮ ਸਿੰਘ, ਸ਼ਾਮ ਸਿੰਘ, ਸਰਮੁਖ ਸਿੰਘ, ਈਸ਼ਰ ਸਿੰਘ, ਅਜੇਪਾਲ ਸਿੰਘ, ਹਰਪ੍ਰੀਤ ਸਿੰਘ ਤੇ ਸਾਥੀ ਸਿੰਘਾਂ ਨੇ ਤੰਤੀ-ਸਾਜ਼ਾਂ ਨਾਲ ਗਾਇਨ ਕੀਤਾ। ਸੂਰਜ ਚੜ੍ਹਨ ਦਾ ਸਮਾਂ ਹੋ ਰਿਹਾ ਸੀ। ਰਾਗੀ ਸਿੰਘ ਉੱਚੀ ਸੁਰਾਂ ਵਿੱਚ 'ਤੁਮ ਘਰ ਆਵਹੁ ਮੇਰੇ ਮੀਤ' ਉਚਾਰਨ ਕਰ ਰਹੇ ਸਨ। ਸਭ ਸੰਗਤਾਂ ਵਾਰੋ-ਵਾਰੀ ਨਮਸਕਾਰ ਕਰ ਕੇ ਆਪਣੀ ਜਗ੍ਹਾ ਤੇ ਬੈਠ ਕੇ ਗੁਰਬਾਣੀ ਦਾ ਆਨੰਦ ਲੈ ਰਹੀਆਂ ਸਨ। ਇਸ ਸਮੇਂ ਬਾਹਰਲਾ ਪੰਡਾਲ ਖਚਾ-ਖੱਚ ਸੰਗਤ ਨਾਲ ਭਰਿਆ ਹੋਇਆ ਸੀ।

ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਉਨ੍ਹਾਂ ਦੇ

ਕਲਿਆਣ ਵਾਸਤੇ ਪਵਿੱਤਰ ਉਪਦੇਸ਼ ਦਿੱਤਾ। ਉਪਰੰਤ ਗਿਆਰਾਂ ਲੜਕੇ-ਲੜਕੀਆਂ ਦੇ ਆਨੰਦ ਕਾਰਜ ਹੋਏ।

**ਹੋਲਾ ਮਹੱਲਾ-** ਇਸ ਸਾਲ ਦਾ ਨਾਮਧਾਰੀ ਹੋਲਾ-ਮਹੱਲਾ ਨਾਮਧਾਰੀ ਹਾਕੀ ਟੀਮ ਦੇ ਪੁਰਾਣੇ ਤੇ ਨਵੇਂ ਖਿਡਾਰੀਆਂ ਨੇ ਮਿਲ ਕੇ ਕਰਵਾਇਆ। ਇਹ ਸਾਰੇ ਖਿਡਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸਿੱਖੀ ਵਿਚ ਰਹਿ ਕੇ ਹਾਕੀ ਖੇਡੇ। ਉਨ੍ਹਾਂ ਨੇ ਸਤਿਗੁਰੂ ਜੀ ਨਾਲ ਇੱਕ ਯਾਦਗਾਰੀ ਤਸਵੀਰ ਵੀ ਖਿਚਵਾਈ।

**ਪੰਡਾਲ-** ਹਰ ਸਾਲ ਦੀ ਤਰ੍ਹਾਂ ਪ੍ਰਤਾਪ ਮੰਦਰ ਦੇ ਨਾਲ ਲੱਗਦੇ ਖੇਡ ਮੈਦਾਨ ਵਿੱਚ ਇੱਕ ਸੁੰਦਰ ਪੰਡਾਲ ਤਿਆਰ ਕਰਵਾਇਆ ਗਿਆ ਜੋ ਕਿ ਵਾਟਰਪਰੂਫ ਸੀ। ਸਟੇਜ ਨੂੰ ਫੁੱਲ ਬੂਟਿਆਂ ਤੇ ਤਸਵੀਰਾਂ ਨਾਲ ਸ਼ਿੰਗਾਰਿਆ ਗਿਆ ਸੀ। ਸਟੇਜ ਦੇ ਇੱਕ ਪਾਸੇ ਰਾਗੀ ਤੇ ਦੂਜੇ ਪਾਸੇ ਬਾਹਰੋਂ ਆਏ ਪਤਵੰਤੇ ਸੱਜਣ ਤੇ ਵਿਚਕਾਰ ਸ੍ਰੀ ਸਤਿਗੁਰੂ ਜੀ ਦੀ ਪਾਲਕੀ ਸੁਸ਼ੋਭਿਤ ਸੀ। ਬਿਰਧ ਸਿੰਘਾਂ-ਮਾਈਆਂ ਲਈ ਕੁਰਸੀਆਂ ਦਾ ਇੰਤਜ਼ਾਮ ਸੀ। ਬਿਰਧਾਂ ਨੂੰ ਪੰਡਾਲ ਵਿੱਚ ਲਿਆਉਣ ਦੀ ਸੇਵਾ ਸੰਤ ਸ਼ੇਰ ਸਿੰਘ, ਸੰਤ ਭਗਵਾਨ ਸਿੰਘ ਨੇ ਕੀਤੀ। ਇਸ ਵਾਰ ਸ੍ਰੀ ਭੈਣੀ ਸਾਹਿਬ ਦੀ ਦਿੱਖ ਬਹੁਤ ਹੀ ਆਕਰਸ਼ਿਤ ਸੀ ਥਾਂ-ਥਾਂ ਉੱਤੇ ਸੁੰਦਰ ਫੁੱਲਾਂ ਦੇ ਗੁਲਦਸਤੇ ਬਣੇ ਹੋਏ ਸਨ। ਮੇਨ ਗੇਟ ਤੋਂ ਲੈ ਕੇ ਪੰਡਾਲ ਤੱਕ ਸੁੰਦਰ ਗਮਲਿਆਂ ਦੇ ਨਾਲ ਸਾਰੀ ਸੜਕ ਖ਼ੂਬਸੂਰਤ ਦਿਖ ਰਹੀ ਸੀ। ਇਹ ਸਾਰੀ ਸੇਵਾ ਸੰਤ ਸੁਖਦੇਵ ਸਿੰਘ ਹੁਰਾਂ ਦੀ ਟੀਮ ਨੇ ਕੀਤੀ। ਹੋਲੇ ਮਹੱਲੇ ਦੌਰਾਨ ਹਰੀ ਮੰਦਰ ਤੋਂ ਲੈ ਕੇ ਮੇਨ ਗੇਟ ਤੱਕ ਹਾਕੀ ਖਿਡਾਰੀਆਂ ਨਾਲ ਸਬੰਧਤ ਸਤਿਗੁਰੂ ਜੀ ਦੀਆਂ ਅਤੇ ਹਾਕੀ ਟੀਮਾਂ ਦੀਆਂ ਤਸਵੀਰਾਂ ਦੀ ਇਕ ਪ੍ਰਦਰਸ਼ਨੀ ਦਾ ਨਜ਼ਾਰਾ ਵੀ ਦੇਖਣ ਨੂੰ ਮਿਲਦਾ ਰਿਹਾ। ਇਸ ਤੋਂ ਇਲਾਵਾ ਇੱਕ **ਪ੍ਰਦਰਸ਼ਨੀ** ਸਤਿਗੁਰੂ ਜਗਜੀਤ ਸਿੰਘ ਲਾਇਬ੍ਰੇਰੀ ਦੇ ਸਾਹਮਣੇ ਹਵਨ ਮੰਡਪ ਵਿੱਚ ਵੀ ਲਾਈ ਗਈ। ਇਹ ਪ੍ਰਦਰਸ਼ਨੀ ਹਰਪਾਲ ਸਿੰਘ ਸੇਵਕ, ਮਲਕੀਤ ਸਿੰਘ ਤੇ ਸੰਤ ਸੁਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਲਾਈ।

**ਗੰਨੇ ਦਾ ਰਸ-** ਸਾਧ ਸੰਗਤ ਨੂੰ ਗੰਨੇ ਦਾ ਰਸ ਛਕਾਉਣ ਲਈ ਸੂਬਾ ਗੁਲਜ਼ਾਰ ਸਿੰਘ, ਜਸਬੀਰ ਸਿੰਘ ਤੇ ਦੁਆਬੇ ਦੀ ਸੰਗਤ ਵੱਲੋਂ ਸੇਵਾ ਕੀਤੀ ਗਈ।

**ਪਾਰਕਿੰਗ** ਦੀ ਸੇਵਾ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਵੱਲੋਂ ਪੰਚਾਇਤ ਮੈਂਬਰ ਗੁਰਪ੍ਰੀਤ ਸਿੰਘ ਗੋਪੀ ਦੀ ਅਗਵਾਈ ਵਿੱਚ ਕੀਤੀ ਗਈ। ਡੇਰੇ ਦਾ ਪ੍ਰਬੰਧ ਸੰਤ ਪਿਆਰਾ ਸਿੰਘ, ਬਿਜਲੀ ਦਾ ਪ੍ਰਬੰਧ ਸੰਤ ਹਰਭਜਨ ਸਿੰਘ ਹੁਰਾਂ ਦੀ ਟੀਮ ਵਲੋਂ ਅਤੇ ਸਫ਼ਾਈ ਦੀ ਸੇਵਾ ਸਮੂਹ ਸਾਧ-ਸੰਗਤ ਵੱਲੋਂ ਕੀਤੀ ਗਈ।

**ਲੰਗਰ ਦੀ ਸੇਵਾ-** ਮਾਤਾ ਗੁਰਸ਼ਰਨ ਕੌਰ ਜੀ ਦੀ ਅਗਵਾਈ ਵਿੱਚ ਲੰਗਰ ਦੀ ਸੇਵਾ ਦਾ ਕੰਮ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ। ਜਿਸ ਨੂੰ ਭੈਣੀ ਸਾਹਿਬ ਦੀਆਂ ਬੀਬੀਆਂ ਅਤੇ ਬਾਹਰੋਂ ਆਈਆਂ ਬੀਬੀਆਂ ਨੇ ਬਾਖ਼ੂਬੀ ਨਿਭਾਇਆ।

ਹਰ ਰੋਜ਼ ਲੰਗਰ ਵਿੱਚ ਵੱਖ-ਵੱਖ ਤਰ੍ਹਾਂ ਦੇ ਸਵਾਦਿਸ਼ਟ ਪਕਵਾਨ ਤਿਆਰ ਹੁੰਦੇ ਰਹੇ ਤੇ ਸੰਗਤਾਂ ਗੱਫੇ ਲਾਉਂਦੀਆਂ ਰਹੀਆਂ। ਸੋਧ ਦੇ ਲੰਗਰ ਵਿੱਚ ਹਰਪਾਲ ਸਿੰਘ ਸੋਧੀ ਆਪਣੇ ਜਥੇ ਸਮੇਤ ਦਿਨ ਰਾਤ ਸੇਵਾ ਕਰਦੇ ਰਹੇ।

**ਸਟੇਜ ਸਕੱਤਰ ਦੀ ਸੇਵਾ-** ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਨਿਭਾਈ।

**ਪੁਸਤਕ ਮੇਲੇ ਦਾ ਪ੍ਰਬੰਧ-** ਗੁਰਲਾਲ ਸਿੰਘ, ਹਰਕੀਰਤ ਸਿੰਘ, ਜਸਵੰਤ ਸਿੰਘ ਮਸਤ, ਭਜਨ ਸਿੰਘ ਗੁਰਭਗਤ ਸਿੰਘ ਪੂਰਬਾ, ਤਰਨ ਸਿੰਘ ਬੱਲ ਤੇ ਗੁਰਭਗਤ ਸਿੰਘ ਨੇ ਕੀਤਾ।

ਅੰਤ ਵਿੱਚ ਅਸੀਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਸਾਰੀ ਸੰਗਤ ਨੂੰ ਸੇਵਾ-ਸਿਮਰਨ ਦਾ ਬਲ ਬਖਸ਼ੋ। ਇਸ ਤਰ੍ਹਾਂ ਦੇ ਹੋਲੇ-ਮੇਲੇ ਲੱਗਦੇ ਰਹਿਣ। ਸਤਿਗੁਰੂ ਜੀ ਦੀ ਸਿੱਖੀ ਦਾ ਪ੍ਰਚਾਰ ਹੁੰਦਾ ਰਹੇ। ਹਾਕੀ ਖਿਡਾਰੀਆਂ ਵੱਲੋਂ ਕਰਵਾਇਆ ਹੋਲਾ-ਮਹੱਲਾ ਆਪਣੀਆਂ ਢੇਰ ਸਾਰੀਆਂ ਯਾਦਾਂ ਨੂੰ ਸਾਂਝਾ ਕਰਦਾ ਹੋਇਆ, ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਝੋਲੀਆਂ ਵਿੱਚ ਪਾ ਕੇ ਇੱਕ ਅਮਿੱਟ ਛਾਪ ਛੱਡ ਗਿਆ।

**ਗੁਰਦੇਵ ਸਿੰਘ ਚੀਮਾ**

.....................................................

**ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ।**

# ਸ੍ਰੀ ਸਤਿਗੁਰੂ ਉਦੇ ਸਿੰਘ ਦਾ ਮੱਧ ਪ੍ਰਦੇਸ ਦਾ ਦੌਰਾ

**24 ਤੋਂ 29 ਜਨਵਰੀ 2021 (ਮੱਧ ਪ੍ਰਦੇਸ) –** ਸੱਚੇ ਪਾਤਸ਼ਾਹ ਸਤਿਗੁਰੂ ਉਦੇ ਸਿੰਘ ਜੀ ਮੱਧ ਪ੍ਰਦੇਸ ਦੇ ਸੜਦੇ ਬਲਦੇ ਜੀਆਂ ਦੇ ਹਿਰਦਿਆਂ ਨੂੰ ਠਾਰਨ ਵਾਸਤੇ ਦੌਰਾ ਆਰੰਭਿਆ। **24 ਜਨਵਰੀ 2021** ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਰਾਜਸਥਾਨ ਤੋਂ ਹੁੰਦੇ ਹੋਏ **26 ਜਨਵਰੀ 2021** ਨੂੰ ਦੁਪਹਿਰ 1 ਵਜੇ ਮੱਧ ਪ੍ਰਦੇਸ਼ ਦੇ ਸ਼ਿਓਪੁਰ ਜ਼ਿਲ੍ਹੇ ਦੇ ਵਸਨੀਕ, ਸ. ਗੁਰਵਿੰਦਰ ਸਿੰਘ ਪਿਤਾ ਗੁਰਮੀਤ ਸਿੰਘ ਅਖੰਡ ਪਾਠੀ ਦੇ ਘਰ ਆਣ ਡੇਰਾ ਕੀਤਾ।

ਥੋੜ੍ਹਾ ਜਲ-ਪਾਣੀ ਛਕਣ ਤੋਂ ਬਾਅਦ ਨਿਤਨੇਮ ਵਿੱਚ ਆਉਣ ਤੋਂ ਪਹਿਲਾਂ ਕਈਆਂ ਘਰਾਂ ਜੈਸੇ ਸੰਤ ਟਹਿਲ ਸਿੰਘ ਜੀ, ਸਵ. ਸੰਤ ਚਰਨਜੀਤ ਸਿੰਘ, ਸੰਤ ਲੱਖਾ ਸਿੰਘ, ਸੰਤ ਜਸਬੀਰ ਸਿੰਘ ਸਾਰੇ ਪਰਿਵਾਰਾਂ ਵਿੱਚ ਸਵ. ਸੰਤ ਅਵਤਾਰ ਸਿੰਘ ਤੇ ਹੋਰ ਕਈਆਂ ਘਰਾਂ ਵਿੱਚ ਚਰਨ ਪਾ ਕੇ ਸੰਤ ਮਨਜੀਤ ਸਿੰਘ ਜੀ ਦੇ ਗ੍ਰਿਹਿ ਵਿਖੇ ਪਹੁੰਚੇ।

ਸੰਤ ਮਨਜੀਤ ਸਿੰਘ ਜੀ ਨੇ ਸੁੰਦਰ ਸ਼ਮਿਆਨੇ ਲਗਾ ਕੇ ਸਟੇਜ ਬਣਾਇਆ ਹੋਇਆ ਸੀ। ਉੱਥੇ ਨਿਤਨੇਮ 3 ਤੋਂ 4 ਵਜੇ ਤੱਕ ਹੋਇਆ। 4 ਤੋਂ 5 ਸੰਤ ਗੁਰਲਾਲ ਸਿੰਘ ਭੈਣੀ ਸਾਹਿਬ ਵਾਲਿਆਂ ਨੇ ਦੀਵਾਨ ਲਗਾਇਆ। ਧੰਨੇ ਭਗਤ ਦੀ ਕਥਾ ਸੁਣਾਈ। ਸੰਗਤਾਂ ਬਹੁਤ ਪ੍ਰਭਾਵਤ ਹੋਈਆਂ। ਰਾਤ ਨੂੰ ਫਿਰ ਗੁਰਵਿੰਦਰ ਸਿੰਘ ਦੇ ਘਰ ਵਿਸ਼ਰਾਮ ਕੀਤਾ।

**26 ਜਨਵਰੀ 2021** ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਰਮੁੱਖ ਸਿੰਘ, ਸ਼ਾਮ ਸਿੰਘ ਅਤੇ ਗੁਰਲਾਲ ਸਿੰਘ ਨੇ ਕੀਤਾ। ਉਸ ਤੋਂ ਬਾਅਦ ਲੰਗਰ ਪਾਣੀ ਛਕ ਕੇ ਕੁਝ ਕੁ ਘਰਾਂ ਵਿੱਚ ਚਰਨ ਪਾ ਕੇ ਸੱਚੇ ਪਾਤਸ਼ਾਹ ਜੀ ਦੀਆਂ ਗੱਡੀਆਂ ਉਥੋਂ ਰਵਾਨਾ ਹੋਈਆਂ।

ਸ਼ਿਉਪੁਰ ਤੋਂ ਸਿਵਪੁਰੀ 140 ਕਿਲੋਮੀਟਰ ਸਫ਼ਰ ਕਰ ਕੇ ਸੰਤ ਗੁਰਦੇਵ ਸਿੰਘ ਰੰਧਾਵਾ ਦੇ ਘਰ ਚਰਨ ਪਾਏ। ਇੱਥੇ ਆਲੇ ਦੁਆਲੇ ਦੀ ਬਹੁਤ ਸੰਗਤ ਇਕੱਤਰ ਸੀ। ਸਾਰੀ ਸੰਗਤ ਨੇ ਮੱਥਾ ਟੇਕਿਆ ਅਤੇ ਆਪੋ ਆਪਣੀਆਂ ਅਰਜ਼ਾ ਵੀ ਕੀਤੀਆਂ। ਇਹ ਫਾਰਮ, ਸਾਬਨ ਫਾਰਮ ਦੇ ਨਾਮ ਤੇ ਪ੍ਰਸਿੱਧ ਹੈ।

ਸ਼ਿਵਪੁਰੀ ਸ਼ਹਿਰ ਤੋਂ ਦਰਸ਼ਨ ਦੇ ਹੁਣ ਸਾਰਾ ਕਾਫ਼ਲਾ ਆਪੋ ਆਪਣੀਆਂ ਗੱਡੀਆਂ ਤੇ ਰਵਾਨਾ ਹੋਇਆ। ਕਰੀਬ ਸ਼ਾਮ 5 ਕੁ ਵਜੇ ਗ਼ਰੀਬ ਨਿਵਾਜ਼ ਜੀ ਪਿੰਡ ਕਬੀਰੀ ਜ਼ਿਲ੍ਹਾ ਅਸ਼ੋਕ ਨਗਰ ਜੋ ਸ਼ਿਵਪੁਰੀ ਤੋਂ 110 ਕਿਲੋਮੀਟਰ ਹੈ ਉਥੇ ਪਹੁੰਚੇ। ਪਹਿਲਾਂ ਰਸਤੇ ਵਿੱਚ ਸੰਤ ਹਰਦੇਵ ਸਿੰਘ, ਮਿਲਖਾ ਸਿੰਘ ਭਗਵਾਨਪੁਰ, ਗੋਵਿੰਦ ਸਿੰਘ ਢਾਕੋਨੀ, ਸੰਤ ਬਲਜੀਤ ਸਿੰਘ, ਸੰਤ ਨਿਸ਼ਾਨ ਸਿੰਘ ਕਬੀਰੀ, ਸੰਤ ਜੋਗਾ ਸਿੰਘ ਦੇ ਘਰ ਚਰਨ ਪਾਏ। ਫਿਰ ਡੇਰਾ ਕੀਤਾ ਸੰਤ ਕਾਬਲ ਸਿੰਘ, ਦਰਸ਼ਨ ਸਿੰਘ ਅਤੇ ਮੁਖਤਿਆਰ ਸਿੰਘ ਦੇ ਘਰ।

ਉਸ ਤੋਂ ਬਾਅਦ ਸੋਹਣੇ ਸੱਜੇ ਹੋਏ ਸਟੇਜ 'ਤੇ ਦਰਸ਼ਨ ਦਿੱਤੇ ਅਤੇ ਨਿਤਨੇਮ ਅਰਦਾਸਾ ਸੋਧ ਕੇ ਸ਼ੁਰੂ ਕੀਤਾ। ਅਰਦਾਸ ਹਮੇਸ਼ਾ ਸੰਤ ਆਸਾ ਸਿੰਘ ਹਜ਼ੂਰੀ ਸੇਵਕ ਕਰਦੇ ਰਹੇ ਅਤੇ ਨਾਲ-ਨਾਲ ਹੀ ਸੰਤ ਗੁਰਲਾਲ ਸਿੰਘ ਦੇ ਦੀਵਾਨ ਵੀ ਲਗਾਇਆ।

ਸ਼ਾਮ ਦੇ ਦੀਵਾਨ ਉਪਰੰਤ ਸਾਰੇ ਪਿੰਡ ਦੇ ਬਾਕੀ ਘਰਾਂ ਵਿੱਚ ਚਰਨ ਪਾਏ। ਫੇਰ ਪ੍ਰਸ਼ਾਦਾ ਪਾਣੀ ਛਕ ਕੇ ਸਾਰੀ ਸੰਗਤ ਬਿਰਾਜ ਗਈ। ਅੰਮ੍ਰਿਤ ਵੇਲੇ ਉੱਠ ਇਸ਼ਨਾਨ ਕਰ ਕੇ ਸੱਚੇ ਪਾਤਸ਼ਾਹ ਆਸਾ ਦੀ ਵਾਰ ਵਿੱਚ ਦਰਸ਼ਨ ਦਿੱਤੇ। ਸਾਧ ਸੰਗਤ ਹੁੰਮ ਹੁਮਾ ਕੇ ਆਈ। ਲੇਕਿਨ ਉਸ ਦਿਨ ਠੰਢ ਬਹੁਤ ਜ਼ਿਆਦਾ ਸੀ। ਅਸੀਂ ਸਾਰੇ ਕੰਬ ਰਹੇ ਸੀ।

ਵਾਰ ਤੋਂ ਬਾਅਦ ਫਿਰ ਸੰਤ ਸੁਰਜੀਤ ਸਿੰਘ ਵੱਲ ਅਤੇ ਇੱਕ ਦੋ ਘਰਾਂ ਵਿੱਚ ਹੋਰ ਚਰਨ ਪਾਏ। ਸੱਚੇ ਪਾਤਸ਼ਾਹ ਜੀ ਨੇ ਸਭ ਦੀਆਂ ਅਰਜ਼ਾਂ ਸੁਣੀਆਂ ਅਤੇ ਗੁਰਸੇਵਕ ਸਿੰਘ ਪਿੰਡ ਖੁਰਦ ਦੀ ਇੱਕ ਲੱਖ ਨਾਲ ਅਤੇ ਕਬੀਰੀ ਦੀ ਬੀਬੀ ਕੁਲਵੰਤ ਕੌਰ ਦੀ ਪੰਜਾਹ ਹਜ਼ਾਰ ਨਾਲ ਮਦਦ ਕੀਤੀ। ਉਸ ਤੋਂ ਬਾਅਦ ਪ੍ਰਸ਼ਾਦ ਪਾਣੀ ਛਕ ਕੇ ਕਾਫ਼ਲਾ ਰਵਾਨਾ ਹੋਇਆ। ਇਹ ਪ੍ਰੋਗਰਾਮ 27 ਜਨਵਰੀ 2021 ਨੂੰ ਹੋਇਆ।

ਆਪੋ ਆਪਣੀਆਂ ਗੱਡੀਆਂ 'ਤੇ ਸਵਾਰ ਹੋ ਸਾਰੇ ਸਤਿਗੁਰੂ ਜੀ ਨਾਲ ਚਲੇ ਕਬੀਰੀ ਤੋਂ ਕੋਈ 40 ਕਿਲੋਮੀਟਰ 'ਤੇ ਇਕ ਬੇਤਵਾ ਨਦੀ ਤੇ ਡੈਮ ਹੈ (ਰਾਜਘਾਟ) ਉਸ ਨੂੰ ਵੇਖਣ ਲਈ ਸੱਚੇ ਪਾਤਸ਼ਾਹ ਪੈਦਲ ਡੈਮ ਤੇ ਚੜ੍ਹੇ। ਮੈਂ (ਸੂਬਾ ਸੁਰਿੰਦਰ ਸਿੰਘ) ਥੋੜ੍ਹਾ ਪਿੱਛੇ ਰਹਿ ਗਿਆ ਸਾਂ। ਜਦੋਂ ਮੈਂ ਡੈਮ ਤੇ ਦੌੜ ਕੇ ਚੜਿਆ ਸਾਂ ਤਾਂ ਗ਼ਰੀਬ ਨਿਵਾਜ਼ ਜੀ ਨੇ ਮੈਨੂੰ ਪੁੱਛਿਆ ਸੂਬਾ ਜੀ ਤੁਸੀਂ 70 ਕੁ ਸਾਲ ਦੇ ਹੋ ਗਏ ਹੋਵੋਗੇ। ਮੈਂ ਹਾਂ ਵਿੱਚ ਸਿਰ ਹਿਲਾਇਆ ਤਾਂ ਪਾਤਸ਼ਾਹ ਜੀ ਬਚਨ ਕੀਤਾ ਚੰਗਾ ਸਰੀਰ ਹੈ, ਦੌੜਕੇ ਚੜ੍ਹ ਗਏ ਹੋ। ਇਹ ਵਰਦਾਨ ਪਾ ਕੇ ਮੇਰੇ ਮਨ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ।

ਉਸ ਤੋਂ ਬਾਅਦ ਗੱਡੀਆਂ ਚੱਲ ਕੇ ਝਾਂਸੀ ਤੋਂ

ਕਾਨਪੁਰ ਰੋਡ ’ਤੇ ਏਟ ਸ਼ਹਿਰ ਦੇ ਪਾਸ ਸਤਿਗੁਰੂ ਜੀ ਆਪਣੇ ਫਾਰਮ ’ਤੇ ਪਹੁੰਚੇ। ਪੂਰਾ ਫਾਰਮ ਵੇਖਣ ਦਾ ਅਵਸਰ ਮਿਲਿਆ। ਪੂਰੇ ਫਾਰਮ ਵਿਚ ਮਟਰ ਹੀ ਮਟਰ ਸਨ। ਕੋਈ 300 ਸੌ ਮਜ਼ਦੂਰ ਫਲੀਆਂ ਤੋੜ ਰਹੇ ਸਨ। ਸਤਿਗੁਰੂ ਜੀ ਨੇ ਪ੍ਰਬੰਧਕਾਂ ਨੂੰ ਪੁੱਛਿਆ ਇਹ ਮਜ਼ਦੂਰ ਪ੍ਰਸ਼ਾਦਾ ਕਿਥੇ ਛਕਦੇ ਹਨ। ਜਵਾਬ ਮਿਲਿਆ ਜੀ, ਆਪੋ ਆਪਣੀ ਪਕਾ ਕੇ ਛਕਦੇ ਹਨ। ਗ਼ਰੀਬ ਨਿਵਾਜ਼ ਜੀ ਹੁਕਮ ਕੀਤਾ ਦੁਪਹਿਰ ਦਾ ਲੰਗਰ ਚੰਗਾ ਵਧੀਆ ਬਣਾ ਕੇ ਇਨ੍ਹਾਂ ਨੂੰ ਛਕਾਇਆ ਕਰੋ।

ਫਾਰਮ ਤੋਂ ਚੱਲ ਕੇ ਕਾਫ਼ਲਾ ਸਤਿਗੁਰੂ ਜੀ ਦੇ ਨਾਲ ਫਿਰ 6 ਵਜੇ ਸ਼ਾਮ ਨੂੰ ਡਬਰੇ ਸ਼ਹਿਰ ਪੁੱਜਾ। ਇੱਥੇ ਸੰਤ ਰਘਬੀਰ ਸਿੰਘ ਦੇ ਘਰ ਬਹੁਤ ਸਾਰੀ ਸੰਗਤ ਉਡੀਕ ਰਹੀ ਸੀ। ਜੈਸੇ ਹੀ ਰਘਬੀਰ ਸਿੰਘ ਦੇ ਘਰ ਚਰਨ ਪਾਏ ਮੱਥਾ ਟੇਕਣ ਵਾਲਿਆਂ ਦਾ ਤਾਂਤਾ ਬੱਝ ਗਿਆ। ਸਭ ਦੀਆਂ ਅਰਜ਼ਾਂ ਸੁਣੀਆਂ ਕੋਈ ਅੱਧਾ ਕੁ ਘੰਟਾ ਲੱਗਿਆ ਇੱਥੇ।

ਡਬਰੇ ਤੋਂ ਚੱਲ ਕੇ ਪਿੰਡ ਬਦੇਸਰ ਜਥੇਦਾਰ ਲੱਖਾ ਸਿੰਘ, ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਦੇ ਘਰ ਪੁੱਜੇ, ਸੱਚੇ ਪਾਤਸ਼ਾਹ ਸਟੇਜ ’ਤੇ ਦਰਸ਼ਨ ਦਿੱਤੇ। 7 ਵਜੇ ਤੋਂ 8 ਵਜੇ ਤੱਕ ਨਿਤਨੇਮ ਅਤੇ ਨਾਲ ਹੀ ਦੀਵਾਨ ਸਜਿਆ। ਭੋਗ ਦੀ ਅਰਦਾਸ ਉਪਰੰਤ ਗ਼ਰੀਬ ਨਿਵਾਜ਼ ਜੀ ਆਪਣੇ ਡੇਰੇ ਤੇ ਪਹੁੰਚੇ। ਡੇਰਾ ਸੰਤ ਗੁਰਭੇਜ ਸਿੰਘ ਦੇ ਗ੍ਰਹਿ ਵਿਖੇ ਸੀ।

ਅੰਮ੍ਰਿਤ ਵੇਲੇ ਸਾਰੀ ਸੰਗਤ ਇਸ਼ਨਾਨ ਆਦਿ ਕਰ ਕੇ ਆਸਾ ਦੀ ਵਾਰ ਵਿੱਚ ਦਰਸ਼ਨ ਦਿੱਤੇ **28 ਫਰਵਰੀ 2021** ਨੂੰ ਸੰਤ ਲੱਖਾ ਸਿੰਘ ਜੀ ਦੇ ਘਰ ਸੰਗਤ ਬਹੁਤ ਹੁੰਮ-ਹੁੰਮਾ ਕੇ ਆਈ। ਭੋਗ ਉਪਰੰਤ ਪਿੰਡ ਵਿੱਚ ਸਾਰੇ ਨਾਮਧਾਰੀ ਘਰਾਂ ਵਿੱਚ ਚਰਨ ਪਾਏ। ਜਦੋਂ ਚਰਨ ਪਾ ਰਹੇ ਸੀ ਤਾਂ ਇੱਕ ਖੁੱਲ੍ਹਾ ਸਰੀਰ ਜਿਸ ਨੇ ਸੜਕ ਵਿਚ ਹੀ ਆ ਮੱਥਾ ਟੇਕਿਆ ਅਤੇ ਘਰ ਚਰਨ ਪਾਉਣ ਦੀ ਅਰਜ਼ ਕੀਤੀ। ਗ਼ਰੀਬ ਨਿਵਾਜ਼ ਜੀ ਚਰਨ ਪਾਏ ਤਾਂ ਉਸ ਦਾ ਲੜਕਾ ਜਿਸ ਨੇ ਬੈਂਕ ਵਿੱਚ ਸਰਵਿਸ ਲਈ ਅਪਲਾਈ ਕੀਤਾ ਹੋਇਆ ਸੀ ਉਸ ਨੂੰ ਅਗਲੇ ਦਿਨ ਹੀ ਸਰਵਿਸ ਮਿਲ ਗਈ। ਬੜਾ ਖੁਸ਼ ਹੈ ਉਹ ਸਰੀਰ। ਉਸ ਤੋਂ ਬਾਅਦ ਪ੍ਰਸ਼ਾਦ ਪਾਣੀ ਛਕ ਕੇ ਸਤਿਗੁਰੂ ਜੀ ਦੇ ਨਾਲ ਸਾਰਾ ਕਾਫ਼ਲਾ ਰਵਾਨਾ ਹੋਇਆ। ਇਕ ਘੰਟੇ ਦੇ ਸਫ਼ਰ ਬਾਅਦ ਗੱਡੀਆਂ ਸੂਬਾ ਸਰਬਜੀਤ ਸਿੰਘ ਗਵਾਲੀਅਰ ਵਾਲ਼ਿਆਂ ਦੇ ਵੱਡੇ ਭਰਾਤਾ ਸੰਤ ਮਨਮੋਹਨ ਸਿੰਘ ਦੇ ਘਰ ਪੁੱਜ ਗਈਆਂ। ਉਨ੍ਹਾਂ ਦੀ ਸਿਹਤ ਕੁਝ ਠੀਕ ਨਹੀਂ ਸੀ। ਪਾਤਸ਼ਾਹ ਜੀ ਦੇ ਦਰਸ਼ਨ ਪਰਸ ਕੇ ਸਾਰਾ ਪਰਿਵਾਰ ਗਦਗਦ ਹੋਇਆ।

ਉਸ ਤੋਂ ਬਾਅਦ ਸਵ. ਮਾ. ਕੁਲਵੰਤ ਸਿੰਘ ਜੀ ਦੇ ਕਾਲਜ ਵਿੱਚ ਨਿਤਨੇਮ ਦਾ ਪ੍ਰੋਗਰਾਮ ਸੀ। ਜਿਉਂ ਹੀ ਉੱਥੇ ਪੁੱਜੇ ਤਾਂ ਇੰਨੀ ਸੁੰਦਰ ਬਿਲਡਿੰਗ ਦੇਖ ਕੇ ਮੈਂ ਤਾਂ ਹੈਰਾਨ ਰਹਿ ਗਿਆ। ਸਤਿਗੁਰੂ ਜੀ ਵੀ ਬਹੁਤ ਖ਼ੁਸ਼ ਲੱਗਦੇ ਸਨ। ਉੱਥੇ ਤਾਂ ਸਾਰੇ ਮਸਤ ਹੋ ਗਏ ਸੀ। ਇਕ ਘੰਟੇ ਦੀ ਬਜਾਏ ਡੇਢ ਘੰਟਾ ਨਿਤਨੇਮ ਹੋਇਆ। ਨਾਲ-ਨਾਲ ਕੀਰਤਨ ਵੀ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ ਕੀਤਾ। ਹਾਲ ਬੜਾ ਵੱਡਾ ਸੀ। ਸਾਧ ਸੰਗਤ ਨਾਲ ਭਰਿਆ ਪਿਆ ਸੀ। ਭੋਗ ਦੀ ਅਰਦਾਸ ਆਸਾ ਸਿੰਘ ਸੇਵਕ ਹੁਰਾਂ ਕੀਤੀ। ਅਸੀਂ ਸਾਰੇ ਸੱਚੇ-ਪਾਤਸ਼ਾਹ ਜੀ ਸੇਵਕਾਂ ਤੋਂ ਬਿਨਾਂ ਮੇਰਾ ਡਰਾਈਵਰ ਜੁਝਾਰ ਸਿੰਘ, ਗੁਰਵਿੰਦਰ ਸਿੰਘ, ਜਸਵੰਤ ਸਿੰਘ ਵੈਦ ਸਾਰਾ ਦੌਰਾਂ ਨਾਲ ਨਾਲ ਰਹੇ ਸਾਂ। ਸਾਢੇ ਬਾਰਾਂ ਵਜੇ ਸੱਚੇ ਪਾਤਸ਼ਾਹ ਜੀ ਦੀਆਂ ਗੱਡੀਆਂ ਅੱਖਾਂ ਤੋਂ ਓਹਲੇ ਹੋ ਗਈਆਂ।

**ਸੂਬਾ ਸੁਰਿੰਦਰ ਸਿੰਘ ਐਮ.ਪੀ**

.......................................................

## ਬਾਕੀ ਸਫ਼ਾ 24 ਦੀ (ਪੁਸਤਕ ਮੇਲਾ)

ਤਾਂ ਤਿੰਨ-ਤਿੰਨ, ਚਾਰ-ਚਾਰ ਹਜ਼ਾਰ ਦੀਆਂ ਕਿਤਾਬਾਂ ਵੀ ਲਈਆਂ। ਸਮੁੱਚੇ ਪੁਸਤਕ ਮੇਲੇ ਵਿਚ ਸੰਗਤ ਨੇ 10 ਕੁ ਲੱਖ ਦੀਆਂ ਕਿਤਾਬਾਂ ਖਰੀਦੀਆਂ। ਇਕੱਲੇ ਸਤਿਜੁਗ ਸਟਾਲ ਤੋਂ ਦੋ ਲੱਖ ਵੀਹ ਹਜ਼ਾਰ ਦੀਆਂ ਕਿਤਾਬਾਂ ਦੀ ਵਿਕਰੀ ਹੋਈ। ਪਹਿਲੀ ਵਾਰੀ ਕਿਸੇ ਧਾਰਮਿਕ ਸਥਾਨ ਤੇ ਪੁਸਤਕਾਂ ਨੂੰ ਇੰਨਾ ਚੰਗਾ ਹੁੰਗਾਰਾ ਪੁਸਤਕ ਮੇਲੇ ਦੇ ਸਫ਼ਲ ਹੋਣ ਦੀ ਸ਼ਹਾਦਤ ਭਰਦਾ ਹੈ। ਹਾਕੀ ਟੀਮ ਵਾਲਿਆਂ ਪ੍ਰਬੰਧਕਾਂ ਜੋ ਇਸ ਹੋਲੇ ਦੀ ਸੇਵਾ ਕਰਵਾ ਰਹੇ ਸਨ, ਨੇ ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ ਸ੍ਰੀ ਭੈਣੀ ਸਾਹਿਬ ਲਈ ਇੱਕ ਲੱਖ ਦੀਆਂ ਕਿਤਾਬਾਂ ਪੁਸਤਕ ਮੇਲੇ ’ਚੋਂ ਖ਼ਰੀਦ ਕੇ ਲਾਇਬਰੇਰੀ ਨੂੰ ਭੇਟ ਕੀਤੀਆਂ। ਇਸ ਤੋਂ ਇਲਾਵਾ ਅਮਰੀਕਾ ਤੋਂ ਅਨਮੋਲਕ ਸਿੰਘ ਹਾਕੀ ਕੋਚ ਨੇ ਲਾਇਬਰੇਰੀ ਨੂੰ ਪੰਜਾਹ ਹਜ਼ਾਰ ਦੀਆਂ ਕਿਤਾਬਾਂ ਭੇਟ ਕੀਤੀਆਂ।

ਇਸ ਪੁਸਤਕ ਮੇਲੇ ਦੀ ਪ੍ਰਬੰਧਕ ਕਮੇਟੀ (ਹਰਕੀਰਤ ਸਿੰਘ, ਭਜਨ ਸਿੰਘ, ਜਸਵੰਤ ਸਿੰਘ ਮਸਤ, ਗੁਰਲਾਲ ਸਿੰਘ) ਨੂੰ ਗੁਰਭੇਜ ਸਿੰਘ ਗੁਰਾਇਆ ਤੇ ਗੁਰਭਗਤ ਸਿੰਘ ਪੂਰਬਾ ਯੋਗ ਸਲਾਹਾਂ ਦਿੰਦੇ ਰਹੇ। ਗੁਰਦੇਵ ਸਿੰਘ ਚੀਮਾ, ਸਵਿੰਦਰ ਸਿੰਘ, ਗੁਰਭਗਤ ਸਿੰਘ ਭਗਤੀ, ਮਾਲਵਿੰਦਰ ਮਾਨ, ਮਲਕੀਤ ਸਿੰਘ, ਤਰਨ ਸਿੰਘ ਬੱਲ ਪੁਸਤਕ ਮੇਲੇ ਵਿੱਚ ਹਰ ਸੇਵਾ ਲਈ ਤਤਪਰ ਰਹੇ। ਇਹ ਪੁਸਤਕ ਮੇਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ 400 ਸਾਲਾ ਪ੍ਰਕਾਸ਼ ਪੁਰਬ ਤੇ ਸਤਿਜੁਗ ਸ਼ਤਾਬਦੀ ਨੂੰ ਸਮਰਪਿਤ ਸੀ।

**ਜਸਵੰਤ ਸਿੰਘ ਮਸਤ**

.......................................................

# ਸਤਿਗੁਰੂ ਜੀ ਦਾ ਸੱਤ ਦਿਨਾ ਉੱਤਰ ਪ੍ਰਦੇਸ ਦੌਰਾ

**14 ਤੋਂ 20 ਮਾਰਚ 2021**

ਬੀਤੇ ਸਾਲ 2020 ਦੇ ਮਹਾਂਮਾਰੀ ਕੋਰੋਨਾ ਦੇ ਪ੍ਰਭਾਵ ਵਿਚੋਂ ਬਾਹਰ ਨਿਕਲਦੇ ਹੋਏ ਹਰ ਪਾਸੇ ਕੁਝ ਰਾਹਤ ਮਹਿਸੂਸ ਕਰਦੇ ਹੋਏ ਲੋਕਾਂ ਨੂੰ ਕੁਝ ਸੁੱਖ ਦਾ ਸਾਹ ਆਇਆ ਅਤੇ ਹੋਣ ਵਾਲੇ ਧਾਰਮਿਕ ਸਮਾਗਮਾਂ ਵਿਚ ਰੌਣਕਾਂ ਮੁੜ ਪਰਤ ਆਈਆਂ। ਇਸੇ ਉਦੇਸ਼ ਨੂੰ ਮੁੱਖ ਰੱਖਦਿਆਂ ਹੋਇਆਂ ਯੂ. ਪੀ. ਨਿਵਾਸੀ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉੱਤਰ ਪ੍ਰਦੇਸ ਦੇ ਦੌਰੇ ਦੀ ਪ੍ਰਵਾਨਗੀ ਦਿੱਤੀ ਅਤੇ ਪੂਰੇ ਦੌਰੇ ਦਾ ਪ੍ਰੋਗਰਾਮ ਉਲੀਕਿਆ ਗਿਆ।

**ਮਿਤੀ 14 ਮਾਰਚ 2021 ਈ.** ਦਿਨ ਐਤਵਾਰ ਮਿੱਥੇ ਹੋਏ ਪ੍ਰੋਗਰਾਮ ਦੇ ਮੁਤਾਬਕ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਦੇ ਸਿੱਖ ਸੇਵਕ ਅਤੇ ਸਕਿਓਰਿਟੀ ਦੇ ਜਵਾਨ ਸੜਕੀ ਰਸਤੇ 13 ਮਾਰਚ ਨੂੰ ਸ਼ਾਮ ਤੱਕ ਲਖਨਊ ਸ. ਜੰਗ ਸਿੰਘ ਜੀ ਦੇ ਗ੍ਰਹਿ ਵਿਖੇ ਪਹੁੰਚ ਚੁੱਕੇ ਸਨ। 14 ਤਰੀਕ ਨੂੰ ਸਵੇਰੇ 7:15 ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹਵਾਈ ਸਫ਼ਰ ਰਾਹੀਂ ਬੰਗਲੌਰ ਤੋਂ ਚੱਲ ਕੇ ਲਖਨਊ ਦੇ ਚੌਧਰੀ ਚਰਨ ਸਿੰਘ ਹਵਾਈ ਅੱਡੇ 'ਤੇ ਆਣ ਉਤਰੇ। ਸਾਧ ਸੰਗਤ ਵੱਲੋਂ ਬੜੇ ਹੀ ਉਤਸ਼ਾਹ ਨਾਲ ਫੁੱਲ ਮਾਲਾਵਾਂ ਤੇ ਗੁਲਦਸਤੇ ਭੇਟ ਕਰਦਿਆਂ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ ਗਿਆ। ਇੱਥੋਂ ਹੀ ਅਰੰਭਤਾ ਹੋਈ ਸ੍ਰੀ ਸਤਿਗੁਰੂ ਜੀ ਦੇ ਦੌਰੇ ਦੀ। ਹਵਾਈ ਅੱਡੇ ਤੋਂ ਚੱਲ ਕੇ ਲਖਨਊ ਦੇ ਸਰੋਜਨੀ ਨਗਰ ਸ. ਬਲਦੇਵ ਸਿੰਘ ਰਿਟਾਇਰਡ ਡੀ. ਐੱਸ. ਪੀ. ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ, ਜਿਨ੍ਹਾਂ ਦੀ ਕੁਝ ਸਿਹਤ ਠੀਕ ਨਹੀਂ ਸੀ। ਸ. ਬਲਵੀਰ ਸਿੰਘ ਬੈਂਕ ਅਧਿਕਾਰੀ ਦੇ ਘਰ ਚਰਨ ਪਾਏ। ਇੱਥੋਂ ਹੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫ਼ਲਾ ਸੁਲਤਾਨਪੁਰ ਲਈ ਰਵਾਨਾ ਹੋਇਆ। ਤਕਰੀਬਨ 10:50 ਤੇ ਸ਼ਹਿਰ ਸੁਲਤਾਨਪੁਰ ਵਿਖੇ ਸੂਬਾ ਰਤਨ ਸਿੰਘ ਜੀ ਦੇ ਗ੍ਰਹਿ ਵਿਖੇ ਪਹੁੰਚਣ 'ਤੇ ਸ੍ਰੀ ਸਤਿਗੁਰੂ ਜੀ ਦਾ ਸੰਗਤ ਵੱਲੋਂ ਸਵਾਗਤ ਕੀਤਾ ਗਿਆ। ਕੁਝ ਦੇਰ ਛੋਟੇ ਬੱਚਿਆਂ ਨਾਲ ਸ੍ਰੀ ਸਤਿਗੁਰੂ ਜੀ ਬੈਠੇ ਅਤੇ ਬੱਚਿਆਂ ਤੋਂ ਪਾਠ ਸੁਣਿਆ। ਬੱਚੇ ਸਨ- ਗੁਰਸਿਮਰ ਸਿੰਘ, ਸਿਫ਼ਤ ਕੌਰ, ਗੋਬਿੰਦ ਸਿੰਘ ਰਿਸਕਾ, ਗੁਣਮੈ, ਆਸਾ ਸਿੰਘ, ਆਤਮਾ ਸਿੰਘ, ਗਿਆਨ ਸਿੰਘ, ਕਿਸ਼ਨ ਕੌਰ। ਇੱਥੇ ਹੀ ਸ. ਗੁਰਦੇਵ ਸਿੰਘ, ਰਾਜ ਬਹਾਦਰ ਸਿੰਘ, ਇੰਦਰਪਾਲ ਸਿੰਘ ਪੁੱਤਰ ਸ. ਗੁਰਚਰਨ ਸਿੰਘ ਦੇ ਘਰ ਨਾਮ ਸਿਮਰਨ ਹੋਇਆ। ਜ. ਕਮਾਲ ਸਿੰਘ ਭੈਣੀ ਸਾਹਿਬ ਨੇ ਕਥਾ ਕੀਤੀ ਅਤੇ ਬੱਚੇ ਗੋਬਿੰਦ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਸੁਲਤਾਨਪੁਰ ਤੋਂ ਵਾਪਸੀ ਕਰਦੇ ਹੋਏ ਲਖਨਊ ਜੰਗ ਸਿੰਘ ਦੇ ਗ੍ਰਹਿ ਵਿਖੇ ਸ਼ਾਮ ਦੇ ਨਾਮ-ਸਿਮਰਨ ਵਿੱਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਾਮ ਸਿਮਰਨ ਉਪਰੰਤ ਰਾਗੀ ਸਤਨਾਮ ਸਿੰਘ ਤੇ ਸ਼ਾਮ ਸਿੰਘ ਨੇ ਕੀਰਤਨ ਕੀਤਾ। ਲਖਨਊ ਵਿਖੇ ਹੀ ਸ. ਕੁਲਬੀਰ ਸਿੰਘ, ਸੰਤੋਖ ਸਿੰਘ, ਚਰਨਜੀਤ ਸਿੰਘ ਦੇ ਘਰ ਚਰਨ ਪਾਏ। ਸ. ਦਰਸ਼ਨ ਸਿੰਘ, ਗੁਰਦੇਵ ਸਿੰਘ, ਗੁਰਦਿਆਲ ਸਿੰਘ, ਗੁਰਦੀਪ ਸਿੰਘ, ਬਲਜੀਤ ਸਿੰਘ, ਦਵਿੰਦਰ ਸਿੰਘ, ਪਰਮਜੀਤ ਸਿੰਘ, ਕਰਮਜੀਤ ਸਿੰਘ, ਬਲਵਿੰਦਰ ਸਿੰਘ, ਜਗਦੀਸ਼ ਸਲੂਜਾ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੇ ਹੀ ਰਾਤ ਵਿਸ਼ਰਾਮ ਕੀਤਾ।

**15 ਮਾਰਚ 2021 ਦਿਨ ਸੋਮਵਾਰ** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਤਨਾਮ ਸਿੰਘ ਤੇ ਸ਼ਾਮ ਸਿੰਘ ਨੇ ਸ. ਜੰਗ ਸਿੰਘ ਦੇ ਗ੍ਰਹਿ ਵਿਖੇ ਹੀ ਕੀਤਾ। ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਆਈ ਹੋਈ ਸੰਗਤ ਨੂੰ ਆਪਣੇ ਪਵਿੱਤਰ ਉਪਦੇਸ਼ ਵਿੱਚ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦਾ ਉਚੇਚਾ ਹੁਕਮ ਕੀਤਾ। ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਆਪਣੇ ਪੂਰੇ ਜਥੇ ਸਮੇਤ ਜ਼ਿਲਾ ਸੀਤਾਪੁਰ ਦੀ ਤਹਿਸੀਲ ਖੈਰ ਅਹਿਮਦਾਬਾਦ ਦੇ ਪਿੰਡ ਮੀਆਂਪੁਰ ਵਿਖੇ ਸ. ਗੁਰਦੇਵ ਸਿੰਘ, ਗੁਰਮੁਖ ਸਿੰਘ, ਰੇਸ਼ਮ ਸਿੰਘ ਅਤੇ ਕਰਮਜੀਤ ਸਿੰਘ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਕਰਵਾਏ ਜਾ ਰਹੇ ਮੇਲੇ ਵਿੱਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ। ਇਲਾਕੇ ਦੀ ਪੂਰੀ ਸਾਧ ਸੰਗਤ ਹਾਜ਼ਰ ਸੀ, ਮੇਲੇ ਦੀ ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਆਪਣੇ ਸਿੱਖਾਂ ਨੂੰ ਖੁਸ਼ੀਆਂ ਦੇ ਕੇ ਨਿਵਾਜਿਆ। ਇੱਥੋਂ ਹੀ ਜ਼ਿਲ੍ਹਾ ਲਖੀਮਪੁਰ ਦੇ ਮਹੀਪੁਰਵਾ ਵਿਖੇ ਸ. ਜਸਵੰਤ ਸਿੰਘ ਮਲਕ ਫਾਰਮ ਵਾਲੇ ਦੀ ਮੋਟਰ ਸਾਈਕਲਾਂ ਦੀ ਏਜੰਸੀ ਦੇ ਸ਼ੋਅਰੂਮ ਵਿਖੇ ਚਰਨ ਪਾਏ। ਇੱਥੇ ਹੀ ਸ.

ਅਵਤਾਰ ਸਿੰਘ ਪੁੱਤਰ ਜਸਵੰਤ ਸਿੰਘ, ਗੁਰਮੁਖ ਸਿੰਘ ਦੇ ਘਰ ਚਰਨ ਪਾਏ। ਪਿੰਡ ਨੈਨੀਆਂ ਵਿਖੇ ਸ. ਦਿਆਲ ਸਿੰਘ, ਨਾਨਕ ਸਿੰਘ, ਅਮਰੀਕ ਸਿੰਘ, ਸੁਖਵੰਤ ਸਿੰਘ, ਜੰਗੀਰ ਸਿੰਘ, ਮੋਹਨ ਸਿੰਘ ਦੇ ਪਰਿਵਾਰਾਂ 'ਤੇ ਕਿਰਪਾ ਕਰਦੇ ਹੋਏ ਘਰਾਂ ਵਿੱਚ ਚਰਨ ਪਾਏ। ਸ਼ਾਮ ਤਕ ਸ੍ਰੀ ਸਤਿਗੁਰੂ ਜੀ ਨੇ ਮਲਕ ਫਾਰਮ ਆਨ ਦਰਸ਼ਨ ਦਿੱਤੇ। ਸ਼ਾਮ 7:30 ਤੇ ਪੰਡਾਲ ਵਿੱਚ ਸਾਧ ਸੰਗਤ ਹਾਜ਼ਰ ਸੀ। ਜ. ਬਲਬੀਰ ਸਿੰਘ ਭੈਣੀ ਸਾਹਿਬ ਵਾਲੇ ਦੀਵਾਨ ਸਜਾ ਰਹੇ ਸਨ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਮਲਕ ਫਾਰਮ ਵਿਖੇ ਹੀ ਜਲ ਪਾਣੀ ਛਕਣ ਉਪਰੰਤ ਸ. ਹਰਮੀਤ ਸਿੰਘ ਦੇ ਘਰੇ ਡੇਰਾ ਕਰ ਰਾਤ ਵਿਸ਼ਰਾਮ ਕੀਤਾ।

**ਮਿਤੀ 16 ਮਾਰਚ 2021** ਦਿਨ ਮੰਗਲਵਾਰ ਮਲਕ ਫਰਮ ਵਿਖੇ ਹੀ ਸ. ਬਲਵਿੰਦਰ ਸਿੰਘ ਦੇ ਘਰ ਬਣੇ ਪੰਡਾਲ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਤਨਾਮ ਸਿੰਘ ਅਤੇ ਸ਼ਾਮ ਸਿੰਘ ਨੇ ਕੀਤਾ। ਵਾਰ ਸਮਾਪਤੀ ਸਮੇਂ ਸ. ਚਰਨਜੀਤ ਸਿੰਘ ਲਖਨਊ ਵਾਲਿਆਂ ਦੇ ਪੋਤਰੇ ਅਤੇ ਛੋਟੀ ਬੱਚੀ ਨੇ ਸਿਤਾਰ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਵਜਾਈ। ਹੋਰ ਬੱਚਿਆਂ ਨੇ ਕਵਿਤਾਵਾਂ ਪੜ੍ਹੀਆਂ ਅਤੇ ਪਾਠ ਸੁਣਾਇਆ, ਮਲਕ ਫਾਰਮ ਵਿਖੇ ਹੀ ਸ. ਪਰਮਜੀਤ ਸਿੰਘ, ਲੱਖਾ ਸਿੰਘ, ਖਜਾਨ ਸਿੰਘ, ਜਰਨੈਲ ਸਿੰਘ, ਮਲਕੀਅਤ ਸਿੰਘ, ਗੁਰਦੇਵ ਸਿੰਘ, ਜਸਵੰਤ ਸਿੰਘ, ਮਨਜੀਤ ਸਿੰਘ, ਜੰਗੀਰ ਸਿੰਘ, ਤਰਲੋਕ ਸਿੰਘ, ਸੁਰਿੰਦਰ ਸਿੰਘ, ਮਨਜੀਤ ਸਿੰਘ, ਦੁੰਮਣ ਸਿੰਘ, ਕਰਨੈਲ ਸਿੰਘ ਤੇ ਸਵਿੰਦਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਦੁਪਹਿਰ ਦਾ ਨਾਮ ਸਿਮਰਨ ਮਲਕ ਫਾਰਮ ਵਿਖੇ ਹੀ ਹੋਇਆ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਪਾਠਾਂ ਦੇ ਭੋਗ ਪਾਏ ਗਏ ਅਤੇ ਮੇਲੇ ਦੀ ਸਮਾਪਤੀ ਹੋਈ। ਮਲਕ ਫਾਰਮ ਤੋਂ ਚੱਲ ਕੇ 84 ਫਾਰਮ ਹੁੰਦੇ ਸ. ਗਿਆਨ ਸਿੰਘ, ਮਨਜੀਤ ਸਿੰਘ ਅਤੇ ਦਲਜੀਤ ਸਿੰਘ ਦੇ ਘਰ ਚਰਨ ਪਾਏ ਅਤੇ ਹਰਮਨ ਸਿੰਘ ਹਰਜੀ ਨੂੰ ਗੁਰਸਿੱਖੀ ਨਾਲ ਜੋੜਨ ਦਾ ਹੁਕਮ ਕੀਤਾ। ਸ੍ਰੀ ਸਤਿਗੁਰੂ ਜੀ ਨੇ ਫ਼ਜ਼ਲ ਨਗਰ ਸ. ਬਲਵੰਤ ਸਿੰਘ, ਸੰਤ ਪਾਲਾ ਸਿੰਘ ਦੇ ਭਰਾ ਦੇ ਘਰ ਦਰਸ਼ਨ ਦਿੱਤੇ। ਵਸਲੀ ਫ਼ਾਰਮ ’ਚ ਦਿਆਲ ਸਿੰਘ, ਬਲਜਿੰਦਰ ਸਿੰਘ ਦੇ ਘਰ ਦਰਸ਼ਨ ਦਿੱਤੇ। ਸੰਸਾਰਪੁਰ ਸੰਦੀਪ ਸਿੰਘ ਦੇ ਘਰ ਚਰਨ ਪਾਏ। ਗੋਲਾ ਸ਼ਹਿਰ ਦੇ ਨਾਲ ਕੁੰਦਵਾ ਫਾਰਮ ਮੋਹਨ ਸਿੰਘ ਦੇ ਘਰ ਹੋ ਰਹੇ ਨਾਮ ਸਿਮਰਨ ਵਿੱਚ ਸ੍ਰੀ ਸਤਿਗੁਰੂ ਜੀ ਆਣ ਦਰਸ਼ਨ ਦਿੱਤਾ। ਜਥੇਦਾਰ ਕਮਾਲ ਸਿੰਘ ਨੇ ਕਥਾ ਕੀਤੀ, ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਗੋਲਾ ਸ਼ਹਿਰ ਵਿਖੇ ਐਮ. ਐਲ. ਏ. ਸ੍ਰੀ ਰੂਮੀ ਸਾਹਨੀ, ਰਾਜੇਸ਼ ਸਾਹਨੀ ਪੁੱਤਰ ਬੇਸੀ ਲਾਲ ਸਾਹਨੀ ਦੇ ਘਰ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਪਰਿਵਾਰਾਂ ਨੂੰ ਨਿਵਾਜ਼ਿਆ। ਇੱਥੋਂ ਹੀ ਮੁਹੰਮਦੀ ਸ਼ਹਿਰ ਵਿਖੇ ਸ. ਜੋਗਿੰਦਰ ਸਿੰਘ ਦੇ ਘਰ ਉਨ੍ਹਾਂ ਦੀ ਪਤਨੀ ਬੀਬੀ ਸਵਰਨ ਕੌਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਦੇਰ ਰਾਤ ਤੱਕ ਮੁਹੰਮਦੀ ਤੋਂ ਵਾਪਸ ਆਣ ਕੇ ਭੰਗੂ ਫਾਰਮ ਵਿਖੇ ਸ. ਕੁਲਵੰਤ ਸਿੰਘ ਚੀਮਾ, ਭੁਪਿੰਦਰ ਸਿੰਘ ਚੀਮਾ ਪੁੱਤਰ ਸ. ਤਾਰਾ ਸਿੰਘ ਚੀਮਾ ਦੇ ਘਰ ਡੇਰਾ ਕਰ ਰਾਤ ਵਿਸ਼ਰਾਮ ਕੀਤਾ।

**ਮਿਤੀ 17 ਮਾਰਚ 2021 ਦਿਨ ਬੁੱਧਵਾਰ–** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਜੀ ਅਤੇ ਚਰਨਛੋਹ ਪ੍ਰਾਪਤ ਯੂ. ਪੀ. ਦਾ ਮਾਡਲ ਫਾਰਮ, ਜਿਸ ਜਗ੍ਹਾ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੇਲੇ ਆਰੰਭ ਕੀਤੀ ਗਈ ਨਾਮ ਸਿਮਰਨ ਦੀ ਅਖੰਡ ਵਰਨੀ ਨਿਰੰਤਰ ਜਾਰੀ ਹੈ। ਅੱਜ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਇਥੇ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼-ਪੁਰਬ ਸਬੰਧੀ ਬਸੰਤ ਦਾ ਮੇਲਾ ਮਨਾਇਆ ਜਾ ਰਿਹਾ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਤਨਾਮ ਸਿੰਘ, ਸ਼ਾਮ ਸਿੰਘ, ਬੁੱਧ ਸਿੰਘ ਤੇ ਕਮਾਲ ਸਿੰਘ ਨੇ ਮਿਲ ਕੇ ਵਾਰੇ ਦੇ ਰੂਪ ਵਿੱਚ ਕੀਤਾ। ਸਮਾਪਤੀ ਸਮੇਂ ਪਵਿੱਤਰ ਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਸ. ਪਾਲਾ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਛਕਿਆ ਅਤੇ ਕੁਲਦੀਪ ਸਿੰਘ, ਸੁਰਜਣ ਸਿੰਘ, ਅਰਜਨ ਸਿੰਘ, ਗੁਰਸੰਗਤ ਸਿੰਘ, ਗੁਰਦੇਵ ਸਿੰਘ, ਸੇਵਾ ਸਿੰਘ, ਰਘਬੀਰ ਸਿੰਘ, ਲਖਵਿੰਦਰ ਸਿੰਘ, ਗੁਰਚਰਨ ਸਿੰਘ, ਦਰਸ਼ਨ ਸਿੰਘ ਸਾਬਕਾ ਪ੍ਰਧਾਨ ਦੇ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਮਨਜਿੰਦਰ ਸਿੰਘ ਦੀ ਮਾਤਾ ਸਵਰਨ ਕੌਰ ਨੂੰ ਦਰਸ਼ਨ ਦਿੱਤੇ। ਰਤਨਾਪੁਰ ਦਰਸ਼ਨ ਸਿੰਘ, ਮੁਖਤਿਆਰ ਸਿੰਘ, ਹਰਪਾਲ ਸਿੰਘ, ਮੋਹਨ ਸਿੰਘ, ਗੁਲਾਬ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ਼ਾਮ ਦਾ ਨਾਮ ਸਿਮਰਨ ਹਿੰਦੋਸਤਾਨ ਫਾਰਮ ਵਿਖੇ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ। ਨਾਮ ਸਿਮਰਨ ਸਮੇਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਣ ਕੀਤਾ। ਹਜ਼ੂਰੀ ਰਾਗੀ ਸਤਨਾਮ ਸਿੰਘ, ਸ਼ਾਮ ਸਿੰਘ ਨੇ

ਪਿਛਲੇ ਪਹਿਰ ਦਾ ਕੀਰਤਨ ਕੀਤਾ। ਏਥੇ ਦਰਬਾਰਾ ਸਿੰਘ, ਸਰਦਾਰ ਸਿੰਘ, ਬਲਕਾਰ ਸਿੰਘ, ਬਲਦੇਵ ਸਿੰਘ ਦੇ ਪਰਿਵਾਰਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਨਿਵਾਜਿਆ। ਇੱਥੋਂ ਹੀ ਪਲੀਆ ਵਿਖੇ ਗੁਰਮੀਤ ਸਿੰਘ, ਗੁਰਵਿੰਦਰ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇਣ ਲਈ ਉਚੇਚੇ ਸ੍ਰੀ ਸਤਿਗੁਰੂ ਜੀ ਨੇ ਪਲੀਆ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਸੂਬਾ ਗੁਰਦੀਪ ਸਿੰਘ, ਹੀਰਾ ਸਿੰਘ, ਮੁਖਤਿਆਰ ਸਿੰਘ, ਸੁਰਜੀਤ ਸਿੰਘ, ਬਲਦੇਵ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਮੋਹਨ ਸਿੰਘ, ਕੁਲਦੀਪ ਸਿੰਘ ਦੇ ਘਰ ਪਹੁੰਚੇ ਅਤੇ ਸਾਧਾ ਸਿੰਘ, ਮਾਲਕ ਸਿੰਘ ਦੇ ਘਰ ਦਰਸ਼ਨ ਦਿੱਤੇ। ਕੁੰਦਵਾਂ ਫਾਰਮ ਵਿਖੇ ਹੀ ਸ੍ਰੀ ਸਤਿਗੁਰੂ ਜੀ ਨੇ ਡੇਰਾ ਕਰ ਰਾਤ ਵਿਸ਼ਰਾਮ ਕੀਤਾ।

**18 ਮਾਰਚ 2021 ਦਿਨ ਵੀਰਵਾਰ–** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਤਨਾਮ ਸਿੰਘ, ਸ਼ਾਮ ਸਿੰਘ ਨੇ ਮੋਹਨ ਸਿੰਘ, ਕੁਲਦੀਪ ਸਿੰਘ ਕੁੰਦਵਾਂ ਫਾਰਮ ਵਿਖੇ ਹੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਸਮਾਪਤੀ ਦੇ ਬਾਅਦ ਸ੍ਰੀ ਸਤਿਗੁਰੂ ਜੀ ਅਗਲੇ ਪੜਾਅ ਲਈ ਚਾਲੇ ਪਾਏ। ਰਸਤੇ ਵਿੱਚ ਖਟਾਰ ਕਸਬੇ ਵਿੱਚ ਸ. ਹਰਮੀਤ ਸਿੰਘ ਖੰਘੂੜਾ ਦੇ ਘਰ ਚਰਨ ਪਾਏ ਅਤੇ ਰਸਤੇ ਵਿੱਚ ਪਿੰਡ ਕਜਰੀ ਵਿਖੇ ਸੂਬਾ ਭਗਤ ਸਿੰਘ ਦਾਤੇਵਾਲ ਦੇ ਪੋਤਰੇ ਸ. ਨਿਸ਼ਾਨ ਸਿੰਘ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਵਾਇਆ ਪੂਰਨਪੁਰ ਹੁੰਦੇ ਹੋਏ, ਮਥਨਾ ਕੋਠੀ ਵਿਖੇ ਸ. ਬਲਬੀਰ ਸਿੰਘ, ਕਸ਼ਮੀਰ ਸਿੰਘ, ਬਲਵਿੰਦਰ ਸਿੰਘ ਤੇ ਫਤਿਹ ਸਿੰਘ ਦੇ ਘਰਾਂ 'ਚ ਦਰਸ਼ਨ ਦਿੰਦੇ ਹੋਏ ਸ੍ਰੀ ਸਤਿਗੁਰੂ ਜੀ ਨਾਨਕ ਮਤਾ ਸ਼ਹਿਰ ਦੇ ਨੇੜੇ ਵਸੇ ਪਿੰਡ ਭੁੜੀਆ ਵਿਖੇ ਸ. ਸੰਤਾ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ। ਇਥੇ ਬਸੰਤ ਪੁਰਬ ਦੀ ਖੁਸ਼ੀ ਵਿੱਚ ਸਮਾਗਮ ਕੀਤਾ ਜਾ ਰਿਹਾ ਸੀ। ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ ਅਤੇ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਸੰਤਾ ਸਿੰਘ ਦੇ ਸਪੁੱਤਰ ਜੋਗਿੰਦਰ ਸਿੰਘ ਤੇ ਬਲਵਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਨਾਨਕਮਤਾ ਸ਼ਹਿਰ ਵਿਖੇ ਬਲਵਿੰਦਰ ਸਿੰਘ ਦੇ ਗ੍ਰਹਿ ਅਤੇ ਮੋਟਰ ਸਾਈਕਲਾਂ ਦੀ ਏਜੰਸੀ 'ਚ ਵੀ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਅਤੇ ਅੱਗੇ ਬਿਸ਼ਨਪੁਰੀ ਵਿਖੇ ਕਰਨੈਲ ਸਿੰਘ, ਜਰਨੈਲ ਸਿੰਘ, ਸੁਖਚੈਨ ਸਿੰਘ, ਮੋਹਣ ਸਿੰਘ, ਗੁਰਨਾਮ ਸਿੰਘ, ਹਰਜਿੰਦਰ ਸਿੰਘ ਗਦਰਪੁਰ ਸ਼ਹਿਰ ਜੀਤ ਸਿੰਘ, ਸੁਰਿੰਦਰ ਸਿੰਘ ਦੇ ਘਰਾਂ ਵਿੱਚ ਚਰਨ ਪਾਏ। ਉੱਤਰਾਖੰਡ ਇਲਾਕੇ ਦੇ ਸੂਬਾ ਕਿਰਪਾਲ ਸਿੰਘ ਆਪਣੇ ਸਾਥੀਆਂ ਸਮੇਤ ਇਥੇ ਪੁੱਜੇ ਹੋਏ ਸਨ। ਅੱਜ ਸ਼ਾਮ ਦਾ ਪ੍ਰੋਗਰਾਮ ਮੁੰਡੀਆਂ ਫਾਰਮ ਨੇੜੇ ਬਾਜਪੁਰ ਵਿਖੇ ਸੀ। ਸ਼ਾਮ ਦੇ ਨਾਮ ਸਿਮਰਨ ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼, ਜ. ਕਮਾਲ ਸਿੰਘ ਦਾ ਦੀਵਾਨ ਸਾਧ ਸੰਗਤ ਨੇ ਸਰਵਣ ਕੀਤਾ। ਪਿਛਲੇ ਪਹਿਰ ਦਾ ਕੀਰਤਨ ਰਾਗੀ ਸਤਨਾਮ ਸਿੰਘ ਤੇ ਸ਼ਾਮ ਸਿੰਘ ਨੇ ਕੀਤਾ। ਰਾਤ ਦਾ ਡੇਰਾ ਮੁੰਡੀਆਂ ਫਾਰਮ ਵਿਖੇ ਹੀ ਸ. ਰਜਿੰਦਰ ਸਿੰਘ, ਸੰਤੋਖ ਸਿੰਘ ਦੇ ਘਰ ਰੱਖਿਆ ਗਿਆ।

**19 ਮਾਰਚ 2021 ਦਿਨ ਸ਼ੁੱਕਰਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਤਨਾਮ ਸਿੰਘ ਤੇ ਸ਼ਾਮ ਸਿੰਘ ਨੇ ਕੀਤਾ। ਮੰਡੀਆਂ ਫਾਰਮ ਵਿਖੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਸੰਗਤ ਦੀ ਹਾਜ਼ਰੀ ਭਰਪੂਰ ਸੀ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਆਪਣੀ ਰਜ਼ਾ ਅਨੁਸਾਰ ਕਾਸ਼ੀਪੁਰ ਵਿਖੇ ਲਖਵੀਰ ਸਿੰਘ, ਵਰਿਆਮ ਸਿੰਘ, ਗੁਰਪ੍ਰੀਤ ਸਿੰਘ, ਗੁਰਦਿਆਲ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਜ਼ਿਲ੍ਹਾ ਊਧਮ ਸਿੰਘ ਨਗਰ ਦੇ ਕਸਬਾ ਜੱਸਪੁਰ ਵਿਖੇ ਸ. ਕਸ਼ਮੀਰ ਸਿੰਘ, ਹੀਰਾ ਸਿੰਘ, ਜਗੀਰ ਸਿੰਘ, ਬੇਅੰਤ ਸਿੰਘ, ਮਾਤਾ ਪ੍ਰੀਤਮ ਕੌਰ, ਬਲਵਿੰਦਰ ਸਿੰਘ, ਅਜੀਤ ਸਿੰਘ ਤੇ ਮਨਜੀਤ ਸਿੰਘ ਦੇ ਘਰਾਂ ਵਿੱਚ ਦਰਸ਼ਨ ਦਿੱਤੇ। ਬਾਜਪੁਰ ਵਿਖੇ ਸੂਬਾ ਕਿਰਪਾਲ ਸਿੰਘ ਦੀ ਮਾਤਾ ਨੂੰ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇੱਥੇ ਸ. ਕਪੂਰ ਸਿੰਘ ਦੇ ਚੜ੍ਹਾਈ ਕਰਨ 'ਤੇ ਉਨ੍ਹਾਂ ਦੇ ਪੁੱਤਰ ਗੁਰਦੇਵ ਸਿੰਘ, ਭੁਪਿੰਦਰ ਸਿੰਘ, ਅਮਰਜੀਤ ਸਿੰਘ ਦੇ ਘਰਾਂ ਵਿੱਚ ਚਰਨ ਪਾਏ ਗਏ। ਹੁਣ ਸ੍ਰੀ ਸਤਿਗੁਰੂ ਜੀ ਨੇ ਦੁਪਹਿਰ ਦੇ ਪ੍ਰੋਗਰਾਮ ਵਿਚ ਪੰਡਾਲ ਵਿਚ ਸਾਧ ਸੰਗਤ ਨੂੰ ਦਰਸ਼ਨ ਦਿੱਤਾ। ਜਥੇਦਾਰ ਹਰਪਾਲ ਸਿੰਘ ਯੂ. ਪੀ. ਅਤੇ ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਏ। ਦੀਵਾਨ ਸਮਾਪਤੀ ਸਮੇਂ ਪਵਿੱਤਰ ਉਪਦੇਸ਼ ਦਿੰਦੇ ਹੋਏ ਕਿਰਪਾ ਕੀਤੀ ਕਿ ਆਪਣੇ ਬੱਚਿਆਂ ਨੂੰ ਦੁਨਿਆਵੀ ਪੜ੍ਹਾਈ ਦੇ ਨਾਲ ਗੁਰਮੁੱਖੀ ਵੀ ਜ਼ਰੂਰ ਪੜ੍ਹਾਈ ਜਾਵੇ। ਗੁਰਬਾਣੀ ਨਾਲ ਜੋੜ ਕੇ ਬੱਚੇ ਗੁਰਸਿੱਖੀ ਦੇ ਧਾਰਨੀ ਬਣਨ ਬਾਜਪੁਰ ਤੋਂ 1:20 ਤੇ ਚੱਲ ਕੇ ਹਰਿਦੁਆਰ ਪਹੁੰਚੇ। ਇੱਥੇ ਪੰਡਿਤ ਯਾਦਵਿੰਦਰ ਸਿੰਘ ਰਸਤੇ ਵਿੱਚ ਦਰਸ਼ਨ ਕਰਨ ਆਏ। ਸ਼ਾਮ 5:40 ਤੱਕ ਰੁੜਕੀ ਆਣ ਪਹੁੰਚੇ।

**ਬਾਕੀ ਸਫ਼ਾ 56 'ਤੇ.....**

# ਇਲਾਕਾ ਸ੍ਰੀ ਜੀਵਨ ਨਗਰ ਦਾ ਦੌਰਾ

**18, 19, 20, 21 ਜਨਵਰੀ 2021**

ਦੇਸ਼ ਵੰਡ ਤੋਂ ਪਹਿਲਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਖਰੀਦ ਕੀਤੀ ਗਈ ਉਹ ਧਰਤੀ ਜਿੱਥੇ ਉੱਜੜ ਕੇ ਆਏ ਲੋਕਾਂ ਨੂੰ ਮੁੜ ਵਸਾਉਣ ਦਾ ਸਫ਼ਲ ਯਤਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤਾ। ਉਸ ਧਰਤੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਬਖ਼ਸ਼ਿਸ਼ ਦੁਆਰਾ ਉਪਜਾਊ ਬਣਾ ਕੇ ਇਲਾਕੇ ਦੀ ਤਰੱਕੀ ਨੂੰ ਚਾਰ ਚੰਨ ਲਾ ਦਿੱਤੇ। ਆਪਣੇ ਪੁਰਖਿਆਂ ਦੀ ਬਖ਼ਸ਼ਿਸ਼ ਦੀ ਪਾਤਰ ਉਸ ਧਰਤੀ ਇਲਾਕਾ ਸ੍ਰੀ ਜੀਵਨ ਨਗਰ ਨੂੰ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਚੇਚਾ ਸਮਾਂ ਦੇ ਕੇ ਨਿਵਾਜਦੇ ਹਨ। ਇਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਜੀ ਨੇ

**ਮਿਤੀ 18 ਜਨਵਰੀ 2021** ਦਿਨ ਸੋਮਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਸਮਾਪਤੀ ਉਪਰੰਤ ਪ੍ਰਸ਼ਾਦ ਪਾਣੀ ਛਕਣ ਤੋਂ ਬਾਅਦ 7:15 ਮਿੰਟ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਰਾਏਕੋਟ, ਬਰਨਾਲਾ ਹੁੰਦੇ ਹੋਏ ਸੂਬਾ ਬਲਬੀਰ ਸਿੰਘ ਢਿਲਵਾਂ ਦੇ ਪਿੰਡ ਪਹੁੰਚੇ ਜਿੱਥੇ ਸੂਬਾ ਬਲਵੀਰ ਸਿੰਘ ਦੇ ਪਰਿਵਾਰ ਨੂੰ ਸੜਕ ਤੇ ਗੱਡੀ ਰੋਕ ਕੇ ਦਰਸ਼ਨ ਦਿੱਤੇ। ਇਸੇ ਪਿੰਡ ਢਿੱਲਵਾਂ ਦੇ ਹੀ ਬਾਹਰ-ਵਾਰ ਡੇਰੇ ਤੇ ਸ. ਸੁਖਦੇਵ ਸਿੰਘ, ਗੁਰਮੇਲ ਸਿੰਘ ਦੇ ਘਰ ਬਿਰਧ ਮਾਤਾ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇੱਥੋਂ ਹੀ ਅੱਗੇ ਪਿੰਡ ਢਪਾਲੀ ਵਿਖੇ ਸ. ਮਹਿੰਦਰ ਸਿੰਘ ਡਰਾਇਵਰ ਦੀ ਪਤਨੀ ਦੇ ਚੜ੍ਹਾਈ ਕਰਨ ਤੇ ਉਸ ਦੇ ਲੜਕੇ ਸਰਦਾਰ ਗੁਰਮੁਖ ਸਿੰਘ ਤੇ ਸਰਮੁਖ ਸਿੰਘ ਦੇ ਪਰਿਵਾਰ ਨੂੰ ਦਰਸ਼ਨ ਦੇ ਕੇ ਨਿਵਾਜਿਆ। ਢਪਾਲੀ ਤੋਂ ਰਾਮਪੁਰਾ ਫੂਲ ਵਿਖੇ ਬਲਦੇਵ ਸਿੰਘ ਦੇ ਪੋਤਰੇ ਕਾਕਾ ਹਰਨਾਮ ਸਿੰਘ ਦੇ ਚੜ੍ਹਾਈ ਕਰਨ ਤੇ ਘਰ ਦਰਸ਼ਨ ਦੇ ਕੇ ਪਰਿਵਾਰ ਨੂੰ ਭਾਣਾ ਮੰਨਣ ਦਾ ਹੁਕਮ ਸ੍ਰੀ ਸਤਿਗੁਰੂ ਜੀ ਨੇ ਕੀਤਾ। ਮੰਦਰ ਵਿੱਚ ਕਾਕਾ ਹਰਨਾਮ ਸਿੰਘ ਨਮਿੱਤ ਭੋਗ ਤੇ ਦਰਸ਼ਨ ਦਿੱਤੇ। ਜਿੱਥੇ ਰਾਗੀ ਹਰਬੰਸ ਸਿੰਘ ਘੁੱਲਾ, ਰਾਗੀ ਸ਼ਾਮ ਸਿੰਘ ਤੇ ਗੁਰਲਾਲ ਸਿੰਘ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਕੀਰਤਨ ਸਮਾਪਤੀ ਤੇ ਭੋਗ ਦੇ ਸਲੋਕ ਪੜ੍ਹ ਕੇ ਅਰਦਾਸ ਕੀਤੀ ਗਈ ਅਤੇ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕੀਤੀ। ਰਾਮਪੁਰਾ ਫੂਲ ਤੋਂ ਬਾਅਦ ਬਠਿੰਡਾ ਵਿਖੇ ਸੂਬਾ ਇੰਦਰਜੀਤ ਸਿੰਘ ਮੱਲ ਦੇ ਗ੍ਰਹਿ ਵਿਖੇ ਚਰਨ ਪਾਉਣ ਤੇ ਜਲ ਪਾਣੀ ਛਕਣ ਉਪਰੰਤ ਜੈ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਬਠਿੰਡਾ ਤੋਂ ਚੱਲ ਕੇ ਪਿੰਡ ਬਾਦਲ ਸ. ਪ੍ਰਕਾਸ਼ ਸਿੰਘ ਬਾਦਲ EX ਮੁੱਖ ਮੰਤਰੀ ਪੰਜਾਬ ਦੇ ਫਾਰਮ ਹਾਊਸ ਤੇ ਦਰਸ਼ਨ ਦੇਣ ਉਪਰੰਤ ਵਾਇਆ ਡੱਬਵਾਲੀ ਹੁੰਦੇ ਹੋਏ ਨਾਮਧਾਰੀ ਫਾਰਮ ਦਿੱਸਾਂ ਵਿਖੇ ਸ਼ਾਮ ਦਾ ਨਾਮ ਸਿਮਰਨ 5:10 ਤੋਂ 6:10 ਤੱਕ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਉੱਪਰ ਟਿੱਬੇ ਤੇ ਕੀਤਾ ਗਿਆ। ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜੀ ਦਾ ਪਵਿੱਤਰ ਉਪਦੇਸ਼ ਸਰਵਣ ਕੀਤਾ ਗਿਆ। ਇੱਥੋਂ ਹੀ ਮਸਤਾਨਗੜ੍ਹ ਆਣ ਸਭ ਨੇ ਵਿਸ਼ਰਾਮ ਕੀਤਾ।

**19 ਜਨਵਰੀ 2021** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਜੀਵਨ ਨਗਰ ਵਿਖੇ ਨਵੇਂ 'ਜਗਜੀਤ ਮੰਦਰ' ਵਿੱਚ ਰਾਗੀ ਗੁਰਲਾਲ ਸਿੰਘ, ਸਰਮੁਖ ਸਿੰਘ, ਸ਼ਾਮ ਸਿੰਘ, ਸਾਜਨ ਸਿੰਘ ਤੇ ਲਵਪ੍ਰੀਤ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਆਸਾ ਦੀ ਵਾਰ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਪਿੰਡ ਕਿਰਪਾਲ ਪੱਟੀ ਵਿਖੇ ਬਲਦੇਵ ਸਿੰਘ ਦੇ ਚੜ੍ਹਾਈ ਕਰਨ ਤੇ ਉਨ੍ਹਾਂ ਦੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਇੱਥੇ ਹੀ ਇਕ ਹੋਰ ਘਰ ਚਰਨ ਪਾਏ। ਇੱਥੋਂ ਵਾਪਸੀ ਸਮੇਂ ਪਿੰਡ ਮਿਰਜਾਪੁਰ ਵਿਖੇ ਸ. ਅਮਰ ਸਿੰਘ ਡਾਂਗੀਵਾਲਾ ਤੇ ਚੜ੍ਹਾਈ ਕਰਨ ਤੇ ਉਨ੍ਹਾਂ ਦੇ ਸਪੁੱਤਰਾਂ ਸ. ਬਲਵੰਤ ਸਿੰਘ ਅਤੇ ਜਸਵੰਤ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਇੱਥੋਂ ਹੀ ਪਿੰਡ ਅੰਮ੍ਰਿਤਸਰ ਕਲਾਂ ਵਿਖੇ ਸੰਤ ਗੋਪਾਲ ਸਿੰਘ ਜੀ ਦੇ ਭਰਾ ਦੇ ਪੋਤਰੇ ਦੇ ਘਰ ਉਸ ਦੀ ਪਤਨੀ ਦੇ ਚੜ੍ਹਾਈ ਕਰਨ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਵਾਪਸ ਮਸਤਾਨ ਗੜ੍ਹ ਆਏ। ਕੁਝ ਦੇਰ ਮਸਤਾਨ ਗੜ੍ਹ ਰੁਕਣ ਤੋਂ ਬਾਅਦ ਟਿੱਬਾ ਫਾਰਮ ਵਿਚ ਪਹੁੰਚੇ ਅਤੇ ਪਿੰਡ ਸੰਤ ਨਗਰ ਵਿਖੇ ਹਰਨਾਮ ਸਿੰਘ ਕਾਕੂ ਦੀ ਦੁਕਾਨ, ਹਰਭੇਜ ਸਿੰਘ ਤਾਜੋ ਵਾਸੀਆ, ਜਗਮੋਹਨ ਸਿੰਘ ਮਿਸਤਰੀ ਦੇ ਘਰ ਚਰਨ ਪਾਉਣ ਉਪਰੰਤ ਦਮਦਮੇ ਸ. ਮਹਿੰਦਰ ਸਿੰਘ ਦੀ ਪਤਨੀ ਦੇ ਚੜ੍ਹਾਈ ਕਰਨ ਤੇ ਘਰ ਦਰਸ਼ਨ ਦਿੱਤੇ। ਗੁਰਚਰਨ ਸਿੰਘ ਬਾਜੇਵਾਲਾ ਘਰ ਅਤੇ ਧੰਨਾ ਸਿੰਘ ਦੀ ਮਾਤਾ ਦੇ ਚੜ੍ਹਾਈ ਕਰਨ ਤੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਹਾਰਨੀਆ ਵਿਖੇ ਜਸਵੰਤ ਸਿੰਘ, ਗੁਰਚਰਨ ਸਿੰਘ ਦੇ ਘਰ ਦਰਸ਼ਨ ਦੇਣ ਤੋਂ ਬਾਅਦ ਪਿੰਡ ਕਰੀਵਾਲਾ ਵਿਖੇ ਨਾਮਧਾਰੀ ਗੁਰਦੁਆਰਾ ਵਿੱਚ ਹੋ ਰਹੇ ਨਾਮ ਸਿਮਰਨ ਵਿੱਚ ਸ਼ਾਮ 6 ਤੋਂ 7 ਦਰਸ਼ਨ ਦੇ ਕੇ ਨਗਰ ਨਿਵਾਸੀ ਸਾਧ ਸੰਗਤ ਨਾਲ ਨਿਵਾਜਿਆ। ਸੰਗਤ ਨੂੰ ਗੁਰਦੁਆਰਾ

ਸਾਹਿਬ ਦਾ ਹਾਲ ਭਰਿਆ ਹੋਇਆ ਸੀ। ਦੀਵਾਨ ਵਿਚ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਜ. ਗੁਰਲਾਲ ਸਿੰਘ ਨੇ ਨਾਮ ਸਿਮਰਨ ਦੀ ਮਹਿਮਾ ਬਾਰੇ ਵਿਸਥਾਰਪੂਰਵਕ ਵਿਆਖਿਆ ਕੀਤੀ। ਇਥੇ ਸੁਖਦੇਵ ਸਿੰਘ ਝੱਬਰ ਦੇ ਗ੍ਰਹਿ ਵਿਖੇ ਜਲ ਪਾਣੀ ਛਕਣ ਉਪਰੰਤ ਰਾਤ ਮਸਤਾਨ ਗੜ੍ਹ ਆਣ ਵਿਸ਼ਰਾਮ ਕੀਤਾ।

**ਮਿਤੀ 20 ਜਨਵਰੀ 2021** ਦਿਨ ਬੁੱਧਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਐਲਨਾਬਾਦ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ, ਗੁਰਲਾਲ ਸਿੰਘ ਤੇ ਸਾਜਨ ਸਿੰਘ ਵੱਲੋਂ ਕੀਤਾ ਗਿਆ। ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦਾ ਦਿਨ ਸੀ ਇਸ ਕਰਕੇ ਆਸਾ ਦੀ ਵਾਰ ਤੋਂ ਬਾਅਦ ਜ. ਗੁਰਲਾਲ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਕਥਾ ਕੀਤੀ। ਐਲਨਾਬਾਦ ਵਿਖੇ ਹੀ ਆਸਾ ਦੀ ਵਾਰ ਤੋਂ ਪਹਿਲਾਂ ਕੁਲਵੰਤ ਸਿੰਘ, ਬਗੀਚਾ ਸਿੰਘ, ਗੁਰਭੇਜ ਸਿੰਘ ਅਤੇ ਗੁਰਮੀਤ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇੱਥੋਂ ਹੀ ਪਿੰਡ ਤਲਵਾੜ ਖੁਰਦ ਵਿਖੇ ਮੁਖਤਿਆਰ ਸਿੰਘ ਦੇ ਘਰ ਕਾਕਾ ਨਵਦੀਪ ਸਿੰਘ ਦੇ ਜਨਮ ਦੀ ਖੁਸ਼ੀ ਵਿਚ ਰੱਖੇ ਅਖੰਡ ਪਾਠ ਦੇ ਭੋਗ ਸਮੇਂ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦਿੱਤੇ ਅਤੇ ਕੋਮਲ ਸਿੰਘ, ਗੁਰਜੀਤ ਸਿੰਘ ਘਰ ਚਰਨ ਪਾਉਣ ਤੋਂ ਬਾਅਦ ਮਸਤਾਨ ਗੜ੍ਹ ਆਣ ਪ੍ਰਸ਼ਾਦ ਪਾਣੀ ਛਕਿਆ। ਮਸਤਾਨ ਗੜ੍ਹ ਤੋਂ 12 ਵਜੇ ਚੱਲ ਕੇ ਹਨੂਮਾਨਗੜ੍ਹ ਹੁੰਦੇ ਹੋਏ ਰਾਜਸਥਾਨ ਦੇ ਕਸਬਾ ਵਿਜੇ ਨਗਰ ਵਿਖੇ ਸ. ਮਹਿੰਦਰ ਸਿੰਘ ਨੇਤਾ ਦੀ ਪਤਨੀ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇ ਕੇ ਉਚੇਚੇ ਤੌਰ 'ਤੇ ਨਿਵਾਜਿਆ। ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਇੱਥੋਂ ਹੀ ਵਾਪਸੀ ਸਮੇਂ ਅਤੇ ਰਸਤੇ ਵਿੱਚ ਕਸਬਾ ਜੈਤਸਰ ਵਿਖੇ ਤਰਲੋਕ ਸਿੰਘ ਪੁੱਤਰ ਗਿਆਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਕਸਬਾ ਬੰਗਾ ਵਿਖੇ ਇਕਬਾਲ ਸਿੰਘ ਦੇ ਸਪੁੱਤਰ ਹਰਮੇਲ ਸਿੰਘ ਦੇ ਜਿਟਸਐਂਗਲ ਸਕੂਲ ਵਿਖੇ ਚਰਨ ਪਾਉਣ ਦੀ ਕਿਰਪਾ ਕਰਦੇ ਹੋਏ ਰਛਪਾਲ ਸਿੰਘ, ਦਿਲਬਾਗ ਸਿੰਘ ਦੇ ਪੁੱਤਰ ਜਗਦੀਪ ਸਿੰਘ ਅਤੇ ਸਵਰਨ ਸਿੰਘ ਦੇ ਘਰ ਚਰਨ ਪਾਏ। ਇੱਥੋਂ ਹੀ ਪਿੰਡ ਮੱਲੇਕੇ ਵਿਖੇ ਇਕ ਬਿਰਧ ਮਾਤਾ ਨੂੰ ਦਰਸ਼ਨ ਦਿੰਦੇ ਹੋਏ ਮਸਤਾਨ ਗੜ੍ਹ ਵਿਖੇ ਹੋ ਰਹੇ ਸ਼ਾਮ ਦੇ ਨਾਮ ਸਿਮਰਨ ਵਿੱਚ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜ. ਗੁਰਲਾਲ ਸਿੰਘ ਨੇ ਸ਼ਾਮ ਦਾ ਦੀਵਾਨ ਸਜਾਇਆ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਦੀਆਂ ਅਰਜ਼ਾਂ ਬੇਨਤੀਆਂ ਵੀ ਸੁਣੀਆਂ ਅਤੇ ਰਾਤ ਮਸਤਾਨ ਗੜ੍ਹ ਵਿਖੇ ਵਿਸ਼ਰਾਮ ਕੀਤਾ।

**ਮਿਤੀ 21 ਜਨਵਰੀ 2021** ਦਿਨ ਵੀਰਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੰਤਨਗਰ ਵਿਖੇ ਬਣੇ ਪ੍ਰਤਾਪ ਮੰਦਰ ਵਿਖੇ ਰਾਗੀ ਗੁਰਲਾਲ ਸਿੰਘ, ਸਰਮੁੱਖ ਸਿੰਘ, ਸ਼ਾਮ ਸਿੰਘ, ਸਾਜਨ ਸਿੰਘ ਦੇ ਜਥੇ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਵਾਰ ਦੀ ਸਮਾਪਤੀ ਤੋਂ ਬਾਅਦ ਸ. ਦੀਦਾਰ ਸਿੰਘ ਹਾਕੀ ਕੋਚ, ਗੁਰਮੇਜ ਸਿੰਘ ਚਹਿਲ ਦੇ ਚਰਨ ਪਾਉਣ ਤੋਂ ਬਾਅਦ ਸਵ: ਸ. ਕਰਤਾਰ ਸਿੰਘ ਨਾਥ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਛਕਿਆ। ਗੁਰਭਜਨ ਸਿੰਘ ਨਾਥ ਐਡਵੋਕੇਟ ਗੁਰਮੁਖ ਸਿੰਘ ਤੇ ਸੇਵਾ ਸਿੰਘ ਨਾਥ ਨੇ ਸਾਧ ਸੰਗਤ ਦੀ ਸੇਵਾ ਤਨੋਂ ਮਨੋਂ ਕੀਤੀ।

ਸੰਤਨਗਰ ਤੋਂ ਚੱਲ ਕੇ ਪਿੰਡ ਕਰੀਵਾਲਾ ਵਿਖੇ ਲਖਵਿੰਦਰ ਸਿੰਘ ਦੇ ਗ੍ਰਹਿ ਵਿਖੇ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। 4 ਸਾਧਾਰਨ ਪਾਠਾਂ ਦੇ ਭੋਗ ਵੀ ਪਾਏ ਗਏ। ਇੱਕ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ, ਇੱਕ ਪਾਠ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ, ਇੱਕ ਪਾਠ ਕੰਧਾਰਾ ਸਿੰਘ ਦੀ ਯਾਦ ਵਿੱਚ ਅਤੇ ਇੱਕ ਪਾਠ ਦਿੱਲੀ ਕਿਸਾਨ ਮੋਰਚੇ ਦੀ ਸਫ਼ਲਤਾ ਵਾਸਤੇ। ਇਥੋਂ ਹੀ ਪਿੰਡ ਵਣੀ ਵਿਖੇ ਗੁਰਦੇਵ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸ ਮਸਤਾਨ ਗੜ੍ਹ ਆਣ ਗੱਡੀਆਂ ਵਿਚ ਸਾਮਾਨ ਰੱਖ ਕੇ ਵਾਪਸ ਸ੍ਰੀ ਭੈਣੀ ਸਾਹਿਬ ਲਈ ਤਿਆਰੀ ਕੀਤੀ ਅਤੇ ਰਸਤੇ ਵਿਚ ਸ਼ਹਿਰ ਰਾਣੀਆਂ ਵਿਖੇ ਰਵੇਲ ਸਿੰਘ, ਸਤਿਨਾਮ ਸਿੰਘ ਰੰਧਾਵਾ ਅਤੇ ਅਮਰੀਕ ਸਿੰਘ ਚੀਮਾ ਦੀ ਮਾਤਾ ਦੇ ਚੜ੍ਹਾਈ ਕਰਨ ਤੇ ਮਹਿੰਦਰ ਸਿੰਘ ਕਾਹਲੋਂ ਦੇ ਚੜ੍ਹਾਈ ਕਰਨ ਤੇ ਪਰਿਵਾਰਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਸਿਰਸਾ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਖੇ ਦਰਸ਼ਨ ਦਿੱਤੇ। ਸਿਰਸਾ ਵਿਖੇ ਹੀ ਮਾਲਕ ਸਿੰਘ ਦੇ ਘਰ ਚਰਨ ਪਾਏ। ਇੱਥੋਂ ਹੀ ਵਾਇਆ ਡੱਬਵਾਲੀ ਹੁੰਦੇ ਹੋਏ ਬਠਿੰਡਾ ਵਿਖੇ ਮਾਸਟਰ ਸ. ਹਰਜਿੰਦਰ ਸਿੰਘ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਬਠਿੰਡਾ ਤੋਂ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ ਤਾਂ ਸ਼ਾਮ ਤੱਕ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਵਾਪਸ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

# ਸ੍ਰੀ ਭੈਣੀ ਸਾਹਿਬ ਵਿਖੇ ਬਸੰਤ ਦਾ ਮੇਲਾ

**16 ਫਰਵਰੀ 2021 ਈ.** ਨੂੰ ਸ੍ਰੀ ਭੈਣੀ ਸਾਹਿਬ ਵਿਖੇ ਬਸੰਤ ਦਾ ਮੇਲਾ ਬੜੀ ਧੂਮ-ਧਾਮ ਨਾਲ ਮਾਨਇਆ ਗਿਆ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਈਸ਼ਰ ਸਿੰਘ, ਤੇ ਸਰਮੁਖ ਸਿੰਘ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤਾ।

ਉਪਰੰਤ ਸੁਵਰਨ ਸਿੰਘ ਵਿਰਕ ਜੀ ਨੇ ਦੀਨ ਦੁਨੀ ਦੇ ਵਾਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 205 ਵੇਂ ਪ੍ਰਕਾਸ਼ ਪੁਰਬ ਦੀਆਂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸ ਰਹੀਆਂ ਨਾਮਧਾਰੀਆਂ ਸੰਗਤਾਂ ਤੇ ਸਮੂਹ ਇਨਸਾਫ਼ ਪਸੰਦ ਲੋਕਾਂ ਨੂੰ ਵਧਾਈਆਂ ਦਿੱਤੀਆਂ।

ਦੁਪਹਿਰ ਦੇ ਪ੍ਰੋਗਰਾਮ ਦੀ ਸ਼ੁਰੂਆਤ ਜਥੇ. ਗੁਰਲਾਲ ਸਿੰਘ ਨੇ ਹੱਲੇ ਦੇ ਦੀਵਾਨ ਨਾਲ ਕੀਤੀ। ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦੇ ਲੋਕਾਈ ਤੇ ਕੀਤੇ ਪਰਉਪਕਾਰਾ ਬਾਰੇ ਸੰਗਤ ਨੂੰ ਦੱਸਿਆ।

ਉਪਰੰਤ ਭਜਨ ਸਿੰਘ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਧਾਰਮਿਕ ਅਸੂਲਾਂ ਨੂੰ ਦ੍ਰਿੜ ਕਰਵਾਇਆ, ਉਥੇ ਸਮਾਜਿਕ ਗਿਰਾਵਟਾਂ, ਕਿਰਦਾਰਾਂ ਦੀ, ਸੋਚ-ਸਮਝ ਦੀ ਤੇ ਆਪਣੇ ਹੱਕਾਂ ਤੋਂ ਪਿਛੇ ਹਟੇ ਹੋਏ ਉਹਨਾਂ ਲੋਕਾਂ ਨੂੰ ਉਚਿਆਂ ਉਠਾਉਣ ਦਾ ਕੰਮ ਸਤਿਗੁਰੂ ਜੀ ਦੀ ਵਿਚਾਰਧਾਰਾ ਨੇ ਕੀਤਾ।

ਉਸ ਤੋਂ ਬਾਅਦ ਗੁਰਲਾਲ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਰਾਜਨੀਤਿਕ ਦਿਸ਼ਟੀਕੋਣ 'ਤੇ ਉਹਨਾਂ ਦੇ ਰਾਜ ਪ੍ਰਬੰਧ ਬਾਰੇ ਆਪਣੇ ਵਿਚਾਰ ਰੱਖੇ।

ਇਕ ਘੰਟਾ ਨਾਮ ਸਿਮਰਨ ਤੋਂ ਬਾਅਦ ਦੁਪਹਿਰ ਦਾ ਕੀਰਤਨ ਰਾਗੀ ਬਲਵੰਤ ਸਿੰਘ, ਸਰਮੁਖ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਈਸ਼ਰ ਸਿੰਘ, ਪਿਆਰਾ ਸਿੰਘ ਆਦਿ ਦੇ ਜਥੇ ਨੇ ਕੀਤਾ।

ਉਪਰੰਤ ਅਜੀਤ ਸਿੰਘ ਨਾਮਧਾਰੀ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਲੋਕਾਂ ਦੇ ਮਨ ਆਜ਼ਾਦ ਕੀਤੇ। ਸਤਿਗੁਰੂ ਰਾਮ ਸਿੰਘ ਜੀ ਨੇ ਬਿਨਾਂ ਦਾਜ-ਦਹੇਜ ਦੇ ਅਨੰਦ ਕਾਰਜ ਕਰਵਾਏ, ਕੁੜੀਆਂ ਮਾਰਨੀਆਂ ਬੰਦ ਕਰਵਾਈਆਂ, ਸੱਚ ਬੋਲਣਾ ਸ਼ੁਰੂ ਤੇ ਝੂਠ ਬੋਲਣਾ ਬੰਦ ਕਰਵਾਇਆ, ਏਸੇ ਲਈ ਭਾਰਤੀਆਂ ਵਿਚੋਂ ਕੇਵਲ ਇਕ ਹੀ ਕੌਮ ਲਈ ਅੰਗਰੇਜ਼ ਨੇ ਲਿਖਿਆ ਹੈ ਕਿ 'ਕੂਕਾ ਝੂਠ ਨਹੀਂ ਬੋਲਦਾ।'

ਇਸ ਤੋਂ ਬਾਅਦ ਸੰਤ ਗੁਰਬਚਨ ਸਿੰਘ ਚੰਡੀਗੜ੍ਹ ਨੇ ਕਿਹਾ ਕਿ ਦੇਸ਼ ਅਜ਼ਾਦੀ ਲਈ ਸਮੇਂ-ਸਮੇਂ ਤੇ ਗ਼ਦਰ ਲਹਿਰ, ਬੱਬਰ ਅਕਾਲੀ, ਕਾਂਗਰਸ ਆਦਿ ਕਈ ਲਹਿਰਾਂ ਚੱਲੀਆਂ, ਪਰ ਸਭ ਤੋਂ ਪਹਿਲਾਂ ਚੱਲੀ ਲਹਿਰ ਜੋ ਅਕਾਸ਼ ਗੰਗਾ ਵਿੱਚ ਵਗਦੀ ਨਜ਼ਰ ਆ ਜਾਵੇਗੀ, ਉਹ ਸਤਿਗੁਰੂ ਰਾਮ ਸਿੰਘ ਜੀ ਦੀ ਨਾਮਧਾਰੀ ਲਹਿਰ ਸੀ।

ਉਪਰੰਤ ਸੇਵਕ ਹਰਪਾਲ ਸਿੰਘ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਵਾਸੀਆਂ ਨੂੰ ਉਸ ਸਮੇਂ ਅਗਵਾਈ ਦਿੱਤੀ ਜਦੋਂ ਅਸੀਂ ਆਪਣੇ ਰਾਹ ਤੋਂ ਭਟਕ ਚੁੱਕੇ ਸੀ।

ਪੰਜਾਬ ਦੇ ਸਾਬਕਾ ਮੰਤਰੀ ਮਨਜੀਤ ਸਿੰਘ ਦਾਖਾ, ਸਤਵਿੰਦਰ ਕੌਰ ਬਿੱਟੀ, ਭਾਰਤ ਭੂਸ਼ਣ ਆਸ਼ੂ, ਰਾਸ਼ੀ ਅਗਰਵਾਲ ਨੇ ਆਪਣੀ ਹਾਜ਼ਰੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਲਾਈ ਤੇ ਸਤਿਗੁਰੂ ਜੀ ਨੇ ਉਹਨਾਂ ਨੂੰ ਸਿਰਪਾਓ ਦੇ ਕੇ ਨਿਵਾਜਿਆ।

ਉਪਰੰਤ ਸਤਿਗੁਰੂ ਉਦੇ ਸਿੰਘ ਜੀ ਨੇ ਪਵਿੱਤਰ ਉਪਦੇਸ਼ ਦਿੱਤਾ ਅਤੇ ਸੂਬਾ ਬਲਵਿੰਦਰ ਸਿੰਘ ਨੇ ਸਮਾਪਤੀ ਦੀ ਅਰਦਾਸ ਕੀਤੀ।

**17 ਫਰਵਰੀ 2021 ਈ.–** ਸ਼ਾਮ ਨੂੰ 6 ਵਜੇ ਤੋਂ 8 ਵਜੇ ਤੱਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 205 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸ਼ਾਸਤਰੀ- ਸੰਗੀਤ ਸਮਾਰੋਹ ਹੋਇਆ। ਜਿਸ ਵਿੱਚ ਪੰ. ਰਜਨੀਸ਼ ਮਿਸ਼ਰਾ- ਪੰ. ਰਿਤੇਸ਼ ਮਿਸ਼ਰਾ (ਗਾਇਨ), ਸੁਸ਼੍ਰੀ, ਰਿੰਪਾ ਸਿਵਾ (ਤਬਲਾ ਸੋਲੋ), ਪੰ. ਸੁਮੀਤ ਮਿਸ਼ਰਾ (ਹਰਮੋਨੀਅਮ) ਤੇ ਸ੍ਰੀ ਹਰਪ੍ਰੀਤ ਸਿੰਘ ਨਾਮਧਾਰੀ (ਤਬਲਾ) ਨੇ ਹਾਜ਼ਰੀ ਭਰੀ। ਇਸ ਮੌਕੇ ਚੰਡੀਗੜ੍ਹ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਭੈਣੀ ਸਾਹਿਬ ਦੇ ਨੇੜਲੇ ਸਥਾਨਾਂ ਦੀ ਨਾਮਧਾਰੀ ਸੰਗਤ ਤੋਂ ਇਲਾਵਾ ਬਹੁਤ ਸਾਰੇ ਗੈਰ ਨਾਮਧਾਰੀ ਸੰਗਤੀ ਪ੍ਰੇਮੀ ਪਹੁੰਚੇ ਹੋਏ ਸਨ।

**ਤਰਨ ਸਿੰਘ ਬੱਲ**

# ਦਿੱਲੀ ਦੇ ਬਸੰਤ ਮੇਲੇ ਸਮੇਂ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ

**21-22 ਫਰਵਰੀ 2021**

ਸ੍ਰੀ ਸਤਿਗੁਰੂ ਰਾਮ ਸਿੰਘ ਦਾ ਪ੍ਰਕਾਸ਼ ਪੁਰਬ ਬਸੰਤ ਮੇਲਿਆਂ ਦੇ ਰੂਪ ਵਿੱਚ ਸਤਿਗੁਰੂ ਉਦੇ ਸਿੰਘ ਦੀ ਛਤਰ-ਛਾਇਆ ਹੇਠ ਵੱਖ-ਵੱਖ ਇਲਾਕਿਆਂ ਦੀ ਸਾਧ ਸੰਗਤ ਵੱਲੋਂ ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਦਿੱਲੀ ਨਿਵਾਸੀ ਸਾਧ-ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ **20 ਫਰਵਰੀ 2021** ਮੁਤਾਬਕ ਦਿਨ ਸ਼ਨੀਵਾਰ ਨੂੰ ਯਮੁਨਾਨਗਰ ਤੋਂ ਸ਼ਾਮ 4:15 ਤੇ ਚੱਲ ਕੇ ਦੇਰ ਸ਼ਾਮ 8 ਵਜੇ ਤੱਕ ਜਥੇਦਾਰ ਸੇਵਾ ਸਿੰਘ ਦੇ ਪੁੱਤਰ ਰਜਿੰਦਰ ਸਿੰਘ ਦੇ ਘਰ ਪਹੁੰਚੇ ਅਤੇ ਜਲ-ਪਾਣੀ ਛਕਣ ਉਪਰੰਤ ਸ. ਹਰਵਿੰਦਰ ਸਿੰਘ ਹੰਸਪਾਲ ਜੀ ਦੇ ਘਰ ਡੇਰਾ ਕਰ ਰਾਤ ਵਿਸ਼ਰਾਮ ਕੀਤਾ। **ਮਿਤੀ 21 ਫਰਵਰੀ 2021** ਦਿਨ ਐਤਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਾਜਨ ਸਿੰਘ ਨੇ ਸਮੇਤ ਜਥੇ ਕੀਤਾ। ਵਾਰ ਦੀ ਸਮਾਪਤੀ ਸਮੇਂ ਇਕ ਲੜਕੇ-ਲੜਕੀ ਦਾ ਆਨੰਦ ਕਾਰਜ ਹੋਇਆ। ਛੋਟੇ ਬੱਚਿਆਂ ਨੇ ਲਾਵਾਂ ਦਾ ਪਾਠ ਕੀਤਾ। ਗੁਰਪ੍ਰੀਤ ਸਿੰਘ ਦੇ ਲੈਕਚਰ ਤੋਂ ਬਾਅਦ ਛੋਟੇ ਬੱਚਿਆਂ ਨੇ ਸ਼ਬਦ ਗਾਇਨ ਕੀਤਾ- '**ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ**' ਬੱਚੀ ਰਵਨੀਤ ਕੌਰ ਨੇ ਹੱਲੇ ਦਾ ਦੀਵਾਨ ਲਾਇਆ ਧਾਰਨਾ ਸੀ- 'ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰਮੋਰ' ਜ. ਪ੍ਰੀਤਮ ਸਿੰਘ ਮਹੰਤ ਦੇ ਸਿਖਿਆਰਥੀ ਬੱਚਿਆਂ ਨੇ ਧਾਰਨਾ ਪੜ੍ਹੀ- 'ਆਏ ਗੁਰੂ ਰਾਮ ਸਿੰਘ ਵਾਲੀ ਦੋ ਜਹਾਨ ਦੇ।' ਇੱਥੇ ਹੀ ਰਮੇਸ਼ ਨਗਰ ਵਿਖੇ ਕਰਨੈਲ ਸਿੰਘ, ਦਲਜੀਤ ਸਿੰਘ, ਰਣਧੀਰ ਸਿੰਘ, ਲਖਵੀਰ ਸਿੰਘ, ਚਰਨਜੀਤ ਸਿੰਘ, ਬਲਵਿੰਦਰ ਸਿੰਘ ਨਾਗੀ, ਹਰਜੀਤ ਸਿੰਘ, ਖੂਹੀ ਵਾਲੀ ਧਰਮਸ਼ਾਲਾ, ਹਰਦਿਆਲ ਸਿੰਘ, ਹਾਕਮ ਸਿੰਘ ਦੀ ਦੁਕਾਨ ਤੇ ਵਿਸ਼ਨੂੰ ਗਾਡਨ ਗੁਲਾਟੀ ਬੰਬੇਵਾਲੇ, ਗੁਰਦੀਪ ਸਿੰਘ, ਗੁਰਮੁੱਖ ਸਿੰਘ, ਹਰਮੀਤ ਸਿੰਘ, ਪਰਮਿੰਦਰ ਸਿੰਘ ਅਤੇ ਸੋਖੀ ਪਰਿਵਾਰ ਦੇ ਗ੍ਰਹਿ ਵਿਖੇ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਸ਼ਾਮ ਦੇ ਪ੍ਰੋਗਰਾਮ ਵਿੱਚ ਦਾ ਜ. ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ ਅਤੇ 5 ਤੋਂ 6 ਵਜੇ ਤੱਕ ਨਾਮ ਸਿਮਰਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਹੋਇਆ। ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਪੜ੍ਹਿਆ- 'ਆਜ ਹਮਾਰੈ ਗ੍ਰਿਹਿ ਬਸੰਤ' ਅਤੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਨੇ ਸਮੇਤ ਜਥੇ ਸ਼ਾਮ ਦਾ ਕੀਰਤਨ ਕੀਤਾ। ਕਵੀ ਹਰਵਿੰਦਰ ਪਤੰਗਾ ਨੇ ਕਵਿਤਾ ਨਾਲ ਆਪਣੀ ਹਾਜ਼ਰੀ ਲਵਾਈ। ਮਨਜੀਤ ਸਿੰਘ ਜੀ. ਕੇ., ਡਾ. ਮਨਜੀਤ ਸਿੰਘ ਸਾਬਕਾ ਮੁਖੀ ਪੰਜਾਬੀ ਵਿਭਾਗ ਦਿੱਲੀ ਯੂਨੀਵਰਸਿਟੀ, ਡਾ. ਰਵਿੰਦਰ ਰਵੀ ਮੁਖੀ ਪੰਜਾਬੀ ਵਿਭਾਗ ਦਿੱਲੀ ਯੂਨੀਵਰਸਿਟੀ, ਗੁਰਭੇਜ ਸਿੰਘ ਗੁਰਾਇਆ ਨੇ ਆਪਣੇ ਵਿਚਾਰ ਸਤਿਗੁਰੂ ਜੀ ਦੇ ਹਜ਼ੂਰ ਰੱਖੇ।

ਅੱਜ ਮਾਂ-ਬੋਲੀ ਪੰਜਾਬੀ ਦਿਵਸ ਮਨਾਇਆ ਜਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਸਮੇਂ ਫਰਮਾਇਆ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਅਸੀਂ ਪ੍ਰਕਾਸ਼ ਦਿਵਸ ਮਨਾ ਰਹੇ ਹਾਂ। ਉਨ੍ਹਾਂ ਨੇ ਹੁਕਮ ਕੀਤਾ ਹੈ ਕਿ 'ਲੜਕੇ-ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲੇ, ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਬਾਣੀ ਨਾਲ ਜੋੜਿਆ ਹੈ। ਸਾਡਾ ਫਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨਾਲ ਗੁਰਮੁਖੀ ਗੁਰਬਾਣੀ ਨਾਲ ਜੋੜ ਕੇ ਉਨ੍ਹਾਂ ਨੂੰ ਗੁਰਸਿੱਖੀ ਤੇ ਧਾਰਨੀ ਬਣਾਈਏ। ਆਏ ਹੋਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਬਾਅਦ ਸਤਿਗੁਰੂ ਜੀ ਆਪਣੇ ਡੇਰੇ ਹਰਵਿੰਦਰ ਸਿੰਘ ਹੰਸਪਾਲ ਜੀ ਦੇ ਘਰ ਵਿਸ਼ਰਾਮ ਕੀਤਾ।

**ਮਿਤੀ 22 ਫਰਵਰੀ 2021** ਦਿਨ ਸੋਮਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਨੇ ਜਥੇ ਸਮੇਤ ਕੀਤਾ। ਵਾਰ ਦੀ ਸਮਾਪਤੀ ਉਪਰੰਤ ਪ੍ਰਸ਼ਾਦਾ ਪਾਣੀ ਛਕ ਕੇ ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਸਹਿਤ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਚਾਲੇ ਪਾਏ, ਵਾਇਆ ਹਿਸਾਰ, ਫਤਿਹਾਬਾਦ ਹੁੰਦੇ ਹੋਏ ਨਾਮਧਾਰੀ ਧਰਮਸ਼ਾਲਾ ਫ਼ਤਿਹਾਬਾਦ ਪਹੁੰਚੇ ਅਤੇ ਸਾਧ ਸੰਗਤ ਨੂੰ ਦਰਸ਼ਨ ਨੂੰ ਦਿੱਤੇ। ਇੱਥੇ ਹੀ ਹਾਜ਼ਰ ਸਾਧ ਸੰਗਤ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸਵੇਰੇ ਉੱਠ ਕੇ ਸਣੇਕਸੀ ਇਸ਼ਨਾਨ ਕਰਨ ਵਾਲੇ ਹੱਥ ਖੜ੍ਹੇ ਕਰਕੇ ਦੱਸੋ ਕਿ ਉਹ ਕਿੰਨੇ ਵਜੇ ਇਸ਼ਨਾਨ ਕਰਦੇ ਹਨ। ਸਿਰਸੇ ਪਹੁੰਚ ਕੇ ਪਿੰਡ ਖੈਰਪੁਰ ਸਿੱਖਾਂ ਦੇ ਘਰ ਦਰਸ਼ਨ

ਦਿੱਤੇ ਅਤੇ ਇੱਥੋਂ ਹੀ ਸਿਰਸਾ ਸ਼ਹਿਰ ਦੀ ਨਾਮਧਾਰੀ ਧਰਮਸ਼ਾਲਾ ਵਿਖੇ ਮਨਾਏ ਜਾ ਰਹੇ ਬਸੰਤ ਮੇਲੇ ਸਮੇਂ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜ. ਗੁਰਲਾਲ ਸਿੰਘ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ। ਸਾਧ ਸੰਗਤ ਦੀ ਭਰਪੂਰ ਹਾਜ਼ਰੀ ਸੀ। ਬੱਚਿਆਂ ਨੇ ਸ਼ਬਦ ਪੜ੍ਹਿਐ- **'ਆਜੁ ਹਮਾਰੈ ਮੰਗਲਚਾਰ'** ਸੁਖਚੈਨ ਸਿੰਘ ਨੇ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਮੇਲੇ ਦੀ ਸਮਾਪਤੀ ਦੀ ਅਰਦਾਸ ਹੋਈ ਇੱਥੋਂ ਹੀ ਚੱਲ ਕੇ ਸਤਿਗੁਰੂ ਜੀ ਮਸਤਾਨਗੜ੍ਹ ਆਣ ਦਰਸ਼ਨ ਦਿੱਤੇ। ਸ਼ਾਮ ਨੂੰ ਮੌਜੂਖੇੜਾ ਵਿਖੇ ਉਸਤਾਦ ਨੱਥਾ ਸਿੰਘ ਦੇ ਪਰਿਵਾਰ ਵੱਲੋਂ 2 ਸਾਧਾਰਨ ਪਾਠਾਂ ਦੇ ਭੋਗ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਏ ਗਏ। ਇਕ ਪਾਠ ਸਤਿਗੁਰੂ ਜਗਜੀਤ ਸਿੰਘ ਦੀ ਯਾਦ ਵਿੱਚ ਅਤੇ ਇੱਕ ਪਾਠ ਉਸਤਾਦ ਨੱਥਾ ਸਿੰਘ ਦੀ ਯਾਦ ਵਿੱਚ ਸੀ। ਜਲ ਪਾਣੀ ਛੱਕ ਰਾਤ ਮਸਤਾਨ ਗੜ੍ਹ ਆਣ ਵਿਸ਼ਰਾਮ ਕੀਤਾ।

..................................................

## ਮਸਤਾਨ ਗੜ੍ਹ ਵਿਖੇ ਇਲਾਕਾ ਜੀਵਨ ਨਗਰ ਦਾ ਬਸੰਤ ਮੇਲਾ

ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਰੋਸਾਈ ਹੋਈ ਧਰਤੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜੀ ਹੋਈ ਧਰਤੀ ਇਲਾਕਾ ਸ੍ਰੀ ਜੀਵਨ ਨਗਰ, ਇਸ ਸਾਲ ਮਿਤੀ **23 ਫਰਵਰੀ 2021** ਦਿਨ ਮੰਗਲਵਾਰ ਸ੍ਰੀ ਮਸਤਾਨ ਗੜ੍ਹ ਵਿਖੇ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਉਲੀਕੇ ਗਏ ਪ੍ਰੋਗਰਾਮ ਦੇ ਮੁਤਾਬਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਮੇਲੇ ਦੀ ਆਰੰਭਤਾ ਮਸਤਾਨ ਗੜ੍ਹ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਈ। ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਵਾਰ ਸਮਾਪਤੀ ਨਾਲ ਹੀ ਧਿਆਨ ਸਿੰਘ ਮੁਕਤਾ ਦੇ ਸਪੁੱਤਰ ਸਮੇਤ ਦੋ ਆਨੰਦ ਕਾਰਜ ਹੋਏ। ਉਪਰੰਤ ਸਤਿਗੁਰੂ ਜੀ ਨੇ ਸੰਤਨਗਰ ਵਿਖੇ ਭਾਗ ਸਿੰਘ ਪੁੱਤਰ ਭਗਵਾਨ ਸਿੰਘ ਦੀ ਦੁਕਾਨ ਦਾ ਉਦਘਾਟਨ ਕੀਤਾ ਅਤੇ ਪ੍ਰੀਤਮ ਸਿੰਘ ਦੇ ਪਰਿਵਾਰ ਵੱਲੋਂ ਸੰਤਨਗਰ ਵਿਖੇ ਅਖੰਡ ਪਾਠ ਦਾ ਭੋਗ ਨਵੇਂ ਮਕਾਨ ਦੀ ਖ਼ੁਸ਼ੀ ਵਿੱਚ ਸਤਿਗੁਰੂ ਜੀ ਨੇ ਹਜੂਰ ਪਾਇਆ ਗਿਆ। ਗੁਰਭੇਜ ਸਿੰਘ ਅਤੇ ਬੀਬੀ ਕੁਲਵਿੰਦਰ ਕੌਰ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੋਂ ਹੀ ਪਿੰਡ ਅੰਮ੍ਰਿਤਸਰ ਕਲਾਂ ਵਿਖੇ ਜੰਗੀਰ ਸਿੰਘ ਪੁੱਤਰ ਦਰਸ਼ਨ ਸਿੰਘ ਦੇ ਘਰ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦਿੱਤੇ ਅਤੇ 5 ਸਾਧਾਰਨ ਪਾਠਾਂ ਦੇ ਭੋਗ ਵੀ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪਾਏ ਗਏ। ਇੱਥੇ ਹੀ ਸਤਿਗੁਰੂ ਜੀ ਨੇ ਗੁਰਮੁਖ ਸਿੰਘ ਪੁੱਤਰ ਅਵਤਾਰ ਸਿੰਘ, ਦਰਸ਼ਨ ਸਿੰਘ, ਹਰਦਿਆਲ ਸਿੰਘ ਅਤੇ ਸਰਦਾਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸ ਮਸਤਾਨ ਗੜ੍ਹ ਆਏ ਅਤੇ ਸਾਧ ਸੰਗਤ ਬਸੰਤ ਮੇਲੇ ਵਿੱਚ ਹਾਜ਼ਰੀ ਭਰਨ ਲਈ ਆ ਰਹੀ ਸੀ। ਸਟੇਜ ਤੋਂ ਜ. ਜੋਗਾ ਸਿੰਘ ਭੰਬੂਰ, ਮੱਖਣ ਸਿੰਘ ਮੱਲੇਕਾ, ਜਸਪਾਲ ਸਿੰਘ ਸੰਤਨਗਰ ਅਤੇ ਜਸਵਿੰਦਰ ਸਿੰਘ ਭਿੰਡਰ ਸਮੇਤ ਜ. ਗੁਰਲਾਲ ਸਿੰਘ ਭੈਣੀ ਸਾਹਿਬ ਨੇ ਆਪੋ-ਆਪਣੀ ਵਾਰੀ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਇਤਿਹਾਸ ਪੇਸ਼ ਕੀਤਾ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਨਾਮ ਸਿਮਰਨ ਕਰਨ ਉਪਰੰਤ ਹਜ਼ੂਰੀ ਰਾਗੀ ਜਥੇ ਵੱਲੋਂ ਸ਼ਾਮ ਦਾ ਕੀਰਤਨ ਕੀਤਾ ਗਿਆ। ਕਵੀ ਜੀਵਨ ਸਿੰਘ ਦੇ ਪੁੱਤਰ ਅਰਜਨ ਸਿੰਘ ਆਜ਼ਾਦ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਬਾਰੇ ਕਵਿਤਾ ਪੇਸ਼ ਕੀਤੀ। ਸੰਤਨਗਰ ਵਿਖੇ ਦੀਦਾਰ ਸਿੰਘ ਹਾਕੀ ਕੋਚ, ਦਰਸ਼ਨ ਸਿੰਘ, ਹਰਜਿੰਦਰ ਸਿੰਘ ਦੇ ਘਰ ਚਰਨ ਪਾਏ ਤੇ ਮਸਤਾਨ ਗੜ੍ਹ ਵਿਖੇ ਵਿਸ਼ਰਾਮ ਕੀਤਾ।

**24 ਫਰਵਰੀ 2021** ਦਿਨ ਬੁੱਧਵਾਰ ਅੱਜ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਬਲੀ ਸਿੰਘ ਗੁਰਾਇਆ ਦੇ ਸਪੁੱਤਰ ਗੁਰਦੀਪ ਸਿੰਘ, ਗੁਰਭੇਜ ਸਿੰਘ ਦੇ ਗ੍ਰਹਿ ਵਿਖੇ ਹਜ਼ੂਰੀ ਰਾਗੀ ਬਲਵੰਤ ਸਿੰਘ ਤੇ ਸਤਨਾਮ ਸਿੰਘ ਨੇ ਮਿਲ ਕੇ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਪਵਿੱਤਰ ਗੁਰਬਾਣੀ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਤਿੰਨ ਪਾਠਾਂ ਦੇ ਭੋਗ ਪਾਏ ਗਏ। ਬਲੀ ਸਿੰਘ ਸਪੁੱਤਰ ਤਰਨ ਸਿੰਘ ਵਹਿਮੀ ਦੀ ਯਾਦ ਵਿੱਚ ਪਰਿਵਾਰ ਵੱਲੋਂ ਵਰ੍ਹੀਣੇ ਦੇ ਪਾਠ ਦਾ ਭੋਗ ਪਾਇਆ ਗਿਆ ਅਤੇ ਮੇਲਾ ਕੀਤਾ ਗਿਆ। ਸਵਰਨ ਸਿੰਘ ਵਿਰਕ ਨੇ ਬਲੀ ਸਿੰਘ ਦੇ ਜੀਵਨ ਸੰਬੰਧੀ ਵਿਚਾਰ ਸਾਧ ਸੰਗਤ ਨਾਲ ਸਾਂਝੇ ਕੀਤੇ। ਵਾਪਸ ਮਸਤਾਨ ਗੜ੍ਹ ਆਏ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਗੁਰਬਚਨ ਸਿੰਘ ਭੈਣੀ ਸਾਹਿਬ ਵਾਲੇ ਦੇ ਲੜਕੇ ਦਾ ਅਨੰਦ ਕਾਰਜ ਹੋਇਆ। ਇੱਥੋਂ ਹੀ ਗੁਰਬਚਨ ਸਿੰਘ ਹਾਰਨੀ, ਚਰਨ ਸਿੰਘ ਖੂਹ ਅੰਮ੍ਰਿਤਸਰੀਆ, ਰਾਮ ਸਿੰਘ, ਭਜਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੋਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਥਾਪਤ ਜਗਜੀਤ

ਨਗਰ ਵਿਖੇ ਡੇਰੇ ਤੇ ਪ੍ਰਸ਼ਾਦਾ ਛਕਿਆ ਅਤੇ ਸ. ਬਲੀ ਸਿੰਘ ਦੇ ਸਪੁੱਤਰ ਬਲਦੇਵ ਸਿੰਘ ਕਾਕੂ ਅਤੇ ਅਮਰ ਸਿੰਘ ਅੰਬਾ ਦੇ ਪਰਿਵਾਰ ਵੱਲੋਂ ਜਗਜੀਤ ਮੰਦਰ ਵਿਖੇ ਕਰਵਾਏ ਗਏ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦਿੱਤੇ। ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਲਾਇਆ। ਸਮਾਪਤੀ ਉਪਰੰਤ ਮਸਤਾਨਗੜ੍ਹ ਪਹੁੰਚ ਸਮਾਨ ਸੰਭਾਲ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾ ਦਿੱਤੇ।

......................................................

## ਜਲੰਧਰ ਵਿਖੇ ਬਸੰਤ ਦਾ ਮੇਲਾ

**19 ਫਰਵਰੀ 2021**

ਜੰਗੇ-ਅਜਾਦੀ ਦੇ ਮੋਢੀ ਅਤੇ ਨਾ-ਮਿਲਵਰਤਨ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨਾਮਧਾਰੀ ਸਾਧ ਸੰਗਤ ਵੱਲੋਂ ਵੱਖ-ਵੱਖ ਇਲਾਕਿਆਂ ਵਿਚ ਨਾਮਧਾਰੀ ਪੰਥ ਦੇ ਰਹਿਨੁਮਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਮਨਾਇਆ ਜਾ ਰਿਹਾ ਹੈ। ਜਲੰਧਰ ਦੀ ਨਾਮਧਾਰੀ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਜਲੰਧਰ ਵਿਖੇ ਮਨਾਏ ਜਾ ਰਹੇ ਬਸੰਤ ਪੁਰਬ ਦੇ ਮੇਲੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ।

**ਮਿਤੀ 19 ਫਰਵਰੀ 2021** ਦਿਨ ਸ਼ੁੱਕਰਵਾਰ ਸਵੇਰੇ ਅੰਮ੍ਰਿਤ ਵੇਲੇ 4 ਵਜੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਰਸਤੇ ਵਿੱਚ ਕਾਫੀ ਸੰਘਣੀ ਧੁੰਦ ਹੋਣ ਕਾਰਨ 6:20 ਮਿੰਟ ਤੇ ਜਲੰਧਰ ਵਿੱਚ ਦੇਸ਼ ਭਗਤ ਯਾਦਗਾਰੀ ਹਾਲ ਵਿਖੇ ਪਹੁੰਚੇ ਜਿੱਥੇ ਰਾਗੀ ਬਲਬੀਰ ਸਿੰਘ ਦੀ ਅਗਵਾਈ ਵਿੱਚ ਬੱਚੇ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਇਸ ਸਥਾਨਕ ਜਥੇ ਵਿੱਚ ਛੋਟੇ ਬੱਚੇ ਅਤੇ ਬੱਚੀਆਂ ਸਨ। ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਕੁਝ ਸਮੇਂ ਲਈ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਦੁਆਰਾ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸੰਸਾਰ ਦੇ ਲੋਕਾਂ ਦੇ ਭਲੇ ਲਈ ਕੀਤੇ ਪਰਉਪਕਾਰਾਂ ਦਾ ਵਰਣਨ ਕੀਤਾ। ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਬਲਵਿੰਦਰ ਸਿੰਘ ਦਮੋਰੀਆ ਪੁਲ, ਸੁਖਵਿੰਦਰ ਸਿੰਘ ਸੁੱਖੂ, ਬਲਜੀਤ ਸਿੰਘ ਪ੍ਰੀਤ ਨਗਰ, ਮੋਹਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੇ ਹੀ ਜਤਿੰਦਰ ਸਿੰਘ ਚਿੰਕਾ ਦੇ ਘਰ ਪ੍ਰਸ਼ਾਦਾ ਛਕਣ ਉਪਰੰਤ ਸਤਿਗੁਰੂ ਜੀ ਨੇ ਦੀਵਾਨ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨਾਮਧਾਰੀ ਪੰਥ ਦੀ ਪ੍ਰੰਪਰਾਗਤ ਸ਼ੈਲੀ ਵਿੱਚ ਹੱਲੇ ਦਾ ਦੀਵਾਨ ਸਜਾ ਰਹੇ ਸਨ। ਦੀਵਾਨ ਸਮਾਪਤੀ ਬਾਅਦ ਜਲੰਧਰ ਨਾਮਧਾਰੀ ਸੰਗਤ ਦੇ ਪ੍ਰਧਾਨ ਨਰੈਣ ਸਿੰਘ ਨੇ ਸ੍ਰੀ ਸਤਿਗੁਰੂ ਜੀ ਦਾ ਜਲੰਧਰ ਦਰਸ਼ਨ ਦੇਣ ’ਤੇ ਧੰਨਵਾਦ ਕੀਤਾ। ਮੰਚ ਤੇ ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਜੀ ਨੂੰ ਮਾਈਕ ਤੇ ਆਉਣ ਦਾ ਸੱਦਾ ਦਿੱਤਾ। ਹਰਿਵੱਲਭ ਸੰਗੀਤ ਸਭਾ ਦੇ ਸ੍ਰੀ ਦੀਪਕ ਬਾਲੀ ਜੀ, M.L.A ਸ੍ਰੀ ਬਾਵਾ ਹੈਨਰੀ ਅਤੇ ਸ੍ਰੀ ਕੇ. ਡੀ. ਭੰਡਾਰੀ ਨੇ ਮੰਚ ਤੋਂ ਸਾਧ ਸੰਗਤ ਨੂੰ ਸੰਬੋਧਨ ਕੀਤਾ ਅਤੇ ਨਾਮਧਾਰੀ ਪੰਥ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਦੇਸ਼ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਤੇ ਪ੍ਰਸ਼ੰਸਾ ਕੀਤੀ। ਇਲਾਕਾ ਨਿਵਾਸੀ ਸਾਧ ਸੰਗਤ ਵੱਡੀ ਗਿਣਤੀ ਵਿਚ ਸਮਾਗਮ ਸਮੇਂ ਹਾਜ਼ਰ ਸੀ। ਮੇਲੇ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਵਾਪਸੀ ਸਮੇਂ ਪਿੰਡ ਲੁਹਾਰਾਂ ਪ੍ਰਤਾਪਪੁਰਾ ਵਿਖੇ ਅਵਤਾਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੇ ਹੀ ਪਰਮਜੀਤ ਸਿੰਘ ਦੇ ਘਰ ਦਰਸ਼ਨ ਦੇਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸ੍ਰੀ ਭੈਣੀ ਸਾਹਿਬ ਲਈ ਚੱਲ ਪਿਆ।

......................................................

## ਸਤਿਗੁਰੂ ਉਦੇ ਸਿੰਘ ਜੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ ਪਧਾਰੇ

**ਮਿਤੀ 19 ਫਰਵਰੀ 2021** ਦਿਨ ਸ਼ੁੱਕਰਵਾਰ ਦਾ ਦਿਨ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਲਈ ਇਤਿਹਾਸਕ ਦਿਨ ਬਣ ਗਿਆ। ਜਦੋਂ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸਤਿਗੁਰੂ ਉਦੇ ਸਿੰਘ ਜੀ ਆਪਣੇ ਮੁਬਾਰਕ ਚਰਨ ਯੂਨੀਵਰਸਿਟੀ ਦੇ ਵਿਹੜੇ ਵਿੱਚ ਪਾਏ। ਜਲੰਧਰ ਵਿਖੇ ਮਨਾਏ ਗਏ ਬਸੰਤ ਪੁਰਬ ਦੇ ਮੇਲੇ ਦੀ ਸਮਾਪਤੀ ਤੋਂ ਬਾਅਦ ਵਾਪਸੀ ਸਮੇਂ ਮਿੱਥੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਪਹਿਲਵਾਨ ਸ੍ਰੀ ਕਰਤਾਰ ਸਿੰਘ ਏਸ਼ੀਆਈ ਗੋਲਡ ਮੈਡਲਿਸਟ ਦੀ ਬੇਨਤੀ ਤੇ ਸਤਿਗੁਰੂ ਉਦੇ ਸਿੰਘ ਜੀ ਨੇ ਯੂਨੀਵਰਸਿਟੀ ਵਿਖੇ

ਹੋ ਰਹੀ 64 ਵੀਂ ਗਰੀਕੋ ਰੋਮਨ ਨੈਸ਼ਨਲ ਚੈਂਪੀਅਨ ਸ਼ਿਪ ਦੇ ਉਦਘਾਟਨ ਸਮੇਂ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਯੂਨੀਵਰਸਿਟੀ ਪਹੁੰਚਣ ਸਮੇਂ ਕਰਤਾਰ ਸਿੰਘ ਏਸ਼ੀਆਈ ਗੋਲਡ ਮੈਡਲ ਵਿਜੇਤਾ, ਜਗਜੀਤ ਸਿੰਘ ਸਰੋਆ SP, ਤੀਰਥ ਸਿੰਘ ਢਿੱਲੋਂ ਚੀਫ਼ ਨਿਊਜ਼ ਰੀਡਰ ਦੂਰਦਰਸ਼ਨ ਜਲੰਧਰ ਅਤੇ ਸ੍ਰੀ ਸੌਰਵ ਲਖਨਪਾਲ ਡੀਨ ਯੂਨੀਵਰਸਿਟੀ ਨੇ ਫੁੱਲ ਮਾਲਾਵਾਂ ਪਹਿਨਾ ਕੇ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ। ਮੰਚ ਤੇ ਸੁਭਾਇਮਾਨ ਹੋਣ ਤੋਂ ਬਾਅਦ ਤੀਰਥ ਸਿੰਘ ਢਿੱਲੋਂ ਨੇ ਖ਼ੂਬਸੂਰਤ ਸ਼ਬਦਾਂ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਜੀ ਆਇਆਂ ਆਖਿਆ। ਕਰਤਾਰ ਸਿੰਘ ਪਹਿਲਵਾਨ ਨੇ ਆਪਣੇ ਸੰਬੋਧਨ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਤਾਜ਼ਾ ਕੀਤਾ ਅਤੇ ਇਹ ਜ਼ਿਕਰ ਕੀਤਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਹਮੇਸ਼ਾਂ ਦੇਸੀ ਘਿਉ ਦੇ ਪੀਪਿਆਂ ਨਾਲ ਨਿਵਾਜ਼ਿਆ ਕਰਦੇ ਸਨ। ਯੂਨੀਵਰਸਿਟੀ ਦੇ ਡੀਨ ਸ੍ਰੀ ਸੌਰਵ ਲਖਨਪਾਲ ਜੀ ਨੇ ਯੂਨੀਵਰਸਿਟੀ ਦੇ ਵਿਹੜੇ ਵਿੱਚ ਚਰਨ ਪਾਉਣ ਤੇ ਸਤਿਗੁਰੂ ਜੀ ਦਾ ਉਚੇਚਾ ਧੰਨਵਾਦ ਕੀਤਾ। ਜਗਜੀਤ ਰੈਸਲਿਕਾ ਅਕਾਦਮੀ ਜਲੰਧਰ ਦੇ ਸੰਚਾਲਕ SP ਜਗਜੀਤ ਸਿੰਘ ਸਰੋਆ ਨੇ ਸਤਿਗੁਰੂ ਜੀ ਲਈ ਸਵਾਗਤੀ ਸ਼ਬਦ ਆਖੇ। ਸਤਿਗੁਰੂ ਉਦੇ ਸਿੰਘ ਨੇ ਯੂਨੀਵਰਸਿਟੀ ਦੇ ਵਿਹੜੇ ਵਿੱਚ ਹੋ ਰਹੀ 64 ਵੀਂ ਗਰੀਕੋ ਰੋਮਨ ਨੈਸ਼ਨਲ ਚੈਂਪੀਅਨਸ਼ਿਪ ਦੇ ਉਦਘਾਟਨ ਸਮੇਂ ਪਵਿੱਤਰ ਉਪਦੇਸ਼ ਦੁਆਰਾ ਅਸ਼ੀਰਵਾਦ ਦਿੱਤਾ ਤੇ ਚੈਂਪੀਅਨਸ਼ਿਪ ਦੀ ਅਰੰਭਤਾ ਦੀ ਮੁਬਾਰਕਬਾਦ ਦਿੱਤੀ। ਗੁਰਦੀਪ ਸਿੰਘ ਕਾਨੂੰਗੋ ਅਤੇ ਉਸ ਦੇ ਪੁੱਤਰ ਪਹਿਲਵਾਨ ਰਾਜਬੀਰ ਸਿੰਘ ਨੇ ਇਸ ਕਾਰਜ ਲਈ ਆਪਣਾ ਵਿਸ਼ੇਸ ਯੋਗਦਾਨ ਪਾਇਆ।

........................................................

## ਚੰਡੀਗੜ੍ਹ ਵਿਖੇ ਬਸੰਤ ਮੇਲਾ

**14 ਫਰਵਰੀ 2021**

ਬਸੰਤ ਦਾ ਨਾਮ ਜ਼ੁਬਾਨ ਤੇ ਆਉਣ ਨਾਲ ਹੀ ਯੁੱਗ ਪਲਟਾਊ ਰਹਿਬਰ ਸਤਿਗੁਰੂ ਰਾਮ ਸਿੰਘ ਜੀ ਦੀ ਮਨਮੋਹਣੀ ਤਸਵੀਰ ਅੱਖਾਂ ਸਾਹਮਣੇ ਆਪ ਮੁਹਾਰੇ ਆਣ ਖਲੋਂਦੀ ਹੈ। ਨਾਮਧਾਰੀ ਸਾਧ ਸੰਗਤ ਸੰਸਾਰ ਵਿੱਚ ਜਿੱਥੇ-ਜਿੱਥੇ ਵੀ ਵਸਦੀ ਹੈ, ਉਥੇ ਹੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬਸੰਤ ਪੰਚਮੀ ਵਾਲੇ ਦਿਨ ਆਪਣੇ-ਆਪਣੇ ਢੰਗ ਨਾਲ ਮਨਾਉਂਦੀ ਹੈ। ਅਜਿਹਾ ਹੀ ਬਸੰਤ ਪੁਰਬ ਦਾ ਮੇਲਾ ਚੰਡੀਗੜ੍ਹ ਨਿਵਾਸੀ ਸਾਧ ਸੰਗਤ ਵੱਲੋਂ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਮਿਤੀ 14 ਫਰਵਰੀ 2021 ਦਿਨ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ ਚੰਡੀਗੜ੍ਹ ਦੇ ਸੈਕਟਰ 30 ਵਿਖੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸਵੇਰੇ ਤਕਰੀਬਨ 9 ਵਜੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਚੰਡੀਗੜ੍ਹ ਦੇ ਬਾਹਰ-ਵਾਰ ਪਿੰਡ ਧਨਾਸ ਵਿਖੇ ਗੁਰਮੁਖ ਸਿੰਘ, ਗੁਰਮੀਤ ਸਿੰਘ ਅਤੇ ਗੁਰਬਖਸ਼ੀਸ਼ ਸਿੰਘ ਦੇ ਨਾਮਧਾਰੀ ਮਾਰਬਲ ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਉਪਰੰਤ ਸੈਕਟਰ 20 ਵਿਖੇ ਸ. ਸਰਨਪਾਲ ਸਿੰਘ, ਉਂਕਾਰ ਸਿੰਘ, ਸੁਰਿੰਦਰਪਾਲ ਸਿੰਘ ਅਤੇ ਹਰਜਿੰਦਰ ਸਿੰਘ ਦੀਆਂ ਦੁਕਾਨਾਂ 'ਤੇ ਚਰਨ ਪਾਉਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸ਼ਾਲਾ ਵਿਖੇ ਦਰਸ਼ਨ ਦਿੱਤੇ। ਰਾਗੀ ਠਾਕੁਰ ਸਿੰਘ ਜੀ ਦੁਆਰਾ ਸਿੱਖਿਆਰਥੀ ਬੱਚੇ ਆਪਣਾ ਪ੍ਰੋਗਰਾਮ ਪੇਸ਼ ਕਰ ਰਹੇ ਸਨ। ਜਿਨ੍ਹਾਂ ਵਿੱਚ ਕਾਕਾ ਉੱਤਮ ਸਿੰਘ, ਬੇਟੀ ਖੁਸ਼ਪ੍ਰੀਤ ਕੌਰ, ਹਰਜਸ ਕੌਰ, ਸ਼ਰਨ ਸਿੰਘ, ਉਸਤਤ ਕੌਰ ਤੇ ਰਾਜ ਕੌਰ ਨੇ ਆਪੋ-ਆਪਣੀ ਵਾਰੀ ਅਨੁਸਾਰ ਸ਼ਬਦ ਗਾਇਨ ਕੀਤਾ। ਬਸੰਤ ਸਿੰਘ ਨੇ ਦੀਵਾਨ ਸਜਾਇਆ। ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਅਤੇ ਸੰਤ ਗੁਰਬਚਨ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਵਿਦਵਤਾ ਭਰਪੂਰ ਵਿਖਿਆਨ ਕੀਤੇ। ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਦੇਣ ਦੀ ਕਿਰਪਾ ਕੀਤੀ ਅਤੇ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਮੇਲੇ ਦੀ ਸਮਾਪਤੀ ਉਪਰੰਤ ਸੈਕਟਰ 30 B ਵਿਖੇ ਹੀ ਸ੍ਰੀ ਸਤਿਗੁਰੂ ਜੀ ਨੇ ਸੰਪੂਰਨ ਸਿੰਘ ਦੇ ਘਰ ਅਤੇ ਮੁਹਾਲੀ ਵਿਖੇ ਬੀਬੀ ਸੁਭਜੀਤ ਕੌਰ ਪਤਨੀ ਰਘਬੀਰ ਸਿੰਘ ਭਿੰਡਰ ਅਤੇ ਪਿੰਡ ਲਾਂਡਰਾਂ ਵਿਖੇ ਸੁਰਿੰਦਰਪਾਲ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੋਂ ਹੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵਾਪਸ ਸ੍ਰੀ ਭੈਣੀ ਸਾਹਿਬ ਪਹੁੰਚ ਗਏ।

**ਸੂਬਾ ਬਲਵਿੰਦਰ ਸਿੰਘ ਝੱਲ**

........................................................

## ਸੁੰਦਰ ਨਗਰ ਵਿਖੇ ਬਸੰਤ ਦਾ ਮੇਲਾ

ਹਾਜਰਾ ਹਜੂਰ ਸ੍ਰੀ ਸਤਿਗੁਰ ਉਦੇ ਸਿੰਘ ਜੀ ਦੀ ਅਪਾਰ ਕਿਰਪਾ ਨਾਲ ਨਾਮਧਾਰੀ ਸਾਧ ਸੰਗਤ ਸੁੰਦਰ ਨਗਰ (ਹਿਮਾਚਲ ਪ੍ਰਦੇਸ਼) ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦਾ 205 ਵਾਂ ਪ੍ਰਕਾਸ਼ ਪੁਰਬ ਬਸੰਤ ਪੰਚਮੀ ਤੇ ਨਾਮਧਾਰੀ ਧਰਮਸ਼ਾਲਾ ਸੁੰਦਰ ਨਗਰ ਵਿਖੇ **28 ਫਰਵਰੀ 2021** ਨੂੰ ਬਹੁਤ ਖੁਸ਼ੀ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਸੁੰਦਰ ਨਗਰ ਤੋਂ ਇਲਾਵਾ ਮੰਡੀ, ਨੇਰਚੌਂਕ, ਭੂੰਤਰ, ਗੌਹਰ ਤੇ ਪੰਡੋਹ ਦੀ ਨਾਮਧਾਰੀ ਸੰਗਤ ਨੇ ਹੁੰਮਹੁੰਮਾ ਕੇ ਦਰਸ਼ਨ ਦਿੱਤੇ। ਇਸ ਮੌਕੇ ਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਰਾਜ ਪੱਧਰੀ ਪ੍ਰਧਾਨ ਸ੍ਰੀ ਲੇਖ ਰਾਜ ਰਾਣਾ ਜੀ ਤੇ ਉਹਨਾਂ ਦੇ ਸਾਥੀ ਅਤੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਆਗੂ ਉਚੇਚੇ ਤੌਰ ਤੇ ਇਸ ਸਮਾਗਮ ਵਿੱਚ ਸ਼ਾਮਲ ਹੋਏ। ਸ੍ਰੀ ਭੈਣੀ ਸਾਹਿਬ ਤੋਂ ਵਿਸ਼ੇਸ਼ ਤੌਰ ਤੇ ਜਥੇਦਾਰ ਗੁਰਲਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਹ ਸਾਰਾ ਸਮਾਗਮ ਸੂਬਾ ਗੁਰਦਿਆਲ ਸਿੰਘ ਜੀ ਦੀ ਅਗਵਾਈ ਅਤੇ ਸੂਬਾ ਸਾਧਾ ਸਿੰਘ ਜੀ, ਸੂਬਾ ਗੁਰਮੀਤ ਸਿੰਘ ਜੀ ਮੰਡੀ, ਸੂਬਾ ਮਨਜੀਤ ਸਿੰਘ ਜੀ ਨੇਰਚੌਂਕ ਦੀ ਉਪਸਥਿਤੀ ਵਿੱਚ ਨਿਰਵਿਘਨ ਸੰਪੂਰਨ ਹੋਇਆ।

**ਸੇਵਾਦਾਰ ਹਰਮੀਕ ਸਿੰਘ (ਜੋਨੀ)**

---

## ਸੰਤ ਜਗਤ ਸਿੰਘ ਖੰਡੂਵਾਲਿਆਂ ਦੀ ਯਾਦ ਵਿੱਚ ਮੇਲਾ

**20 ਫਰਵਰੀ 2021 ਈ. (ਪਿੰਡ ਝੱਲ ਜ਼ਿਲ੍ਹਾ ਸੰਗਰੂਰ)**

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਿਵਾਜੇ ਬ੍ਰਹਮ ਗਿਆਨੀ ਮਹਾਤਮਾ ਸੰਤ ਜਗਤ ਸਿੰਘ ਜੀ ਖੰਡੂ ਵਾਲੀਆਂ ਦੀ ਯਾਦ ਵਿੱਚ ਪਿੰਡ ਝੱਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਹਰਭਜਨ ਸਿੰਘ ਖੰਡੂ ਵਾਲੀਆਂ ਦੀ ਅਗਵਾਈ ਵਿੱਚ ਸ਼ਰਧਾ ਅਤੇ ਸਤਿਕਾਰ ਸਹਿਤ ਮੇਲਾ ਮਨਾਇਆ ਗਿਆ। ਨਗਰ ਨਿਵਾਸੀ ਸਾਧ ਸੰਗਤ ਅਤੇ ਪੰਡਿਤ ਯਾਦਵਿੰਦਰ ਸਿੰਘ ਦੀ ਅਗਵਾਈ ਵਿਚ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ **20 ਫਰਵਰੀ 2021** ਦਿਨ ਸ਼ਨੀਵਾਰ ਨੂੰ ਪਿੰਡ ਝੱਲ ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਸਾਧ ਸੰਗਤ ਅਤੇ ਪੰਡਿਤ ਯਾਦਵਿੰਦਰ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਫੁੱਲਾਂ ਦੇ ਗੁਲਦਸਤੇ ਭੇਟ ਕਰ ਕੇ ਕੀਤਾ ਗਿਆ। ਪੰਡਾਲ ਵਿਚ ਵਲਟੋਹੇ ਵਾਲੇ ਕਵੀਸ਼ਰੀ ਜਥੇ (ਦਿਲਬਾਗ ਸਿੰਘ ਤੇ ਉਨ੍ਹਾਂ ਦੇ ਸਾਥੀ) ਵੱਲੋਂ ਸ੍ਰੀ ਸਤਿਗੁਰੂ ਜੀ ਦੀ ਉਸਤਤ ਵਿਚ ਕਵਿਤਾ ਪੇਸ਼ ਕੀਤੀ ਜਾ ਰਹੀ ਸੀ। ਆਸਣ ਤੇ ਸੁਭਾਇਮਾਨ ਹੋਣ ਉਪਰੰਤ ਸਾਧ ਸੰਗਤ ਨੇ ਸ਼ਰਧਾ ਅਤੇ ਸਤਿਕਾਰ ਸਹਿਤ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਪੰਡਿਤ ਯਾਦਵਿੰਦਰ ਸਿੰਘ ਨੇ ਕੁਝ ਸਮਾਂ ਕਥਾ ਕੀਤੀ ਅਤੇ ਸੰਤ ਜਗਤ ਸਿੰਘ ਜੀ ਦੇ ਸਮੁੱਚੇ ਜੀਵਨ ਬਾਰੇ ਚਾਨਣਾ ਪਾਇਆ। ਸੰਤ ਹਰਭਜਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਉਚੇਚਾ ਧੰਨਵਾਦ ਕੀਤਾ। ਇੱਥੇ ਕੁਝ ਸਮਾਂ ਰੁਕਣ ਉਪਰੰਤ ਪ੍ਰਸ਼ਾਦ ਪਾਣੀ ਛਕਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਆਪਣੇ ਅਗਲੇ ਪੜਾ ਵੱਲ ਯਮੁਨਾਨਗਰ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

---

## ਦਿੱਲੀ ਵਿਖੇ ਚੱਲ ਰਹੇ ਕਿਸਾਨੀ ਮੋਰਚੇ ਵਿੱਚ ਬਜੀਦਪੁਰ ਦੇ ਨਾਮਧਾਰੀ ਨੌਜਵਾਨਾਂ ਦੀ ਸ਼ਮੂਲੀਅਤ

ਪਿੰਡ ਬਜੀਦ ਪੁਰ (ਨਵਾਂ ਸ਼ਹਿਰ) ਦੀ ਨਾਮਧਾਰੀ ਸੰਗਤ ਨੇ ਦਿੱਲੀ ਵਿਖੇ ਤਿੰਨ ਕਾਲੇ ਕਾਨੂੰਨ ਵਿਰੁੱਧ ਚੱਲ ਰਹੇ ਕਿਸਾਨ ਅੰਦੋਲਨ 'ਚ ਸ਼ਮੂਲੀਅਤ ਕੀਤੀ। ਇਸ ਮੌਕੇ ਸ. ਸੰਤੋਖ ਸਿੰਘ, ਸ. ਇੰਦਰਜੀਤ ਸਿੰਘ, ਸ. ਜਰਨੈਲ ਸਿੰਘ ਔੜ ਦੇ ਯਤਨਾਂ ਅਤੇ ਸੰਗਤ ਦੇ ਸਹਿਯੋਗ ਨਾਲ ਦੋਆਬਾ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਸ. ਕੁਲਦੀਪ ਸਿੰਘ ਬਜੀਦਪੁਰ ਵਲੋਂ ਧਰਨਾਕਾਰੀਆਂ ਲਈ ਚਲਾਏ ਗੁਰੂ ਕੇ ਲੰਗਰ 'ਚ ਦੇਸੀ ਘਿਓ, ਆਟਾ, ਖੰਡ, ਚੌਲ ਆਦਿ ਸਮੱਗਰੀ ਨਾਲ ਸੇਵਾ ਕੀਤੀ ਗਈ। ਜ਼ਿਕਰਯੋਗ ਹੈ ਕਿ ਸ. ਕੁਲਦੀਪ ਸਿੰਘ ਪਹਿਲੇ ਦਿਨ ਤੋਂ ਹੀ ਇਸ ਕਿਸਾਨ ਅੰਦੋਲਨ 'ਚ ਆਪਣੀ ਜਥੇਬੰਦੀ ਸਮੇਤ ਡਟੇ ਹੋਏ ਹਨ। ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਧਰਨੇ ਨੂੰ ਸੰਬੋਧਨ ਹੁੰਦਿਆਂ ਪ੍ਰੋ. ਗੁਰਪ੍ਰੀਤ ਸਿੰਘ ਅਤੇ ਸਾਥੀਆਂ ਨੇ ਨਾਮਧਾਰੀ ਪੰਥ ਦੀ ਪ੍ਰਚਲਿਤ ਢੋਲਕ-ਛੈਣਿਆਂ ਨਾਲ ਕੀਰਤਨ ਕਰਨ ਦੀ ਪੁਰਾਤਨ ਸ਼ੈਲੀ ਨਾਲ ਹੱਲੇ ਦਾ ਦੀਵਾਨ ਸਜਾ ਕੇ ਕਿਸਾਨੀ ਆਵਾਜ਼ ਨੂੰ ਬੁਲੰਦ ਕੀਤਾ ਤੇ ਉਨ੍ਹਾਂ ਸਬਰ ਤੇ ਸਿਦਕ ਭਰਪੂਰ ਜਜ਼ਬੇ ਦੀ ਸ਼ਾਲਾਘਾ ਵੀ ਕੀਤੀ। ਨਾਲ ਹੀ ਆਜ਼ਾਦੀ ਅੰਦੋਲਨ ਦੇ ਜਨਮਦਾਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਆਜ਼ਾਦੀ ਸੰਘਰਸ਼ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਵਾਇਆ।

**ਪ੍ਰੋ. ਗੁਰਪ੍ਰੀਤ ਸਿੰਘ ਬਜੀਦਪੁਰ**

---

# ਪੂਜਨੀਕ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਮੇਲਾ

**04-04-2021-** ਸੇਵਾ-ਸਿਮਰਨ ਦੀ ਮੂਰਤ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਿਤ 4 ਅਪ੍ਰੈਲ 2021 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸਮਾਗਮ ਹੋਇਆ। ਮਾਤਾ ਜੀ ਨੂੰ ਸਾਡੇ ਕੋਲੋਂ ਵਿੱਛੜਿਆਂ ਪੰਜ ਸਾਲ ਹੋ ਗਏ ਹਨ। ਉਨ੍ਹਾਂ ਦੀ ਸ਼ਹਾਦਤ ਨਾਮਧਾਰੀ ਪੰਥ ਕਦੇ ਨਹੀਂ ਭੁਲਾ ਸਕੇਗਾ। ਮਾਤਾ ਜੀ ਜਦੋਂ ਗੁਰੂ ਘਰ ਵਿੱਚ ਸਤਿਗੁਰੂ ਜਗਜੀਤ ਸਿੰਘ ਦੇ ਮਹਿਲ ਬਣ ਕੇ ਆਏ, ਉਸ ਦਿਨ ਤੋਂ ਹੀ ਸੇਵਾ ਕਰਨਾ ਆਪ ਦਾ ਮੁੱਖ ਉਦੇਸ਼ ਰਿਹਾ। ਨਾਮਧਾਰੀ ਪੰਥ ਵਿੱਚ ਇਸ ਸਮੇਂ ਬਣੀ ਹਰ ਇਮਾਰਤ ਮਾਤਾ ਜੀ ਦੇ ਹਸਤ ਕਮਲਾਂ ਦੀ ਛੋਹ ਪ੍ਰਾਪਤ ਹੈ। ਆਪ ਉਸਾਰੀ ਵਾਲੀ ਜਗ੍ਹਾ ਉਚੇਚਾ ਪਹੁੰਚੀ ਸੰਗਤ ਨੂੰ ਉਤਸ਼ਾਹਿਤ ਕਰਦੇ, ਆਪ ਹੱਥੀਂ ਇੱਟਾਂ ਫੜ, ਪੁਰਾਣੀਆਂ ਇੱਟਾਂ ਤੋਂ ਸੀਮਿੰਟ ਲਾਹ, ਟੋਕਰੀ ਸਿਰ 'ਤੇ ਰੱਖ, ਰੋੜੀ ਢੋਣ ਆਦਿ ਕੰਮਾਂ ਵਿੱਚ ਸਾਰਾ-ਸਾਰਾ ਦਿਨ ਰੁੱਝੇ ਰਹਿੰਦੇ।

ਆਪ ਦਾ ਜੀਵਨ ਹਰ ਮਨੁੱਖ ਲਈ ਰਾਹ ਦਸੇਰਾ ਸੀ। ਏਨਾ ਉੱਦਮ ਅਤੇ ਬਲ ਪ੍ਰਮੇਸ਼ਰੀ-ਸ਼ਕਤੀ ਤੋਂ ਬਿਨਾਂ ਕਿਸੇ ਹੋਰ ਸਰੀਰ ਵਿੱਚ ਨਹੀਂ ਹੋ ਸਕਦਾ। ਸਾਰਾ ਦਿਨ ਸੇਵਾ ਕਰਨੀ, ਫਿਰ ਨਾਮ ਸਿਮਰਨ ਵਿੱਚ ਹਾਜ਼ਰੀ ਭਰਨੀ, ਆਈਆਂ ਸੰਗਤਾਂ ਨੂੰ ਪ੍ਰਸ਼ਾਦ ਪਾਣੀ ਛਕਾਉਣਾ ਅਤੇ ਦੁੱਖ-ਤਕਲੀਫਾਂ ਸੁਣਨੀਆਂ, ਹਰ ਦਿਨ ਦਾ ਨੇਮ ਸੀ। ਆਪ ਦਾ ਜੀਵਨ ਗੁਰਬਾਣੀ ਦੇ ਇਨ੍ਹਾਂ ਸ਼ਬਦਾਂ ਤੇ ਪੂਰਾ ਉਤਰਦਾ ਹੈ।

ਜਾਗਤੁ ਜਾਗਿ ਰਹੈ ਗੁਰ ਸੇਵਾ
ਬਿਨੁ ਹਰਿ ਮੈ ਕੋ ਨਾਹੀ॥

ਮਾਤਾ ਜੀ ਹਰ ਆਏ ਨੂੰ ਸੇਵਾ ਕਰਨ ਦੇ ਗੁਣ ਦੱਸਦੇ। ਕਹਿੰਦੇ- ਸੇਵਾ ਨੂੰ ਗੁਰੂ ਘਰ ਵਿੱਚ ਉੱਤਮ ਦਰਜਾ ਪ੍ਰਾਪਤ ਹੈ, ਸੇਵਾ ਕਰਨ ਵਾਲਾ ਹੀ ਸੰਸਾਰ ਵਿਚ ਵੱਡਾ ਹੁੰਦਾ ਹੈ।

ਸੱਚਮੁੱਚ ਹੀ ਆਪ ਦਾ ਜੀਵਨ ਸੇਵਾ ਨੂੰ ਸਮਰਪਿਤ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਯਾਦ ਆਉਂਦਾ ਹੈ- "ਇਹ ਘਰ ਸੇਵਾ ਵਾਲਿਆਂ ਨੂੰ ਪ੍ਰਵਾਨ ਕਰਦਾ ਹੈ, ਇਸ ਘਰ ਦੀ ਨੂੰਹ ਦੇ ਹੱਥ ਕੂਹਣੀਆਂ ਤੱਕ ਸਵਾਹ ਨਾਲ ਲਿੱਬੜੇ ਹੋਣ, ਸੇਵਾ ਕਰਦਿਆਂ ਕਦੇ ਆਪਣੇ ਕੀਮਤੀ ਕੱਪੜਿਆਂ ਜਾਂ ਸਰੀਰ ਤੇ ਲੱਗੇ ਮਿੱਟੀ-ਘੱਟੇ ਤੋਂ ਗਿਲਾਨਤਾ ਨਾ ਆਵੇ।" ਮਾਤਾ ਜੀ ਸਹਿਜਤਾ ਨਾਲ ਹੀ ਔਖੇ ਤੋਂ ਔਖੇ ਕੰਮ ਕਰੀ ਜਾਂਦੇ। ਵੱਖ-ਵੱਖ ਇਲਾਕਿਆਂ ਤੋਂ ਸੰਗਤਾਂ ਨੂੰ ਸੇਵਾ ਲਈ ਸੱਦਦੇ, ਉਨ੍ਹਾਂ ਦੇ ਰਹਿਣ-ਸਹਿਣ ਦਾ ਅਤੇ ਖਾਣ-ਪੀਣ ਦਾ ਉਚੇਚਾ ਪ੍ਰਬੰਧ ਕਰਦੇ। ਇਸ ਤਰ੍ਹਾਂ ਬਹੁਤ ਸਾਰੇ ਪਿੰਡਾਂ ਦੇ ਨੌਜਵਾਨ ਜਿੱਥੇ ਸੇਵਾ ਕਰ, ਆਪਣਾ ਜੀਵਨ ਸਫਲ ਕਰਦੇ। ਤੇ ਆਪਣੇ ਇਤਿਹਾਸ ਤੋਂ ਵਾਕਫ਼ ਹੋ।

4 ਅਪ੍ਰੈਲ ਦਾ ਦਿਨ ਸਾਰੇ ਨਾਮਧਾਰੀ ਪੰਥ ਲਈ ਗ਼ਮਗੀਨ ਭਰਿਆ ਦਿਨ ਹੁੰਦਾ ਹੈ। ਇਸ ਵਾਰ ਦੁਪਹਿਰੇ 12 ਤੋਂ 1 ਤੱਕ ਕਵੀਸ਼ਰ ਗੁਰਸੇਵਕ ਸਿੰਘ ਹੁਰਾਂ ਨੇ ਕਵੀਸ਼ਰੀ ਪ੍ਰਸੰਗ ਰਾਹੀਂ ਮਾਤਾ ਜੀ ਦੇ ਗੁਣ ਗਾਇਨ ਕੀਤੇ। 1 ਤੋਂ 2 ਵਜੇ ਤੱਕ ਦੁਪਹਿਰੇ ਜਥੇਦਾਰ ਕਮਾਲ ਸਿੰਘ ਜੀ ਨੇ ਮਾਤਾ ਚੰਦ ਕੌਰ ਜੀ ਦੀ ਸੇਵਾ-ਸਿਮਰਨ ਨੂੰ ਸਮਰਪਤ ਜੀਵਨੀ ਬਾਰੇ ਸੰਗਤ ਨੂੰ ਦੱਸਿਆ। ਉਪਰੰਤ ਨਾਮ ਸਿਮਰਨ ਅਤੇ ਪਾਠਾਂ ਦੇ ਭੋਗ ਪਾਏ ਗਏ।

**ਗੁਰਦੇਵ ਸਿੰਘ ਚੀਮਾ**

.....................................................

# ਲੁਧਿਆਣਾ ਵਿਖੇ ਸਮਾਗਮ

**4-4-2021-** ਸੇਵਾ, ਸਿਮਰਨ, ਸੰਜਮ ਅਤੇ ਤਿਆਗ ਦੀ ਮੂਰਤ- ਜਗਤ ਮਾਤਾ ਚੰਦ ਕੌਰ ਜੀ 4 ਅਪ੍ਰੈਲ 2016 ਈ. ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮਾਤਾ ਜੀ ਦੀ ਯਾਦ ਵਿਚ ਅੱਜ 4 ਅਪ੍ਰੈਲ 2021 ਈ. ਨੂੰ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮੇਲਾ ਮਨਾਇਆ ਗਿਆ। ਅੰਮ੍ਰਿਤ ਵੇਲੇ ਪਹਿਲਾਂ ਸੰਤ ਸੁਖਵਿੰਦਰ ਸਿੰਘ, ਹਰਨਾਮ ਸਿੰਘ, ਜ. ਜਸਬੀਰ ਸਿੰਘ, ਸਵਿੰਦਰ ਸਿੰਘ, ਆਸਾ ਸਿੰਘ ਆਦਿ ਨੇ ਜਥੇ ਸਮੇਤ ਆਸਾ ਦੀ ਵਾਰ ਦਾ ਕੀਰਤਨ ਕੀਤਾ। ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਆਏ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਸੰਤ ਨਿਸ਼ਾਨ ਸਿੰਘ ਜੀ ਨੇ ਮਾਤਾ ਚੰਦ ਕੌਰ ਜੀ ਦੇ ਜੀਵਨ ਸਬੰਧੀ ਕਥਾ ਕੀਤੀ। ਸੰਤ ਜੀ ਨੇ ਮਾਤਾ ਜੀ ਦੀ ਦਿਨ ਚਰਿਆ ਬਾਰੇ ਦੱਸਦਿਆਂ ਕਿਹਾ ਕਿ ਮਾਤਾ ਜੀ ਆਮ ਕਰ ਕੇ ਡੇਢ ਦੋ ਵਜੇ ਤੜਕੇ ਅੰਮ੍ਰਿਤ ਵੇਲੇ ਉਠ ਸਣੇ ਕੇਸੀ ਇਸ਼ਨਾਨ ਕਰ ਨਿਤਨੇਮ ਕਰਦੇ, ਆਸਾ ਦੀ ਵਾਰ ਦਾ ਕੀਰਤਨ ਸੁਣਦੇ ਕੁਝ ਕੁ ਜਲ-

ਪਾਣ ਕਰਕੇ ਸਾਰਾ ਦਿਨ ਸੇਵਾ ਕਰਦੇ, ਦੁਪਹਿਰ ਦਾ ਨਿੱਤਨੇਮ, ਕੀਰਤਨ, ਰਾਤ ਦਾ ਨਿੱਤਨੇਮ, ਦੀਵਾਨ ਆਦਿ ਸਾਰਾ ਕੰਮ-ਕਾਰ ਕਰਦਿਆਂ ਅੰਤ ਰਾਤ ਨੌਂ-ਦੱਸ ਕੁ ਵਜੇ ਬਿਰਾਜਦੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਰ ਹੁਕਮ ਨੂੰ ਸੱਤ ਕਰਕੇ ਮੰਨਦੇ। ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦੇ। ਹਜ਼ਾਰਾਂ ਗ਼ਰੀਬ ਨਾਮਧਾਰੀ ਗੁਰਸਿੱਖ ਪਰਿਵਾਰਾਂ ਅਤੇ ਗ਼ੈਰ ਨਾਮਧਾਰੀ ਜੋ ਵੀ ਦਰ ਤੇ ਆ ਜਾਂਦਾ ਉਨ੍ਹਾਂ ਦੀ ਲੋੜ ਅਨੁਸਾਰ ਹਰ ਪੱਖੋਂ ਸੇਵਾ ਕਰਨੀ। ਕਿਸੇ ਲੜਕੀ ਨਾਲ ਸਹੁਰਿਆਂ ਵੱਲੋਂ ਦੁਰ ਵਿਵਹਾਰ ਹੋਣਾ- ਤਾਂ ਆਪ ਜੀ ਨੇ ਉਨ੍ਹਾਂ ਨੂੰ ਸੱਦ ਕੇ ਪਿਆਰ ਨਾਲ ਜਾਂ ਝਿੜਕਾਂ ਨਾਲ ਸਮਝਾ ਬੁਝਾ ਕੇ ਲੜਕੀ ਨੂੰ ਵਾਪਸ ਉਨ੍ਹਾਂ ਨਾਲ ਤੋਰਨਾ। ਮਾਇਕ ਸਹਾਇਤਾ ਵੀ ਕਰਦੇ।

ਸ੍ਰੀ ਭੈਣੀ ਸਾਹਿਬ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ ਹਰ ਕਦਮ ਤੇ ਮਾਤਾ ਜੀ ਦੁਆਰਾ ਪਵਿੱਤਰ ਹਸਤ ਕਮਲਾਂ ਰਾਹੀਂ ਸੇਵਾ ਕੀਤੀ ਬਾਰੇ ਸੰਤਾਂ ਨੇ ਬਹੁਤ ਹੀ ਵਿਸਥਾਰ ਸਹਿਤ ਦੱਸਿਆ, ਜਿਵੇਂ ਸ੍ਰੀ ਪ੍ਰਤਾਪ ਮੰਦਰ ਦੀ ਉਸਾਰੀ ਵਾਸਤੇ ਰਾਤ ਦਿਨ ਇੱਕ ਕਰ ਕੇ ਸੇਵਾ ਕੀਤੀ। ਰਾਮਸਰ ਸਰੋਵਰ ਦੀ ਸੇਵਾ ਬਾਰੇ ਦੱਸਿਆ ਕਿ ਮਾਤਾ ਜੀ ਤਿੰਨ ਦਿਨ ਅਤੇ ਤਿੰਨ ਰਾਤਾਂ ਲਗਾਤਾਰ ਬਿਨਾਂ ਆਰਾਮ ਕੀਤਿਆਂ ਸੇਵਾ ਕਰਦੇ ਰਹੇ। ਗੱਲ ਕੀ ਮਾਤਾ ਜੀ ਦੀਆਂ ਕੀਤੀਆਂ ਸੇਵਾਵਾਂ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਸ੍ਰੀ ਭੈਣੀ ਸਾਹਿਬ ਦੇ ਨਾਲ-ਨਾਲ ਸ੍ਰੀ ਜੀਵਨ ਨਗਰ, ਮਸਤਾਨ ਗੜ੍ਹ, ਬੀੜ ਭਮਾਰਸੀ ਆਦਿ ਵਿਖੇ ਸੇਵਾ ਕਰਦਿਆਂ ਹੀ ਜ਼ਿੰਦਗੀ ਗੁਜ਼ਾਰ ਦਿੱਤੀ। ਲੰਗਰ ਦੀ ਸੇਵਾ, ਭਾਂਡਿਆਂ ਦੀ ਸੇਵਾ, ਇਮਾਰਤਾਂ ਦੀ ਸੇਵਾ ਸੰਭਾਲ ਦੀ ਸੇਵਾ ਕਰਦੇ ਰਹੇ। ਮਾਤਾ ਜੀ ਬਾਰੇ ਇਹ ਬੋਲ ਬਹੁਤ ਹੀ ਢੁੱਕਵੇਂ ਹਨ-

ਮਾਤਾ ਚੰਦ ਕੌਰ ਨੂੰ ਮੇਰੀ ਹੈ ਪ੍ਰਣਾਮ
ਸੇਵਾ ਤੇ ਉਪਕਾਰ ਦੀ ਮੂਰਤ ਮਾਤ ਮਹਾਨ।
ਜਗਤ ਮਾਤ ਬਣ ਪਾਲਦੀ ਬਾਲ ਬਿਰਧ ਜੁਆਨ।
ਦਰ ਆਏ ਲੋੜਵੰਦ ਦੀ ਪੂਰੀ ਆਸ ਪੁਗਾਣ।
ਸਤਿਗੁਰ ਸੂਰਜ ਚਮਕਦਾ ਤੇਜ ਪ੍ਰਤਾਪ ਮਹਾਨ।
ਪੈਂਦਾ ਪ੍ਰਕਾਸ਼ ਜਦ ਸੂਰਜੀ ਚਮਕੇ ਚੰਦ ਅਸਮਾਨ।
ਸਤਿਗੁਰ ਸ੍ਰੀ ਜਗਜੀਤ ਦਾ ਸ਼ੀਤਲ ਰੂਪ ਸਾਮਾਨ।
ਮਾਤਾ ਚੰਦ ਕੌਰ ਹੈ ਗੁਰ ਚਰਨੀ ਪ੍ਰਵਾਨ।

ਸੰਤ ਨਿਸ਼ਾਨ ਸਿੰਘ ਜੀ ਤੋਂ ਉਪਰੰਤ ਸੂਬਾ ਹਰਭਜਨ ਸਿੰਘ ਜੀ ਨੇ ਵੀ ਮਾਤਾ ਜੀ ਦੀਆਂ ਅਨੇਕਾਂ ਸੇਵਾਵਾਂ ਬਾਰੇ ਵਿਸਥਾਰ ਨਾਲ ਦੱਸਿਆ। ਮਾਤਾ ਜੀ ਦੀ ਯਾਦ ਵਿੱਚ ਇੱਕ ਸਾਧਾਰਨ ਪਾਠ ਦਾ ਭੋਗ ਵੀ ਪਾਇਆ ਗਿਆ। ਉਪਰੰਤ ਸੂਬਾ ਜੀ ਨੇ ਕੇ ਆਈ ਸੰਗਤ ਦਾ ਧੰਨਵਾਦ ਵੀ ਕੀਤਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਉਪਰੰਤ ਸਵੇਰੇ 9 ਵਜੇ ਤਕ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵੱਲੋਂ Covid-19 ਦੇ ਸੰਬੰਧ ਵਿਚ 45 ਸਾਲ ਦੇ ਉੱਪਰ ਦੇ ਨਾਮਧਾਰੀ ਸਰੀਰਾਂ ਨੂੰ ਵੈਕਸੀਨ ਵੀ ਲਗਾਈ ਗਈ।

**ਸਵਿੰਦਰ ਸਿੰਘ ਲੁਧਿਆਣਾ**

.......................................................

## ਮਾਤਾ ਜੀ ਦੀ ਯਾਦ ਵਿੱਚ ਦਿੱਲੀ ਵਿਖੇ ਮੇਲਾ

**ਰਮੇਸ਼ ਨਗਰ, ਨਵੀਂ ਦਿੱਲੀ-** 4-4-2021 ਸਵੇਰੇ ਆਸਾ ਦੀ ਵਾਰ ਤੋਂ ਬਾਅਦ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਰਮੇਸ਼ ਨਗਰ ਧਰਮਸ਼ਾਲਾ ਵਿਖੇ ਸਮਾਗਮ ਆਰੰਭ ਹੋਇਆ। ਜਿਸ ਵਿੱਚ ਜ. ਨਿਸ਼ਾਨ ਸਿੰਘ ਨੇ ਹੱਲੇ ਦਾ ਦੀਵਾਨ ਲਗਾਇਆ। ਟੇਕ ਲਈ-

'ਧੰਨੁ ਧੰਨੁ ਧੰਨੁ ਜਨੁ ਆਇਆ॥'

ਆਪਣੇ ਵਖਿਆਨ ਵਿੱਚ ਜਥੇਦਾਰ ਜੀ ਨੇ ਮਾਤਾ ਚੰਦ ਕੌਰ ਜੀ ਦੇ ਸਿਮਰਨ, ਧੀਰਜ, ਪ੍ਰੇਮ ਅਤੇ ਸੇਵਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਫਿਰ ਕਵੀਆਂ ਨੇ ਕਵਿਤਾਵਾਂ ਪੜ੍ਹੀਆਂ। ਉਪਰੰਤ ਕਵੀਸ਼ਰ ਗੁਰਲਾਲ ਸਿੰਘ ਭੈਣੀ ਸਾਹਿਬ ਵਾਲਿਆਂ ਨੇ 20 ਮਿੰਟ ਦੇ ਵਖਿਆਨ ਵਿੱਚ ਮਾਤਾ ਜੀ ਦੀ ਪੰਥਕ ਭੂਮਿਕਾ ਬਾਰੇ ਗੱਲ ਕੀਤੀ।

ਮਾਤਾ ਜੀ ਦੀ ਯਾਦ ਵਿੱਚ 5 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਸੰਗਤ ਨੇ ਗੁਰੂ ਕਾ ਲੰਗਰ ਛਕਿਆ। ਇਸ ਮੇਲੇ ਦੀ ਸੇਵਾ ਪ੍ਰਧਾਨ ਸਾਧਾ ਸਿੰਘ ਦਿੱਲੀ ਵਾਲਿਆਂ ਦੇ ਪਰਿਵਾਰ ਨੇ ਕੀਤੀ। ਸੰਗਤਾਂ ਲਈ ਗੰਨੇ ਦੇ ਰਸ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਦਿੱਲੀ ਦੇ ਨੌਜਵਾਨਾਂ ਨੇ ਮਾਇਆਪੁਰੀ ਚੌਂਕ ਦੇ ਨੇੜੇ ਰਿੰਗ ਰੋਡ 'ਤੇ ਲੰਗਰ ਲਾਇਆ। ਰਾਤ ਵੀ ਸਾਹਿਬਪੁਰਾ ਤੇ ਵਿਸ਼ਨੂੰ ਗਾਰਡਨ ਧਰਮਸ਼ਾਲਾ ਵਿੱਚ ਮਾਤਾ ਜੀ ਦੀ ਯਾਦ ਵਿੱਚ ਪ੍ਰੋਗਰਾਮ ਹੋਏ।

**ਜ. ਨਿਸ਼ਾਨ ਸਿੰਘ ਦਿੱਲੀ**

.......................................................

## ਏਲਨਾਬਾਦ ਵਿਖੇ ਮੇਲਾ–

ਸ੍ਰੀ ਮਾਤਾ ਚੰਦ ਕੌਰ ਜੀ ਦੀ ਨਿੱਘੀ ਯਾਦ ਵਿੱਚ ਏਲਨਾਬਾਦ ਦੀ ਸਮੂਹ ਸਾਧ ਸੰਗਤ ਵੱਲੋਂ 4-4-2021 ਦਿਨ ਐਤਵਾਰ ਨਾਮਧਾਰੀ ਗੁਰਦੁਆਰੇ ਵਿਖੇ ਬਹੁਤ ਹੀ ਸ਼ਰਧਾ ਭਾਵ ਨਾਲ ਸਮਾਗਮ ਮਨਾਇਆ ਗਿਆ।

ਜਿਹਦੇ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਾਰੇ ਦੇ ਰੂਪ ਵਿਚ ਸਥਾਨਕ ਜਥੇ (ਵਿਕਰਮ ਸਿੰਘ, ਬਲਵਿੰਦਰ ਸਿੰਘ, ਜਸਵੰਤ ਸਿੰਘ ਕੋਟਲੀ ਵਾਲੇ ਅਤੇ ਹੋਰ ਵਿੱਦਿਅਕ ਜਥੇ ਵਾਲੇ ਬੱਚਿਆਂ) ਨੇ ਪੁਰਾਤਨ ਰੀਤਾਂ ਵਿਚ ਲਾਇਆ। ਵਾਰੇ ਤੋਂ ਉਪਰੰਤ ਸ੍ਰੀ ਮਾਤਾ ਜੀ ਦੀ ਯਾਦ ਵਿਚ ਇਕ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ।

ਉਪਰੰਤ ਸਾਡੇ ਬਹੁਤ ਹੀ ਸਤਿਕਾਰਯੋਗ ਮਾਸਟਰ ਅਮਰੀਕ ਸਿੰਘ ਜੀ ਨੇ ਪਿਛਲੇ ਇਤਿਹਾਸ ਤੋਂ ਜਾਣੂੰ ਕਰਵਾਇਆ। ਸਾਡੀਆਂ ਮਹਾਨ ਮਾਤਾਵਾਂ ਦੇ ਪਰਉਪਕਾਰਾਂ ਬਾਰੇ ਦੱਸਿਆ ਤੇ ਅੰਤ ਵਿੱਚ ਮਾਤਾ ਚੰਦ ਕੌਰ ਜੀ ਬਾਰੇ ਬਹੁਤ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਉਸ ਤੋਂ ਬਾਅਦ ਪੂਰਨ ਸਿੰਘ ਨਿਰਾਲਾ ਜੀ ਨੇ ਆਪਣੀ ਲਿਖੀ ਇੱਕ ਰਚਨਾ ਮਾਤਾ ਜੀ ਬਾਰੇ ਸੰਗਤ ਨਾਲ ਸਾਂਝੀ ਕੀਤੀ। ਬਾਅਦ ਵਿਚ ਬਲਦੇਵ ਸਿੰਘ ਵੜੈਚ ਜੀ ਨੇ ਬਹੁਤ ਹੀ ਸੁੰਦਰ ਰਚਨਾ ਮਾਤਾ ਜੀ ਦੀ ਯਾਦ ਵਿਚ ਪੇਸ਼ ਕੀਤੀ। ਉਪਰੰਤ ਜਸਵੰਤ ਸਿੰਘ ਕੋਟਲੀ ਵਾਲਿਆਂ ਨੇ ਆਪਣੇ ਵਿਚਾਰਾਂ ਨਾਲ ਮਾਤਾ ਜੀ ਨੂੰ ਸ਼ਰਧਾ-ਸੁਮਨ ਭੇਟ ਕੀਤੇ। ਉਪਰੰਤ ਛੋਟੇ ਬੱਚਿਆਂ ਨੇ ਮਾਤਾ ਜੀ ਦੀ ਯਾਦ ਵਿਚ ਕਵਿਤਾਵਾਂ ਪੜ੍ਹੀਆਂ।

ਹਰ ਐਤਵਾਰ ਨੂੰ ਹੋਣ ਵਾਲੇ ਓਪਨ ਕੁਵਿੱਜ ਵਿਚ ਇਸ ਵਾਰ ਦਾਸ ਵੱਲੋਂ ਸਾਰੇ ਸਵਾਲ ਮਾਤਾਵਾਂ ਦੇ ਸੰਬੰਧ ਵਿਚ ਹੀ ਪੁੱਛੇ ਗਏ। ਸੰਗਤ ਨੇ ਅਤੇ ਬੱਚਿਆਂ ਨੇ ਬਹੁਤ ਸ਼ਰਧਾ ਭਾਵ ਨਾਲ ਜੁਆਬ ਦਿੱਤੇ।

ਅੰਤ ਵਿੱਚ ਸੇਵਾਦਾਰ ਜਸਵਿੰਦਰ ਸਿੰਘ ਤੇ ਗੁਰਭੇਜ ਸਿੰਘ ਵੱਲੋਂ ਕੀਤਾ ਗੁਰੂ ਕਾ ਲੰਗਰ ਸਭ ਸੰਗਤਾਂ 'ਚ ਵਰਤਾਇਆ ਗਿਆ। ਸਾਰੀ ਸੰਗਤ ਕਹਿ ਰਹੀ ਸੀ-

ਧੰਨ ਮਾਤਾ ਚੰਦ ਕੌਰ, ਧੰਨ ਮਾਤਾ ਚੰਦ ਕੌਰ।

**ਗੁਰਮੀਤ ਸਿੰਘ ਚਾਨਾ**

## ਬਾਕੀ ਸਫ਼ਾ 45 ਦੀ (ਦੌਰਾ ਯੂ.ਪੀ.)

ਇੱਥੇ ਸ. ਪ੍ਰਭਜੋਤ ਸਿੰਘ, ਗੁਰਮੀਤ ਸਿੰਘ ਪੁੱਤਰ ਜਸਵੰਤ ਸਿੰਘ ਦੇ ਘਰ ਡੇਰਾ ਕੀਤਾ ਗਿਆ ਅਤੇ ਇੱਥੇ ਹੀ ਸ਼ਾਮ ਦਾ ਨਾਮ ਸਿਮਰਨ ਹੋਇਆ। ਸਾਧ ਸੰਗਤ ਨੇ ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਣ ਕੀਤਾ। ਰਾਗੀ ਸਤਨਾਮ ਸਿੰਘ, ਸ਼ਾਮ ਸਿੰਘ ਨੇ ਕੀਰਤਨ ਕੀਤਾ। ਬੱਚੀ ਗੰਗਾ ਕੌਰ ਨੇ ਸ਼ਬਦ ਗਾਇਨ ਕੀਤਾ- "ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥"

**ਮਿਤੀ 20 ਮਾਰਚ 2021 ਦਿਨ ਸ਼ਨੀਵਾਰ–**

ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਤਨਾਮ ਸਿੰਘ ਅਤੇ ਸ਼ਾਮ ਸਿੰਘ ਨੇ ਕੀਤਾ। ਵਾਰ ਸਮਾਪਤੀ ਬਾਅਦ ਪ੍ਰਸ਼ਾਦਾ-ਪਾਣੀ ਛਕਣ ਉਪਰੰਤ ਮੁਜ਼ੱਫਰਨਗਰ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਸ੍ਰੀ ਸਤਿਗੁਰੂ ਜੀ ਨੇ ਚਾਲੇ ਪਾਏ। ਹਰਮੀਤ ਸਿੰਘ ਪੁੱਤਰ ਸੁਲੱਖਣ ਸਿੰਘ, ਮੋਹਨ ਸਿੰਘ, ਮੱਖਣ ਸਿੰਘ, ਜਸਦੇਵ ਸਿੰਘ, ਗੁਰਨਾਮ ਸਿੰਘ, ਦਰਸ਼ਨ ਸਿੰਘ, ਕੁਲਵੰਤ ਸਿੰਘ, ਸਤਨਾਮ ਸਿੰਘ ਦੀ ਟਰੈਕਟਰ ਦੀ ਏਜੰਸੀ ਵਿੱਚ ਵੀ ਚਰਨ ਪਾਉਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਵੱਲੋਂ ਲੰਬੇ ਸਮੇਂ ਬਾਅਦ ਦਰਸ਼ਨ ਦੇਣ ਤੇ ਸਾਧ ਸੰਗਤ ਵਿਚ ਬੜਾ ਹੀ ਚਾਅ ਅਤੇ ਉਤਸ਼ਾਹ ਸੀ। ਸਭ ਨੇ ਆਪਣੇ ਧੰਨਭਾਗ ਸਮਝੇ। ਇਥੋਂ ਹੀ ਸ੍ਰੀ ਸਤਿਗੁਰੂ ਜੀ ਇਕ ਸਿੱਖ ਕੁਲਵਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਨੇੜੇ ਗੰਗੋਹ ਪਿੰਡ ਜੋਆਲਾ ਖੱਤ੍ਰੀ ਵਿਖੇ ਉਸ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਉਸਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸਾਰੇ ਪਰਿਵਾਰ ਨੇ ਬੜੇ ਹੀ ਉਤਸ਼ਾਹ ਅਤੇ ਚਾਅ ਨਾਲ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਇੱਥੇ ਹੀ ਆਪਣੇ ਇਸ ਸੱਤ ਦਿਨਾ ਦੌਰੇ ਦੀ ਸਮਾਪਤੀ ਕਰਦੇ ਹੋਏ ਵਾਇਆ ਕਰਨਾਲ ਸ਼ੰਭੂ ਹੁੰਦੇ ਹੋਏ ਚਰਨਜੀਤ ਸਿੰਘ ਦੇ ਪੈਟਰੋਲ ਪੰਪ 'ਤੇ ਦਰਸ਼ਨ ਦੇ ਕੇ ਸ਼ਾਮ ਤੱਕ ਸ੍ਰੀ ਭੈਣੀ ਸਾਹਿਬ ਆਣ ਦਰਸ਼ਨ ਦਿੱਤੇ। ਸਭਨਾਂ ਨੇ ਇਸ ਦੌਰੇ ਦੀ ਸਫਲਤਾ ਪੂਰਵਕ ਸਮਾਪਤੀ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ੁਕਰਾਨਾ ਕੀਤਾ। ਜਿਨ੍ਹਾਂ ਦੀ ਕਿਰਪਾ ਅਤੇ ਬਖ਼ਸ਼ਿਸ਼ ਸਦਕਾ ਇਹ ਦੌਰਾ ਸਫਲਤਾ ਪੂਰਵਕ ਨੇਪਰੇ ਚੜ੍ਹਿਆ।

**ਸੂਬਾ ਬਲਵਿੰਦਰ ਸਿੰਘ ਝੱਲ**

## ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

### ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਦੀ ਨੂੰਹ ਬੀਬੀ ਸਰਬਜੀਤ ਕੌਰ ਅਕਾਲ ਚਲਾਣਾ ਕਰ ਗਏ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

ਦੇ ਮਹਾਂਵਾਕ ਅਨੁਸਾਰ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਅਤੇ ਸਤਿਗੁਰੂ ਉਦੇ ਸਿੰਘ ਜੀ ਤੇ ਅਪਾਰ ਸ਼ਰਧਾ ਰੱਖਣ ਵਾਲੇ ਬੀਬੀ ਸਰਬਜੀਤ ਕੌਰ ਜੀ ਸੁਪਤਨੀ ਪੰਡਿਤ ਨਰਿੰਦਰਪਾਲ ਸਿੰਘ ਜੀ ਜੋ ਕਿ 60 ਕੁ ਵਰ੍ਹਿਆਂ ਦੇ ਹੀ ਸਨ ਅਚਾਨਕ ਹੀ ਚਲੇ ਗਏ, ਜਿਵੇਂ ਕਿ-

'ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥'

ਸ਼ਬਦ ਅਨੁਸਾਰ 28 ਮਾਰਚ 2021 ਦਿਨ ਐਤਵਾਰ ਆਪਣੀ ਸਵਾਸਾਂ ਦੀ ਪੂੰਜੀ ਭੋਗ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਬੀਬੀ ਸਰਬਜੀਤ ਕੌਰ ਜੀ ਨਾਮਧਾਰੀ ਪੰਥ ਦੇ ਮਹਾਨ ਸੰਤ ਪੰਡਿਤ ਜਗਤ ਸਿੰਘ ਖੰਡੂਵਾਲੀਆਂ ਦੀ ਪੋਤਰੀ ਸਨ ਅਤੇ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਦੇ ਸਤਿਕਾਰਤ ਛੋਟੀ ਨੂੰਹ-ਰਾਣੀ ਸਨ।

ਭਜਨ ਬੰਦਗੀ ਕਰਨ ਵਾਲਿਆਂ ਦੀ ਪੋਤਰੀ ਹੋਣ ਕਾਰਨ ਸੁਭਾਵਿਕ ਹੀ ਬਚਪਨ ਤੋਂ ਆਪ ਜੀ ਭਜਨ ਬੰਦਗੀ ਵਿੱਚ ਲੀਨ ਰਹਿੰਦੇ ਸਨ। ਘਰ ਵਿੱਚ ਸਾਧ ਸੰਗਤ ਦਾ ਸਦਾ ਹੀ ਆਣ-ਜਾਣ ਹੋਣ ਕਾਰਨ ਸੇਵਾ ਵਿੱਚ ਲੱਗੇ ਰਹਿੰਦੇ ਸਨ। ਫਿਰ ਸਹੁਰਾ ਪਰਿਵਾਰ ਵੀ ਗੁਰੂ ਚਰਨਾਂ ਵਿਚ ਰਹਿਣ ਵਾਲਾ ਮਿਲ ਗਿਆ। ਸੋ ਆਪ ਜੀ ਆਪਣਾ ਜੀਵਨ ਗੁਰੂ ਉਪਦੇਸ਼ਾਂ ਅਨੁਸਾਰ ਸਾਧਾ, ਸਿਦਕ ਭਰੋਸੇ ਵਾਲਾ ਨਾਮ ਸਿਮਰਨ ਕਰਦਿਆਂ ਅਤੇ ਸਾਧ ਸੰਗਤ ਦੀ ਸੇਵਾ ਕਰਦਿਆਂ ਹੀ ਬਤੀਤ ਕੀਤਾ।

ਬੀਬੀ ਜੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਧਾਰਨ ਪਾਠ ਦਾ ਭੋਗ 4 ਅਪ੍ਰੈਲ 2021 ਦਿਨ ਐਤਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਪਾਇਆ ਗਿਆ। ਸੰਤ ਗੁਰਸੇਵਕ ਸਿੰਘ ਨੇ ਸਥਾਨਕ ਜਥੇ ਨਾਲ ਮਿਲ ਕੇ ਪਹਿਲਾਂ ਕੀਰਤਨ ਕੀਤਾ ਅਤੇ ਫਿਰ ਸੰਤ ਨਿਸ਼ਾਨ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਅਤੇ ਪੰਡਿਤ ਯਾਦਵਿੰਦਰ ਸਿੰਘ ਜੀ ਨੇ ਬਹੁਤ ਹੀ ਵਿਦਵਤਾ ਭਰਪੂਰ ਕਥਾ ਕੀਤੀ। ਉਪਰੰਤ ਸੂਬਾ ਹਰਭਜਨ ਸਿੰਘ ਜੀ ਨੇ ਬੀਬੀ ਜੀ ਦੇ ਪੇਕੇ ਪਰਿਵਾਰ ਪੰਡਿਤ ਜਗਤ ਸਿੰਘ ਖੰਡੂ ਵਾਲੀਆ ਅਤੇ ਪੰਡਿਤ ਯਾਦਵਿੰਦਰ ਸਿੰਘ ਜੀ ਬਾਰੇ ਦੱਸਿਆ। ਬੀਬੀ ਸਰਬਜੀਤ ਕੌਰ ਜੀ ਦੇ ਨਿੱਤ ਕਰਮ ਬਾਰੇ ਦੱਸਿਆ ਕਿ ਬੀਬੀ ਜੀ ਅੰਮ੍ਰਿਤ ਵੇਲੇ ਸਣੇ ਕੇਸੀ ਇਸ਼ਨਾਨ ਕਰ ਨਾਮ ਸਿਮਰਨ ਕਰ ਗੁਰਬਾਣੀ ਦਾ ਪਾਠ ਕਰਦੇ। ਬੀਬੀ ਜੀ ਨਾਮਧਾਰੀ ਮਰਯਾਦਾ ਅਨੁਸਾਰ ਜੀਵਨ ਨਿਰਬਾਹ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਬੀਬੀ ਜੀ ਆਪਣੇ ਪਿੱਛੇ ਪਤੀ ਨਰਿੰਦਰਪਾਲ ਸਿੰਘ ਜੀ ਅਤੇ ਇਕ ਬੇਟੀ ਨਵਦੀਪ ਕੌਰ ਜੀ ਛੱਡ ਗਏ ਹਨ। ਨਰਿੰਦਰਪਾਲ ਸਿੰਘ ਨੇ ਅਤੇ ਸੰਤ ਜਗਮੋਹਨ ਸਿੰਘ ਜੀ ਨੇ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



**ਸਵਿੰਦਰ ਸਿੰਘ ਲੁਧਿਆਣਾ**

.....................................................

### ਬੀਬੀ ਹਰਭਜਨ ਕੌਰ ਨਮਿੱਤ ਪਾਠ ਦਾ ਭੋਗ

**22-3-2021**

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥

ਦੇ ਮਹਾਂਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਅਨਿੰਨ ਪ੍ਰੀਤਵਾਨ ਬੀਬੀ ਹਰਭਜਨ ਕੌਰ ਸੁਪਤਨੀ ਸੰਤ ਸੰਤੋਖ ਸਿੰਘ ਕੰਧਾਲੇ ਵਾਲੇ **28 ਫਰਵਰੀ 2021** ਦਿਨ

ਐਤਵਾਰ ਨੂੰ ਯਮੁਨਾਨਗਰ ਵਿਖੇ ਅਕਾਲ ਪੁਰਖ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਭੋਗ ਕੇ ਇਸ ਅਸਾਰ ਮਾਤ ਲੋਕ ਤੋਂ ਵਿਦਾ ਹੋ 73 ਕੁ ਵਰ੍ਹਿਆਂ ਦੀ ਆਰਜਾ ਭੋਗ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਬੀਬੀ ਜੀ ਦਾ



ਪੇਕਾ ਪਰਿਵਾਰ ਜੱਦੀ-ਪੁਸ਼ਤੀ ਨਾਮਧਾਰੀ ਪਰਿਵਾਰ ਹੈ। ਆਪ ਜੀ ਦਾ ਜਨਮ 1947 ਈ. ਵਿੱਚ ਪਾਕਿਸਤਾਨ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ ਪਿੰਡ ਮੀਰਕਪੁਰ ਦੇ ਸੰਤ ਸੁਰੈਣ ਸਿੰਘ ਮਾਤਾ ਜਸਵੰਤ ਕੌਰ ਦੇ ਗ੍ਰਿਹਿ ਵਿਖੇ ਹੋਇਆ। ਇਹ ਪਰਿਵਾਰ ਇਸ ਵੇਲੇ ਬਹਾਦਰ ਗੜ੍ਹ ਸਰਹਿੰਦ ਵਿਖੇ ਰਹਿੰਦਾ ਹੈ। ਚਾਰ ਭਰਾ ਹਨ ਉਹ ਦਿੱਲੀ ਅਤੇ ਬੀੜ ਭਰਮਾਰਸੀ ਵਿਖੇ ਰਹਿੰਦੇ ਹਨ। ਬੀਬੀ ਜੀ ਦਾ ਸਹੁਰਾ-ਸਵਰਗੀ ਸੰਤ ਕਿਸ਼ਨ ਸਿੰਘ ਕੰਧਾਲੇ ਵਾਲਿਆਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ- 'ਭਾਈ ਜੀ' ਕਹਿ ਕੇ ਬੁਲਾਇਆ ਕਰਦੇ ਸਨ। ਕਰੀਬ 25 ਕੁ ਵਰ੍ਹਿਆਂ ਦੀ ਉਮਰ ਵਿਚ ਬੀਬੀ ਜੀ ਦਾ ਆਨੰਦ ਕਾਰਜ 1971 ਦੇ ਹੋਲੇ ਮਹੱਲੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਪਾਵਨ ਹਜ਼ੂਰੀ ਵਿੱਚ ਹੋਇਆ।

ਬੀਬੀ ਜੀ ਬੜੇ ਹੱਸਮੁਖ ਅਤੇ ਮਿਲਣਸਾਰ, ਮਿੱਠੇ ਸੁਭਾਅ ਦੇ ਮਾਲਕ ਸਨ। ਘਰ ਆਏ ਸਾਧਾਂ ਸੰਤਾਂ ਦੀ ਸੇਵਾ ਕਰਨੀ ਸਾਧ ਸੰਗਤ ਵਿੱਚ ਜਾ ਸਥਾਨਕ ਗੁਰਦੁਆਰਿਆਂ ਵਿੱਚ ਵੀ ਹਰ ਵੇਲੇ ਸੇਵਾ ਵਿੱਚ ਹੀ ਵਿਲੀਨ ਰਹਿਣਾ। ਸ੍ਰੀ ਭੈਣੀ ਸਾਹਿਬ ਜਾਂ ਸੰਤ ਨਗਰ ਜਿਥੇ ਵੀ ਵੱਡੇ ਮੇਲੇ ਹੋਣੇ ਬੀਬੀ ਜੀ ਪ੍ਰਸ਼ਾਦੇ ਪਕਾਉਣ ਅਤੇ ਭਾਂਡੇ ਮਾਂਜਣ ਦੀ ਸੇਵਾ ਕਰਦੇ ਰਹਿੰਦੇ। ਆਪ ਜੀ ਰੋਜ਼ਾਨਾ ਅੰਮ੍ਰਿਤ ਵੇਲੇ ਉੱਠ ਸਣੇਕੇਸੀ ਇਸ਼ਨਾਨ ਕਰ, ਨਾਲ ਹੀ ਬੱਚਿਆਂ ਨੂੰ ਵੀ ਉਠਾ ਲੈਣਾ-ਭਜਨ ਬੰਦਗੀ ਕਰਨੀ, ਗੁਰਬਾਣੀ ਦਾ ਪਾਠ ਕਰਨਾ ਆਪ ਜੀ ਦਾ ਨਿੱਤ ਦਾ ਕਰਮ ਸੀ। ਜ਼ਿੰਦਗੀ ਵਿੱਚ ਦੁੱਖ-ਸੁੱਖ ਇਨਸਾਨ ਦੇ ਨਾਲ ਹੀ ਰਹਿੰਦੇ ਹਨ। ਬੀਬੀ ਜੀ ਦੇ ਪਰਿਵਾਰ ਵਿੱਚ ਵੀ ਇਹ ਜਾਰੀ ਰਹੇ। ਆਪ ਜੀ ਦੀ ਸੱਸ ਮਾਤਾ ਪ੍ਰੀਤਮ ਕੌਰ ਜੀ ਨੂੰ ਅਧਰੰਗ ਹੋ ਗਿਆ। ਰੋਗ ਜੋ ਪੂਰੇ ਨੌਂ ਸਾਲ ਰਿਹਾ- ਬੀਬੀ ਜੀ ਨੇ ਆਪਣੀਆਂ ਜਠਾਣੀਆਂ-ਸੁਰਿੰਦਰ ਕੌਰ, ਰਜਵੰਤ ਕੌਰ, ਸਤਵੰਤ ਕੌਰ, ਰਣਜੀਤ ਕੌਰ ਨਾਲ ਮਿਲ ਕੇ ਰਾਤ ਦਿਨ ਸੇਵਾ ਕੀਤੀ। ਮਾਤਾ ਪ੍ਰੀਤਮ ਕੌਰ ਜੀ ਨੂੰ ਕਦੇ ਵੀ ਦੁੱਖ ਦਾ ਅਹਿਸਾਸ ਨਹੀਂ ਹੋਣ ਦਿੱਤਾ। ਇਸੇ ਦੌਰਾਨ ਹੀ ਬੀਬੀ ਜੀ ਦੇ ਪਤੀ ਦੇਵ- ਸੰਤੋਖ ਸਿੰਘ ਜੀ ਦਾ 1988-89 ਵਿਚ High tension voltage accident ਹੋ ਗਿਆ। ਕਾਫ਼ੀ ਸਰੀਰ ਸੜ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 4-5 ਵਾਰ ਸੰਤ ਸੰਤੋਖ ਸਿੰਘ ਜੀ ਦਾ ਪਤਾ ਲੈਣ ਵੀ ਆਏ- ਬਖ਼ਸ਼ਿਸ਼ ਹੋਈ ਆਪ ਨੌਂ-ਬਰ-ਨੌਂ ਹੋ ਸਾਲ ਬਾਅਦ ਕੰਮ ਕਰਨ ਦੇ ਯੋਗ ਹੋ ਗਏ।

ਸੰਤ ਦਲੀਪ ਸਿੰਘ ਲੁਧਿਆਣੇ ਵਾਲੇ ਆਪ ਜੀ ਦੇ ਜੇਠ ਸਨ। ਜੋ ਕਿ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਨਾਲ ਜੂਝਦੇ ਰਹੇ। ਬੀਬੀ ਜੀ ਆਪਣੇ ਪਤੀ ਦੇਵ ਨਾਲ- ਸੰਤ ਦਲੀਪ ਸਿੰਘ ਜੀ ਜੋ ਉਸ ਵੇਲੇ ਆਪਣੇ ਛੋਟੇ ਭਰਾ ਗੁਰਚਰਨ ਸਿੰਘ ਵੱਲ ਜ਼ੇਰੇ ਇਲਾਜ ਸਨ। ਉਨ੍ਹਾਂ ਦੀ ਦੇਖ ਭਾਲ ਕਰਨ ਲਈ ਦਰਾਣੀਆਂ ਨਾਲ 3-4 ਮਹੀਨੇ ਸੇਵਾ ਕਰਦੇ ਰਹੇ। ਉਨ੍ਹਾਂ ਤੋਂ ਬਾਅਦ ਦਿਉਰ ਗੁਰਚਰਨ ਸਿੰਘ ਵੀ ਕਿਸੇ ਦਿਮਾਗੀ ਰੋਗ ਨਾਲ ਗ੍ਰਸਤ ਹੋ ਗਏ ਜੋ 4 ਸਾਲ ਤਕ ਆਪ ਜੀ ਸਮੇਤ ਪਰਿਵਾਰ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸਾਥ ਦਿੰਦੇ ਰਹੇ।

ਫਿਰ ਸੰਤ ਕਿਸ਼ਨ ਸਿੰਘ ਜੀ (ਸਹੁਰਾ ਸਾਹਿਬ) ਦੀ ਬਜ਼ੁਰਗ ਅਵਸਥਾ ਵਿੱਚ ਸੇਵਾ ਕੀਤੀ। ਕਦੇ ਵੀ ਇਸ ਦੁੱਖ ਭਰੀਆਂ ਘੜੀਆਂ ਵਿੱਚ ਆਪਣੇ ਮੱਥੇ ਤੇ ਵੱਟ ਨਹੀਂ ਪਾਇਆ। ਆਪ ਜੀ ਆਪਣੇ ਪਿੱਛੇ ਗੁਰਸਿੱਖੀ ਭਰਪੂਰ ਪਰਿਵਾਰ ਤਿੰਨ ਲੜਕੇ- ਬਲਵੰਤ ਸਿੰਘ, ਗੁਰਦੇਵ ਸਿੰਘ, ਹੀਰਾ ਸਿੰਘ ਅਤੇ ਇਕ ਲੜਕੀ ਸਰਬਜੀਤ ਕੌਰ ਛੱਡ ਕੇ ਗਏ ਹਨ। ਬੀਬੀ ਹਰਭਜਨ ਕੌਰ ਜੀ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ 22 ਮਾਰਚ 2021 ਨੂੰ ਪਾਇਆ ਗਿਆ। ਸੰਤ ਨਿਸ਼ਾਨ ਸਿੰਘ ਜੀ ਨੇ ਬਹੁਤ ਹੀ ਵਿਦਵਤਾ ਭਰਪੂਰ ਕਥਾ ਕੀਤੀ। ਪਰਿਵਾਰ ਵਾਲਿਆਂ ਨੇ ਆਈ ਸਾਧ ਸੰਗਤ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ।

**ਸਵਿੰਦਰ ਸਿੰਘ ਲੁਧਿਆਣਾ**

.................................................

# ਬੀਬੀ ਦਵਿੰਦਰ ਕੌਰ 'ਬਲਿਹਾਰਜਾਵਾਂ'
# ਗੁਰੂ ਚਰਨਾਂ ਵਿੱਚ ਜਾ ਬਿਰਾਜੇ

28-12-2020 ਬੀਬੀ ਦਵਿੰਦਰ ਕੌਰ ਸੁਪਤਨੀ ਜ. ਦਲਜੀਤ ਸਿੰਘ ਜੀ 'ਬਲਿਹਾਰਜਾਵਾਂ' ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਬੀਬੀ ਜੀ ਦਾ ਪੇਕਾ ਅਤੇ ਸਹੁਰਾ ਪਰਿਵਾਰ ਟਕਸਾਲੀ ਨਾਮਧਾਰੀ ਪਰਿਵਾਰ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਕ ਸੇਵਕ ਸੰਤ ਸੰਤਾ ਸਿੰਘ ਜੀ 'ਰਿਖੀ' ਦੇ ਭਰਾ ਸੰਤ ਮੰਗਲ ਸਿੰਘ ਭਲਾਮਾਣਸ ਦੇ ਸਪੁੱਤਰ ਸੰਤ ਗਿਆਨ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦੀ ਦੂਸਰੀ ਸਪੁੱਤਰੀ ਸਨ ਬੀਬੀ ਦਵਿੰਦਰ ਕੌਰ ਜੀ। ਆਪ ਦੇ ਪਰਿਵਾਰ ਦਾ ਪਿਛੋਕੜ-ਅਮ੍ਰਿਤਸਰ ਵਾਲੇ ਸ਼ਹੀਦਾਂ ਚੋਂ ਸ਼ਹੀਦ ਲਹਿਣਾ ਸਿੰਘ ਜੀ ਦੇ ਭਰਾ ਗੁੱਜਰ ਸਿੰਘ ਦੇ ਦੂਸਰੇ ਨੰਬਰ ਦੇ ਪੁੱਤਰ ਭਗਤ ਸਿੰਘ ਦੇ ਛੋਟੇ ਸਪੁੱਤਰ ਮਾਨ ਸਿੰਘ ਜੀ ਦੀ ਪੁੱਤਰੀ ਸੀ ਬੀਬੀ ਦਵਿੰਦਰ ਕੋਰ ਦੀ ਮਾਤਾ ਸੁਰਿੰਦਰ ਕੌਰ।

ਆਪਦਾ ਅਨੰਦ ਕਾਰਜ ਸੰਤ ਕਰਤਾਰ ਸਿੰਘ ਜੀ ਸੋਧੀ ਬਲਿਹਾਰਜਾਵਾਂ ਦੇ ਸਪੁੱਤਰ ਜ. ਦਲਜੀਤ ਸਿੰਘ ਜੀ ਨਾਲ ਹੋਇਆ। ਕਰਤਾਰ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਨਾਮਧਾਰੀ ਸਿੰਘ ਸਜੇ ਵੱਡੀ ਸੋਧ ਰੱਖੀ, ਨਾਮ ਦੀ ਅਜੇਹੀ ਰੰਗਨ ਚੜੀ ਕਿ-

'ਹੰਉ ਕੁਰਬਾਨੈ ਜਾਉ ਤਿਨਾ ਕੈ
ਲੈਨਿ ਜੋ ਤੇਰਾ ਨਾਉ॥'

ਗੁਰਵਾਕ ਹਿਰਦੇ ਵਿੱਚ ਵੱਸ ਗਿਆ। ਮੇਲਿਆਂ ਵਿੱਚ ਸੰਗਤ ਦੀ ਸੇਵਾ ਕਰਦਿਆਂ ਹਰ ਗੁਰਸਿਖ ਨਾਲ ਬਚਨ ਕਰਦਿਆਂ ਆਖਣਾ 'ਬਲਿਹਾਰ ਜਾਵਾਂ' ਇਸ ਤੋਂ ਆਪ ਦਾ ਤੱਖਲਸ ਹੀ ਬਲਿਹਾਰਜਾਵਾਂ ਪ੍ਰਸਿੱਧ ਹੋ ਗਿਆ। ਕਦੇ ਵੱਡੇ ਪ੍ਰਤਾਪੀ ਪਾਤਸ਼ਾਹ ਵੀ ਆਪ ਨੂੰ 'ਬਲਿਹਾਰਜਾਵਾਂ ਜੀ' ਆਖ ਹੀ ਬੁਲਾਉਂਦੇ ਤਾਂ ਸੰਤ ਬਾਗੋ-ਬਾਗ ਹੋ ਜਾਂਦੇ। ਬਲਿਹਾਰ ਜਾਵਾਂ ਸ਼ਬਦ ਆਪ ਦੇ ਪਰਿਵਾਰ ਦੀ ਪਛਾਣ ਬਣ ਗਿਆ। ਵਿਰਸੇ ਵਿੱਚ ਮਿਲੀ ਗੁਰਮਤਿ ਦੀ ਗੁੜਤੀ ਸਦਕਾ ਸੰਤ ਕਰਤਾਰ ਸਿੰਘ ਜੀ ਦੇ ਪੁੱਤਰ, ਧੀਆਂ, ਪੋਤਰੇ ਆਦਿ ਸਭ ਗੁਰੂ ਚਰਨਾਂ ਦੇ ਸ਼ਰਧਾਲੂ ਅਤੇ ਗੁਰਮਤਿ ਦੇ ਧਾਰਣੀ ਹਨ।

ਜਥੇ. ਦਲਜੀਤ ਸਿੰਘ ਜੀ ਬੜਾ ਰਸ ਭਿੰਨਾ ਹੱਲੇ ਦਾ ਦੀਵਾਨ ਲਗਾਉਂਦੇ ਹਨ। ਬੀਬੀ ਦਵਿੰਦਰ ਕੌਰ ਨੇ ਅੰਮ੍ਰਿਤ



ਵੇਲੇ ਉਠਣਾ, ਇਸ਼ਨਾਨ ਕਰਕੇ, ਨਾਮ-ਸਿਮਰਨ ਕਰਨਾ, ਦਿਨੇ ਗੁਰਬਾਣੀ ਦਾ ਨਿਤਨੇਮ ਕਰਨਾ, ਲੰਗਰ ਤਿਆਰ ਕਰਦਿਆਂ ਵੀ ਕਦੇ ਬਚਨ ਨਹੀਂ ਕਰਨਾ, ਨਾਮ ਜਪਣਾ ਜਾਂ ਬਾਣੀ ਪੜ੍ਹਨੀ। 'ਨਾਨਕ ਭਗਤਾ ਸਦਾ ਵਿਗਾਸੁ॥' ਗੁਰਵਾਕ ਅਨੁਸਾਰ ਸਦਾ ਅਨੰਦ ਚਿੱਤ ਰਹਿਣਾ, ਨਿਮਰ ਅਤੇ ਮਿੱਠੀ ਬੋਲ-ਬਾਣੀ ਬੀਬੀ ਦਾ ਸਹਿਜ ਸੁਭਾਅ ਸੀ।

ਜਥੇਦਾਰ ਜੀ ਅਤੇ ਬੀਬੀ ਦੀ ਸੰਤਾਨ: ਚਾਰ ਪੁੱਤਰ ਦਵਿੰਦਰ ਸਿੰਘ, ਹਰਵਿੰਦਰ ਸਿੰਘ, ਮਨੀਪਾਲ ਸਿੰਘ ਅਤੇ ਰਤਨ ਪਾਲ ਸਿੰਘ ਹਨ। ਪੋਤਰਿਆਂ-ਪੋਤਰੀਆਂ ਨੂੰ ਖਿਡਾਉਂਦਿਆਂ, ਪਤੀ-ਪੁੱਤਰਾਂ ਨਾਲ ਹੱਸਦਿਆਂ-ਖੇਡਦਿਆਂ ਬਿਲਕੁਲ ਤੰਦਰੁਸਤ ਬੀਬੀ ਦਵਿੰਦਰ ਕੌਰ 25 ਦਿਸੰਬਰ 2020 ਨੂੰ ਬਿਨਾ ਕਿਸੇ ਤਕਲੀਫ ਦੇ ਚੱਲ ਵੱਸੇ। ਬੀਬੀ ਜੀ ਨੇ ਆਪਣੇ ਬੱਚਿਆਂ ਨੂੰ ਹਮੇਸ਼ਾਂ ਗੁਰਮਤਿ ਦੀ ਗੁੜਤੀ ਦਿੱਤੀ।

ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਬੀਬੀ ਦਵਿੰਦਰ ਕੌਰ ਨਮਿੱਤ 28 ਦਿਸੰਬਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਠ ਦਾ ਭੋਗ ਪਾਇਆ ਗਿਆ। ਅਗਲੇ ਦਿਨ ਜ. ਦਲਜੀਤ ਸਿੰਘ ਜੀ ਆਪਣੇ ਸਪੁੱਤਰਾਂ ਸਹਿਤ ਸ੍ਰੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਵਾਪਸ ਦਿੱਲੀ ਗਏ।

**ਹਰਪਾਲ ਸਿੰਘ ਸੇਵਕ**

.................................................

# ਪ੍ਰੀਤਵਾਨ ਗੁਰਸਿੱਖ ਬੀਬੀ ਸਵਰਨ ਕੌਰ ਅਕਾਲ ਚਲਾਣਾ ਕਰ ਗਏ

ਸ. ਗੁਰਮੇਜ ਸਿੰਘ ਅਤੇ ਬੀਬੀ ਦੀਪ ਕੌਰ ਦੀ ਕੁੱਖੋਂ ਜਨਮੇ ਮੇਰੇ ਪੂਜਨੀਕ ਮਾਤਾ ਸਵਰਨ ਕੌਰ ਜੀ ਖੁੱਲੇ ਪਰਿਵਾਰ ਚੋਂ ਆਕੇ ਮੇਰੇ ਦਾਦਾ ਜੀ ਸੰਤ ਹਰੀ ਸਿੰਘ ਜੀ ਦੇ ਸਪੁੱਤਰ ਸਰਦਾਰ ਸੁਰਿੰਦਰ ਸਿੰਘ ਜੀ ਦੀ ਪਤਨੀ ਬਣਕੇ ਨਾਮਧਾਰੀ ਪਰਿਵਾਰ ਵਿੱਚ ਆਏ। ਦਾਦਾ ਜੀ ਸੰਤ ਹਰੀ ਸਿੰਘ ਜੀ ਦਾ ਮੈਂ ਦਰਸਨ ਨਹੀ ਕੀਤਾ ਉਹ ਮੇਰੇ ਜਨਮ ਤੋਂ ਸਾਲ ਕੁ ਪਹਿਲਾਂ ਹੀ ਚੜਾਈ ਕਰ ਗਏ ਸਨ। ਮੇਰੀ ਮਾਤਾ ਨੇ ਦੱਸਿਆ ਕਿ ਉਹ ਬੜੇ ਸਾਧੂ ਸਨ। ਖੇਤ ਵਿੱਚ ਜਦੋਂ ਮੱਝਾਂ ਚਰੌਣ ਲਈ ਲੈਕੇ ਜਾਂਦੇ ਤਾਂ ਮਾਲਾ ਉਹਨਾਂ ਦੇ ਕੋਲ ਹੁੰਦੀ ਤੇ ਇੱਕ ਝੋਲੇ ਵਿੱਚ ਕੁਝ ਪੁਸਤਕਾਂ ਵੀ ਹੁੰਦੀਆਂ। ਦਾਦਾ ਜੀ ਦੇ ਪਿਤਾ ਸੰਤ ਈਸ਼ਰ ਸਿੰਘ ਜੀ ਜਿਲਾ ਸਿਆਲਕੋਟ ਤਹਸੀਲ ਨਾਰੋਵਾਲ ਅਤੇ ਪਿੰਡ ਉੱਚੀ (ਪਾਕਿਸਤਾਨ) ਦੇ ਵਸਨੀਕ ਸਨ। ਪਿਤਾ ਜੀ ਦੇ ਵਿਆਹ ਤੋਂ ਬਾਦ ਦਾਦਾ ਜੀ ਦੀ ਸੇਹਤ ਕੁਝ ਢਿੱਲੀ ਰਹਿਣ ਲੱਗ ਪਈ। ਉਹ ਪਿਤਾ ਜੀ ਦੀ ਗਲਤ ਸੰਗਤ ਵਿੱਚ ਪੈ ਜਾਣ ਤੋਂ ਵੀ ਚਿੰਤਿਤ ਰਹਿੰਦੇ। ਆਖਿਰ ਦਾਦਾ ਜੀ ਕੈਂਸਰ ਦੀ ਬੀਮਾਰੀ ਨਾਲ ਪੀੜਤ ਹੋਣ ਕਾਰਨ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਹੁਣ ਪਿਤਾ ਜੀ ਨੂੰ ਕੋਈ ਰੋਕਣ ਟੋਕਣ ਵਾਲਾ ਨਹੀਂ ਸੀ। ਜਿਥੇ ਭਜਨ ਬਾਣੀ ਦੀਆਂ ਲਹਿਰਾਂ ਚਲਦੀਆਂ ਸਨ ਓਥੇ ਸ਼ਰਾਬ ਦੀਆਂ ਲਹਿਰਾਂ ਚੱਲਣ ਲੱਗ ਪਈਆਂ। ਮਾਤਾ ਸਵਰਨ ਕੌਰ ਜੀ ਦਾ ਕੋਈ ਖੋਟਾ ਕਰਮ ਹੀ ਅੱਗੇ ਆ ਗਿਆ ਸੀ। ਘਰ ਦੇ ਵਿੱਚ ਕਲਹ ਕਲੇਸ਼ ਦੀ ਸਥਿਤੀ ਬਣੀ ਰਹਿੰਦੀ ਕਿਉਂਕਿ ਜਿਥੇ ਸ਼ਰਾਬ ਹੈ ਓਥੇ ਕਦੇ ਵੀ ਸ਼ਾਂਤੀ ਨਹੀ ਹੋ ਸਕਦੀ। ਪਰ ਫਿਰ ਵੀ ਮਾਤਾ ਸਵਰਨ ਕੌਰ ਜੀ ਨੇ ਹਿੰਮਤ ਨਹੀ ਹਾਰੀ। ਆਪਣੇ ਕਰਮ ਨੂੰ ਭੋਗਣਾ ਸਵੀਕਾਰ ਕੀਤਾ ਅਤੇ ਜਿੰਦਗੀ ਦੇ ਨਾਲ ਸੰਘਰਸ਼ ਕਰਨਾ ਸ਼ੁਰੂ ਕੀਤਾ। ਘਰ ਵਿੱਚ ਦੋ ਪੁੱਤਰੀਆਂ ਅਤੇ ਦੋ ਪੁੱਤਰਾਂ ਨੇ ਸਮੇਂ ਸਮੇਂ ਸਿਰ ਜਨਮ ਲਿਆ। ਮਾਤਾ ਜੀ ਦਾ ਵਿਅਕਤਿਤਵ ਐਸਾ ਸੀ ਕਿ ਆਪ ਭਾਵੇਂ ਪੜੇ ਲਿਖੇ ਨਹੀ ਸਨ ਪਰ ਪੜੇ ਲਿਖੇ ਇਨਸਾਨ ਵੀ ਉਹਨਾਂ ਦੇ ਬੁੱਧੀ ਨੂੰ ਵੇਖ ਹੈਰਾਨ ਰਹਿ ਜਾਂਦੇ। ਉਹਨਾਂ ਦੀ ਪਰਸਨੈਲਿਟੀ ਬਾਕਮਾਲ ਦੀ ਸੀ, ਜਿਸ ਨਾਲ ਵੀ ਗੱਲ ਕਰਦੇ ਉਸਨੂੰ ਪ੍ਰਭਾਵਿਤ ਕਰਦੇ। ਮਾਤਾ ਸਵਰਨ ਕੌਰ ਜੀ ਸ਼ੁਰੂ ਤੋਂ ਹੀ ਬਹੁਤ ਮੇਹਨਤੀ ਸਨ। ਕੱਚੇ ਘਰਾਂ ਨੂੰ ਲਿੰਬਣਾ, ਡੰਗਰ ਵੀ ਸਾਂਭਣੇ, ਘਰ ਦੇ ਕੰਮਕਾਰ ਕਰਦਿਆਂ ਉਹਨਾਂ ਨੂੰ ਕਦੇ ਥੱਕਦਿਆਂ ਨਹੀਂ ਸੀ ਵੇਖਿਆ। ਮਾਤਾ ਜੀ ਦੀ ਦਿਨਚਰਯਾ ਸਵੇਰੇ ਤੜਕੇ ਉਠਕੇ ਵੇਹੜੇ ਵਿੱਚ ਝਾੜੂ ਮਾਰਨ ਤੋਂ ਸ਼ੁਰੂ ਹੁੰਦੀ। ਫਿਰ ਚਾਰੇ ਬੱਚਿਆਂ ਨੂੰ ਉਠਾਕੇ ਛੇਤੀ



ਤਿਆਰ ਕਰਕੇ ਪਰਸ਼ਾਦਾ ਪਾਣੀ ਛਕਾ ਕੇ ਸਕੂਲ ਨੂੰ ਤੋਰਦੇ। ਮਾਤਾ ਜੀ ਦਾ ਇਹ ਸੁਪਨਾ ਸੀ ਕਿ ਬੱਚੇ ਪੜ੍ਹ ਲਿਖ ਕੇ ਚੰਗੇ ਇਨਸਾਨ ਬਨਣ ਅਤੇ ਆਪਣੇ ਖਾਨਦਾਨ ਦਾ ਨਾਮ ਰੋਸ਼ਨ ਕਰਨ। ਉਹਨਾਂ ਦੀ ਮੇਹਨਤ ਸਦਕਾ ਹੀ ਅਸੀਂ ਚਾਰੇ ਭੈਣ ਭਰਾ ਆਪਣੇ ਪਿੰਡ ਵਿੱਚ ਸਭ ਤੋਂ ਜਿਆਦਾ ਪੜੇ ਲਿਖੇ ਹਾਂ। ਘਰ ਦੇ ਵਿੱਚ ਤੰਗੀ ਹੋਣ ਦੇ ਬਾਵਜੂਦ ਵੀ ਕਦੇ ਸਾਨੂੰ ਮਾੜਾ ਪਹਿਨਣ ਜਾਂ ਮਾੜਾ ਖਾਣ ਨੂੰ ਨਹੀਂ ਮਿਲਿਆ। ਪਿਤਾ ਜੀ ਦੀ ਹਾਲਤ ਵੇਖ ਲੋਕਾਂ ਨੇ ਮਖੌਲ ਕਰਿਆ ਕਰਨੇ ਕਿ ਅਮਲੀਆਂ ਦੇ ਪੁੱਤ ਅਮਲੀ ਹੀ ਰਹਿਣਗੇ। ਪਰ ਉਹ ਪਰਮੇਸਰ ਬੜਾ ਬੇਅੰਤ ਹੈ ਉਹ ਹਰਨਾਖਸ਼ ਦੇ ਘਰ ਪ੍ਰਹਿਲਾਦ ਨੂੰ ਪੈਦਾ ਕਰ ਸਕਦਾ ਹੈ ਤੇ ਅਨਹੋਣੀ ਨੂੰ ਹੋਣੀ ਕਰ ਸਕਦਾ ਹੈ। ਮਾਤਾ ਜੀ ਨੇ ਜਿਥੇ ਸਾਨੂੰ ਦੁਨਿਆਵੀ ਵਿੱਦਿਆ ਦਿਵਾਈ ਓਥੇ ਹੀ ਗੁਰਬਾਣੀ ਨਾਲ ਵੀ ਜੋੜਿਆ। ਮੈਨੂੰ ਯਾਦ ਹੈ ਕਿ ਮਾਤਾ ਜੀ ਮੈਨੂੰ ਪਿੰਡ ਦੇ ਗ੍ਰੰਥੀ ਕੋਲ ਲਿਜਾਕੇ ਗੁਰਮੁਖੀ ਸਿੱਖਣ ਲਈ ਲਾਇਆ। ਪਹਿਲਾਂ ਮੈਂ ਹਿੰਦੀ ਵਾਲੇ ਗੁਟਕੇ ਤੋਂ ਪਾਠ ਕਰਦਾ ਸਾਂ। ਹੌਲੀ ਹੌਲੀ ਪੰਜਾਬੀ ਸਿੱਖ ਲਈ ਤੇ ਪਿੰਡ ਦੇ ਗੁਰਦਵਾਰੇ ਵਿੱਚ ਜਾਕੇ ਵੀ ਕਦੇ ਸਵੇਰੇ ਕਦੇ ਸ਼ਾਮ ਨੂੰ ਪਾਠ ਕਰ ਆਉਣਾ। ਸਪੀਕਰ ਵਿੱਚ ਪਾਠ ਦੀ ਅਵਾਜ਼ ਸੁਣ ਕਈਆਂ ਨੇ ਸਲਾਹੁਣਾ ਅਤੇ ਕਈਆਂ ਨੇ ਸੜ ਭੁਜ ਜਾਣਾ ਕਿ ਇਹ ਕੱਲਰ ਵਿੱਚ ਕਵਲ ਕਿਥੋਂ ਪੈਦਾ ਹੋ ਗਿਆ। ਹੌਲੀ-ਹੌਲੀ

ਘਰ ਵਿੱਚ ਮੁੜ ਗੁਰਬਾਣੀ ਦੀਆਂ ਘਨਘੋਰਾਂ ਸੁਨਾਈ ਦੇਣ ਲੱਗੀਆਂ। ਨਾਮਧਾਰੀ ਉਗਰਾਹੀਏ ਘਰ ਵਿੱਚ ਪੁਰਾਣਾ ਨਾਮਧਾਰੀ ਘਰ ਹੋਣ ਕਾਰਨ ਉਗਰਾਹੀ ਲੈਣ ਆਉਂਦੇ ਤੇ ਪਿਤਾ ਜੀ ਨੂੰ ਜਦੋਂ ਪਤਾ ਲੱਗਣਾ ਕਿ ਅੱਜ ਨਾਮਧਾਰੀ ਉਗਰਾਹੀਏ ਆਏ ਹਨ ਪਿੰਡ ਵਿੱਚ, ਤਾਂ ਉਹਨਾਂ ਘਰੋਂ ਕਿਤੇ ਬਾਹਰ ਚਲੇ ਜਾਣਾ। ਉਹਨਾਂ ਸੰਤਾਂ ਦੇ ਮੱਥੇ ਹੀ ਨਾ ਲਗਣਾ ਕਿ ਇਹਨਾਂ ਨੇ ਮੈਨੂੰ ਮਾੜਾ ਚਾਲ-ਚਲਣ ਛੱਡਣ ਲਈ ਆਖਣਾ ਹੈ। ਪਰ ਮਾਤਾ ਸਵਰਨ ਕੌਰ ਜੀ ਨੇ ਆਪਣਾ ਹੱਠ ਨਹੀ ਛੱਡਿਆ। ਮਾਤਾ ਜੀ ਨੇ ਨਾਮਧਾਰੀ ਸੰਤਾਂ ਨੂੰ ਅਰਦਾਸ ਕਰਨ ਲਈ ਆਖਣਾ ਕਿ ਕਿਤੇ ਸਾਡੇ ਤੇ ਵੀ ਪਰਮੇਸਰ ਦਿਆਲ ਹੋ ਜਾਏ। ਮਾਤਾ ਜੀ ਨੇ ਮੈਨੂੰ ਸਤਿਜੁਗ ਪਰਚਾ ਲਵਾ ਦਿੱਤਾ। ਜਿਸਨੂੰ ਮੈਂ ਆਪ ਵੀ ਪੜਨਾ ਤੇ ਪੜਕੇ ਘਰ ਦੇ ਹੋਰ ਜੀਆਂ ਨੂੰ ਵੀ ਸੁਨੌਣਾ। ਸਤਿਜੁਗ ਪੜਕੇ ਮੇਰੇ ਗਿਆਨ ਦੇ ਵਿੱਚ ਬਹੁਤ ਵਾਧਾ ਹੋਇਆ। ਖੈਰ ! ਕਿਸਮਤ ਨੇ ਓਦੋਂ ਪਲਟਾ ਮਾਰਿਆ ਜਦੋਂ ਮੇਰੀ ਵੱਡੀ ਭੈਣ ਰਣਜੀਤ ਕੌਰ ਦਾ ਸਾਕ ਨਾਮਧਾਰੀ ਪੰਥ ਦੇ ਮਹਾਨ ਸਾਧੂ ਸੰਤ ਭਾਨ ਸਿੰਘ ਜੀ ਦੀ ਅੰਸ ਬੰਸ ਸੰਤ ਸੁਖਵਿੰਦਰ ਸਿੰਘ ਜੀ (ਗਾਜੀਆਬਾਦ) ਦੇ ਨਾਲ ਹੋਇਆ। ਅਨੰਦ ਕਾਰਜ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜੂਰੀ ਵਿੱਚ ਹੋਇਆ। ਅਸੀਂ ਸਾਰੇ ਪਹਿਲੀ ਵਾਰ ਹੀ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕੀਤੇ ਸਨ। ਸਤਿਗੁਰੂ ਜੀ ਦੀ ਐਸੀ ਬਖਸ਼ਿਸ਼ ਹੋਈ ਕਿ ਪਿਤਾ ਜੀ ਨੇ ਮਾੜਾ ਚਾਲ ਚਲਣ ਛੱਡ ਦਿੱਤਾ ਅਤੇ ਭਜਨ ਬਾਣੀ ਨਾਲ ਜੁੜ ਗਏ ਅਤੇ ਅਸੀਂ ਫਿਰ ਤੋਂ ਆਪਣੇ ਮੂਲ ਨਾਲ ਜੁੜ ਗਏ। ਪਰ ਇਹ ਸਾਰਾ ਕੁਝ ਮਾਤਾ ਸਵਰਨ ਕੌਰ ਜੀ ਦੀ ਅਣਥੱਕ ਮੇਹਨਤ ਅਤੇ ਪਰਮੇਸਰ ਦੇ ਉੱਤੇ ਜੋ ਉਹਨਾਂ ਦਾ ਵਿਸ਼ਵਾਸ ਸੀ ਉਸਦੇ ਕਰਕੇ ਹੀ ਹੋ ਸਕਿਆ। ਜੇ ਕਿਤੇ ਉਹ ਵੀ ਅੱਜ-ਕਲ੍ਹ ਦੀਆਂ ਕੁੜੀਆਂ ਵਾਂਗੂ ਆਪਣੇ ਮਾੜੇ ਚਾਲ-ਚਲਣ ਵਾਲੇ ਪਤੀ ਨੂੰ ਛੱਡ ਕੇ ਤਲਾਕ ਲੈ ਲੈਂਦੇ ਤੇ ਕਦੇ ਵੀ ਇਹ ਇਤਿਹਾਸ ਨਹੀ ਸੀ ਸਿਰਜਿਆ ਜਾ ਸਕਦਾ ਜੋ ਉਹਨਾਂ ਨੇ ਸਿਰਜਿਆ ਹੈ। ਉਹਨਾਂ ਨੇ ਜਿੱਥੇ ਆਪਣੇ ਮਾਸੀ-ਸ਼ਰਾਬੀ ਪਤੀ ਨੂੰ ਸੰਤ ਬਣਾਇਆ ਓਥੇ ਹੀ ਆਪਣੇ ਪੁੱਤਰਾਂ ਅਤੇ ਆਪਣੀਆਂ ਧੀਆਂ ਨੂੰ ਵੀ ਚਰਿਤ੍ਰਵਾਨ ਬਣਾਇਆ। ਮੇਰੇ ਨਾਲੋਂ ਵੱਡੇ ਵੀਰ ਜੀ ਸਰਦਾਰ ਦਲਜੀਤ ਸਿੰਘ ਜੀ ਰੁਦ੍ਰਪੁਰ (ਉਤਰਾਖੰਡ) ਟ੍ਰਾਂਸਪੋਰਟ ਦਾ ਕੰਮ ਕਰਦੇ ਹਨ। ਗੁਰਸਿੱਖੀ ਵਿੱਚ ਪਰੀਪੂਰਨ ਹਨ ਅਤੇ ਦੂਸਰੀ ਭੈਣ ਕਮਲਦੀਪ ਕੌਰ ਨਾਮਧਾਰੀ ਸਾਧੂ ਸੰਤ ਅਵਤਾਰ ਸਿੰਘ ਜੀ ਦੇ ਪੋਤਰੇ ਸੰਤ ਰਣਜੀਤ ਸਿੰਘ ਜੀ ਜਸਪੁੱਰ (ਉੱਤਰਾਖੰਡ) ਦੇ ਨਾਲ ਵਿਵਾਹਿਤ ਜੀਵਨ ਬਤੀਤ ਕਰ ਰਹੇ ਹਨ।ਉਹ ਵੀ ਬਹੁਤ ਸਾਧੂ ਪਰਿਵਾਰ ਹੈ। ਜਦੋਂ ਮੈਂ ਸਨ 2013 ਦੇ ਵਿੱਚ ਸ੍ਰੀ ਭੈਣੀ ਆ ਗਿਆ ਤਾਂ 2016 ਦੇ ਵਿੱਚ ਮੇਰੇ ਮਾਤਾ ਸਵਰਨ ਕੌਰ ਜੀ ਅਤੇ ਪਿਤਾ ਸੰਤ ਸੁਰਿੰਦਰ ਸਿੰਘ ਜੀ ਵੀ ਏਥੇ ਮੇਰੇ ਕੋਲ ਸ੍ਰੀ ਭੈਣੀ ਸਾਹਿਬ ਹੀ ਆ ਗਏ। ਦੋਹਾਂ ਨੇ ਲੰਗਰ ਵਿੱਚ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਮਾਤਾ ਸਵਰਨ ਕੌਰ ਜੀ ਦਾ ਪ੍ਰਭਾਵਸ਼ਾਲੀ ਵਯਕਤਿਤਵ ਸਾਰਿਆਂ ਨੂੰ ਆਕਰਸ਼ਿਤ ਕਰਦਾ ਅਤੇ ਛੇਤੀ ਹੀ ਸਾਰਿਆਂ ਦੇ ਨਾਲ ਇਹਨਾਂ ਦਾ ਪਿਆਰ ਪੈ ਗਿਆ। ਸੇਵਾ ਦੇ ਨਾਲ-ਨਾਲ ਭਜਨ ਕਰਨਾ ਰੋਜ਼ਾਨਾ ਨਿਤਨੇਮ ਜਾਣਾ ਉਹਨਾਂ ਦਾ ਨਿਤਕਰਮ ਸੀ। ਹਰ ਇੱਕ ਦੇ ਨਾਲ ਉਹਨਾਂ ਦਾ ਐਸਾ ਪ੍ਰੇਮ ਸੀ ਕਿ ਜਦੋਂ ਉਹ ਅਚਨਚੇਤ 22 ਫਰਵਰੀ 2021 ਦੀ ਸ਼ਾਮ ਨੂੰ 60 ਕੁ ਸਾਲ ਦੀ ਆਰਜ਼ਾ ਭੋਗ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਤਾਂ ਹਰ ਕੋਈ ਹੈਰਾਨੀ ਦੇ ਸਮੁੰਦਰ ਦੇ ਵਿੱਚ ਗੋਤੇ ਖਾ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਬਹੁਤ ਮਾੜਾ ਹੋਇਆ ਉਹ ਤਾਂ ਬਹੁਤ ਚੰਗੇ ਇਨਸਾਨ ਸਨ। ਪਰ ਸਤਸੰਗੀਜਨੋ ਪਰਮੇਸਰ ਨੂੰ ਵੀ ਦਰਗਾਹ ਵਿੱਚ ਚੰਗੇ ਇਨਸਾਨਾਂ ਦੀ ਲੋੜ ਹੁੰਦੀ ਹੈ ਇਹ ਉਸਦੀ ਰਜ਼ਾ ਹੈ, ਉਸਦੀ ਫਸਲ ਹੈ ਭਾਵੇਂ ਕੱਚੀ ਵੱਡ ਲਏ ,ਭਾਵੇਂ ਪੱਕੀ ਵੱਡ ਲਏ। ਮਾਤਾ ਸਵਰਨ ਕੌਰ ਜੀ ਦਾ ਭੋਗ 22 ਮਾਰਚ 2021 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ਪਾਇਆ ਗਿਆ। ਮੇਰੇ ਵਿਦਿਆ ਗੁਰੂ ਸ੍ਰੀ ਮਾਨ ਸੰਤ ਨਿਸ਼ਾਨ ਜੀ ਨੇ ਕਥਾ ਰਾਹੀਂ ਮਾਤਾ ਜੀ ਦੇ ਜੀਵਨ ਤੇ ਚਾਨਣਾ ਪਾਉਂਦਿਆ ਆਖਿਆ ਕਿ "ਇਤਿਹਾਸ ਵਿੱਚ ਭਾਵੇਂ ਢਾਈ ਮਾਂਵਾਂ ਦਾ ਜ਼ਿਕਰ ਆਉਂਦਾ ਹੈ ਪਰ ਪਤਾ ਨਹੀ ਕਿੰਨੀਆਂ ਕੁ ਮਾਵਾਂ ਹਨ ਜਿੰਨਾ ਨੇ ਆਪਣੇ ਪੁੱਤਰਾਂ ਨੂੰ ਸਾਧੂ ਅਤੇ ਸੰਤ ਬਣਾਇਆ ਉਹਨਾਂ ਦੇ ਵਿੱਚੋਂ ਇੱਕ ਸਨ ਮਾਤਾ ਸਵਰਨ ਕੌਰ ਜੀ ਜਿੰਨਾਂ ਨੇ ਆਪਣੇ ਪੁੱਤਰਾਂ ਨੂੰ ਤੇ ਸਾਧੂ ਬਣਾਇਆ ਹੀ, ਨਾਲ ਹੀ ਆਪਣੇ ਪਤੀ ਨੂੰ ਵੀ ਸੰਤ ਬਣਾਇਆ। ਇੱਕ ਮਹਾਤਮਾ ਦਾ ਕਥਨ ਹੈ ਕਿ ਜੀਵਨ ਲੰਬਾ ਨਹੀ ਬਲਕਿ ਮਹਾਨ ਹੋਣਾ ਚਾਹੀਦਾ ਹੈ। ਮਾਤਾ ਸਵਰਨ ਕੌਰ ਜੀ ਨੇ ਭਾਵੇਂ ਥੋੜਾ ਜੀਵਨ ਜੀਵਿਆ ਪਰ ਮਹਾਨ ਜੀਵਨ ਜੀਵਿਆ।" ਐਸੀ ਮਾਤਾ ਦਾ ਅਸੀਂ ਕਦੇ ਵੀ ਦੇਣ ਨਹੀ ਦੇ ਸਕਦੇ। ਜਿਸਨੇ ਆਪ ਜਫਰ ਜਾਲ ਕੇ ਸਾਨੂੰ ਮਹਾਨ ਬਣਾਇਆ ਐਸੀ ਰੂਹ ਨੂੰ ਮੇਰੀ ਸ਼ਤ ਸ਼ਤ ਪ੍ਰਨਾਮ ਹੈ।

**ਸਪੁੱਤਰ- ਜਥੇਦਾਰ ਹਰਪਾਲ ਸਿੰਘ**

........................................................

# ਮਾਨ-ਪੱਤਰ

## ਸੰਤ ਗੁਰੂਬਚਨ ਸਿੰਘ

ਗੁਰਬਾਣੀ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਦੇ ਸੁਘੜ ਵਿਆਖਿਆਕਾਰ ਸੰਤ ਗੁਰੂਬਚਨ ਸਿੰਘ ਜੀ ਦਾ ਨਾਮ ਪੰਥ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਆਪ ਜੀ ਦਾ ਦਲੀਲ-ਭਰਪੂਰ ਵਿਖਿਆਨ ਸ੍ਰੋਤਾ ਮੰਡਲ ਨੂੰ ਪਲਾਂ-ਛਿਣਾਂ ਅੰਦਰ ਹੀ ਕੀਲ ਲੈਣ ਦੀ ਸਮਰੱਥਾ ਰੱਖਦਾ ਹੈ।

ਸੰਤ ਜੀ ਨੂੰ ਗੁਰਸਿੱਖੀ ਦੀ ਲਗਨ ਵਿਰਾਸਤ ਵਿਚੋਂ ਹੀ ਮਿਲੀ ਹੈ ਕਿਉਂਕਿ ਆਪ ਜੀ ਦਾ ਜਨਮ ਇਕ ਉੱਚ-ਕੋਟੀ ਦੇ ਟਕਸਾਲੀ ਨਾਮਧਾਰੀ ਪਰਿਵਾਰ ਵਿਚ ਹੋਇਆ। ਆਪ ਜੀ ਦੇ ਪੜਦਾਦਾ ਬਾਬਾ ਰੁਲਦੂ ਸਿੰਘ ਜੀ ਸ਼ਹਿਬਾਜ਼ਪੁਰ ਜ਼ਿਲ੍ਹਾ ਗੁਜਰਾਤ (ਅੱਜ ਕਲ ਪਾਕਿਸਤਾਨ) ਵਾਲਿਆਂ ਨੇ ਨਾਮਧਾਰੀ ਪੰਥ ਦੇ ਆਰੰਭਲੇ ਵਰ੍ਹਿਆਂ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਗ੍ਰਹਿਣ ਕਰ ਲਈ ਅਤੇ ਸਾਰਾ ਪਰਿਵਾਰ ਵੀ ਗੁਰੂ ਨਾਨਕ ਦੇ ਬੇੜੇ ਤੇ ਚੜ੍ਹਾ ਦਿੱਤਾ। ਗੁਰੂਬਚਨ ਸਿੰਘ ਜੀ ਦਾ ਜਨਮ ਬਾਬਾ ਰੁਲਦੂ ਸਿੰਘ ਜੀ ਦੇ ਪੋਤਰੇ ਸੂਬਾ ਦੀਵਾਨ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਇੰਦਰ ਕੌਰ ਦੀ ਸੁਲੱਖਣੀ ਕੁੱਖੋਂ 2 ਅਕਤੂਬਰ 1948 ਈ. ਨੂੰ ਡਾਲਟਨਗੰਜ ਵਿਖੇ ਹੋਇਆ। ਆਪ ਦੇ ਤਿੰਨ ਭਰਾ ਅਤੇ ਤਿੰਨ ਭੈਣਾਂ ਸਨ। ਆਪ ਨੇ ਗ੍ਰੈਜੂਏਸ਼ਨ ਤੱਕ ਪੜ੍ਹਾਈ ਕੀਤੀ ਹੈ। ਆਪ ਦਾ ਵਿਆਹ 1969 ਈ. ਵਿਚ ਸੂਬਾ ਹਵੇਲਾ ਸਿੰਘ ਜੀ ਮੁੰਬਈ ਵਾਲਿਆਂ ਦੀ ਸੁਘੜ ਸਪੁੱਤਰੀ ਬੀਬੀ ਇੰਦਰਜੀਤ ਕੌਰ ਨਾਲ ਹੋਇਆ। ਸੰਤਾਨ ਵੱਜੋਂ ਆਪ ਦੇ ਤਿੰਨ ਪੁੱਤਰ (ਗੁਰਪ੍ਰੀਤ ਸਿੰਘ, ਗੁਰਦਰਸ਼ਨ ਸਿੰਘ ਅਤੇ ਗੁਰਸੇਵ ਸਿੰਘ) ਅਤੇ ਦੋ ਧੀਆਂ (ਬੀਬੀ ਨਵਨੀਤ ਕੌਰ ਅਤੇ ਗੁਰਸਿਮਰਨ ਕੌਰ) ਹਨ। 1984 ਈ. ਦੇ ਘੱਲੂ-ਘਾਰੇ ਤੋਂ ਬਆਦ ਆਪ 1987 ਈ. ਤੱਕ ਪੱਕੇ ਤੌਰ ਤੇ ਚੰਡੀਗੜ੍ਹ ਆ ਗਏ ਅਤੇ ਮੁਹਾਲੀ ਵਿਚ ਆਪਣੀ ਰਿਹਾਇਸ਼ ਸਥਾਪਿਤ ਕਰ ਲਈ ।

ਧਰਮ ਅਧਿਐਨ ਦਾ ਸ਼ੌਂਕ ਆਪ ਜੀ ਦਾ ਬਚਪਨ ਤੋਂ ਹੀ ਹੈ। ਕਾਰੋਬਾਰ ਕਰਦਿਆਂ ਵੀ ਆਪ ਨੇ ਆਪਣੇ ਇਸ ਸ਼ੌਂਕ ਨੂੰ ਠੰਡਾ ਨਹੀਂ ਪੈਣ ਦਿੱਤਾ। ਇਸੇ ਲਟਕ ਨੇ ਹੀ ਆਪ ਨੂੰ ਇਕ ਸੁਘੜ ਲੇਖਕ ਅਤੇ ਪ੍ਰਭਾਵਸ਼ਾਲੀ ਵਕਤਾ ਬਣਾ ਦਿੱਤਾ। ਆਪ ਨੇ ਰੋਜ਼ਾਨਾ ਅਜੀਤ, ਜਗਬਾਣੀ ਅਤੇ ਦੈਨਿਕ ਭਾਸਕਰ ਲਈ ਅਨੇਕਾਂ ਵੱਡ-ਮੁੱਲੇ ਲੇਖ ਲਿਖੇ। 'ਰੂਹਾਂ ਦੀਆ ਗੱਲਾਂ' ਅਤੇ 'ਸੁੰਨ ਮੰਡਲ ਦੇ ਜੋਗੀ' ਨਾਮ ਦੀਆਂ ਪੁਸਤਕਾਂ ਅਧਿਆਤਮਕ ਜਗਿਆਸੂਆਂ ਲਈ ਪਥ-ਪ੍ਰਦਰਸ਼ਨ ਦਾ ਕੰਮ ਕਰਦੀਆਂ ਹਨ। ਆਪ ਨੇ ਆਪਣੀ ਵਿੱਦਿਆ ਕਰਕੇ ਦੇਸ਼ਾਂ-ਵਿਦੇਸ਼ਾਂ ਦੀਆਂ ਯਤਾਰਾਵਾਂ ਕੀਤੀਆਂ ਹਨ, ਪਰ ਆਪਣੀ ਵਿਦਿਆ ਨੂੰ ਕਦੇ ਵੀ ਮਾਇਆ ਦਾ ਸਾਧਨ ਨਹੀਂ ਬਨਣ ਦਿੱਤਾ। ਆਪ ਇੱਕ ਸਮਰੱਥ ਲਿਖਾਰੀ ਅਤੇ ਪ੍ਰਬੀਨ ਕਥਾ-ਵਾਚਕ ਹੋਣ ਦੇ ਬਾਵਜੂਦ ਮਾਣ-ਮਾਇਆ ਤੋਂ ਕੋਹਾਂ ਦੂਰ ਰਹਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਉਹ ਜੋ ਕੁਝ ਵੀ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਅਤੇ ਪ੍ਰੇਰਨਾ ਦਾ ਸਦਕਾ ਹੀ ਹਨ।

ਅੱਜ ਆਪ ਦੀਆਂ ਪੰਥਕ ਸੇਵਾਵਾਂ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ-ਕਮਲਾਂ ਦੁਆਰਾ ਸੰਤ ਗੁਰੂਬਚਨ ਸਿੰਘ ਜੀ ਨੂੰ 'ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਯਾਦਗਾਰੀ ਸਨਮਾਨ' ਨਾਲ ਵਿਭੂਸ਼ਿਤ ਕੀਤਾ ਜਾ ਰਿਹਾ ਹੈ। ਇਸ ਸ਼ੁੱਭ ਅਵਸਰ ਤੇ ਵਿਸ਼ਵ ਨਾਮਧਾਰੀ ਸੰਗਤ ਬੇਅੰਤ ਖੁਸ਼ੀ ਦਾ ਅਨੁਭਵ ਕਰਦੀ ਹੈ।

| | |
|---|---|
| ੧੮ ਚੇਤਰ ੨੦੭੭ | ਹੋਲਾ ਮਹੱਲਾ |
| 31 ਮਾਰਚ 2021 | ਸ੍ਰੀ ਭੈਣੀ ਸਾਹਿਬ |

# ਮਾਨ-ਪੱਤਰ

## ਬੀਬੀ ਹਰਭਜਨ ਕੌਰ

ਗੁਰੂ ਘਰ ਵਿਚ ਸੇਵਾ ਦੇ ਸੰਕਪਲ ਨੂੰ 'ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ' ਕਹਿ ਕੇ ਸਤਿਕਾਰਿਆ ਗਿਆ ਹੈ। ਭੈ-ਭਾਵਨੀ ਨਾਲ ਕੀਤੀ ਹੋਈ ਸੇਵਾ ਸੇਵਕ ਨੂੰ ਸਾਹਿਬ ਵਿਚ ਅਭੇਦ ਕਰਨ ਦੀ ਸ਼ਕਤੀ ਰੱਖਦੀ ਹੈ। ਸਮਰਪਣ ਭਾਵਨਾ ਵਾਲੇ ਸੇਵਕ ਦੇ ਦੋਵੇਂ ਲੋਕ ਸੁਹੇਲੇ ਹੋ ਜਾਂਦੇ ਹਨ। ਸਾਡੇ ਪੂਰਵਜਾਂ ਨੇ ਸੇਵਾ ਦੇ ਗੁਰਮਤਿ ਗਾਡੀ ਰਾਹ ਤੇ ਸਾਡੇ ਲਈ ਲਾ ਮਿਸਾਲ ਪੂਰਨੇ ਪਾਇ ਹਨ। ਅਜਿਹੇ ਹੀ ਗੁਰ-ਚਰਨਾਂ ਵਿਚ ਮਨ ਵੇਚਨ ਵਾਲੇ ਗੁਰਮੁਖ ਜੀਊੜੇ ਹਨ ਬੀਬੀ ਹਰਭਜਨ ਕੌਰ ਜੀ ਬੀੜ ਵਾਲੇ ਜਿੰਨਾ ਨੇ ਲੰਬਾ ਸਮਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ ਕੀਤੀ ਹੈ।

ਬੀਬੀ ਜੀ ਦਾ ਜਨਮ ਪਿੰਡ ਭਾਰੋ ਮਜਾਰਾ (ਨੇੜੇ ਫਿਲੌਰ) ਦੇ ਇਕ ਟਕਸਾਲੀ ਨਾਮਧਾਰੀ ਪਰਿਵਾਰ ਵਿਚ ਸੰਤ ਊਧਮ ਸਿੰਘ ਜੀ ਦੇ ਗ੍ਰਹਿ ਮਾਤਾ ਦਲੀਪ ਕੌਰ ਦੀ ਕੁੱਖੋਂ 10-02-1936 ਈ. ਨੂੰ ਹੋਇਆ। ਆਪ ਸੱਤ ਭੈਣਾਂ ਭਰਾਵਾਂ ਵਿਚੋਂ ਸਭ ਤੋਂ ਵੱਡੇ ਹਨ। ਆਪ ਤੋਂ ਛੋਟੀਆਂ ਤਿੰਨ ਭੈਣਾਂ ਬੀਬੀ ਹਰਬੰਸ ਕੌਰ, ਬੀਬੀ ਬਖਸ਼ੀਸ਼ ਕੌਰ, ਬੀਬੀ ਅਵਤਾਰ ਕੌਰ ਅਤੇ ਭਰਾ ਸੁੱਚਾ ਸਿੰਘ, ਕਸ਼ਮੀਰ ਸਿੰਘ ਤੇ ਜਗਤਾਰ ਸਿੰਘ ਹਨ। ਬੀਬੀ ਜੀ ਦਾ ਆਨੰਦ ਕਾਰਜ 13-14 ਸਾਲ ਦੀ ਛੋਟੀ ਉਮਰੇ ਹੀ ਸੰਤ ਬਖਸ਼ੀਸ਼ ਸਿੰਘ ਪਿੰਡ ਗੜ੍ਹੀ ਮਹਾਂ ਸਿੰਘ ਵਾਲਿਆਂ ਨਾਲ 1949 ਈ. ਵਿਚ ਹੋਇਆ। ਇਹ ਸਤਿਗੁਰੂ ਜੀ ਦੀ ਬਖਸ਼ਿਸ਼ ਹੀ ਕਹੀ ਜਾ ਸਕਦੀ ਹੈ ਕਿ ਬੀਬੀ ਜੀ ਦਾ ਨਾਨਕਾ, ਦਾਦਕਾ ਅਤੇ ਸਹੁਰਾ ਪਰਿਵਾਰ ਸਾਰੇ ਹੀ ਨਾਮਧਾਰੀ ਹਨ। ਸੰਤਾਨ ਵਜੋਂ ਆਪ ਦੇ ਘਰ ਦੋ ਪੁੱਤਰਾਂ (ਕੁਲਵਿੰਦਰ ਸਿੰਘ ਅਤੇ ਪ੍ਰੇਮ ਸਿੰਘ) ਅਤੇ ਦੋ ਧੀਆਂ (ਹਰਦੀਪ ਕੌਰ ਅਤੇ ਪ੍ਰਮਜੀਤ ਕੌਰ) ਨੇ ਜਨਮ ਲਿਆ।

ਗ੍ਰਹਿਸਤ ਅਤੇ ਸਮਾਜ ਦੇ ਫਰਜ਼ ਨਿਭਾਉਂਦਿਆਂ ਹੋਇਆਂ ਸੰਤ ਬਖਸ਼ੀਸ਼ ਸਿੰਘ ਅਤੇ ਬੀਬੀ ਹਰਭਜਨ ਕੌਰ ਜੀ ਸੇਵਾ ਸਿਮਰਨ ਨਾਲ ਆਪਣਾ ਪੀਢਾ ਨਾਤਾ ਜੋੜੀ ਰੱਖਿਆ। ਲੰਬਾ ਸਮਾਂ ਗੁਰੂ ਘਰ ਦੀ ਸੇਵਾ ਕੀਤੀ। ਜਿੱਥੇ ਸੰਤ ਬਖਸ਼ੀਸ਼ ਸਿੰਘ ਜੀ ਗੁਰੂ ਹੁਕਮ ਅਨੁਸਾਰ ਗੁਰੂ ਕੀ ਹੱਟੀ ਆਦਿ ਦੀ ਸੇਵਾ ਕਰਦੇ, ਉਥੇ ਬੀਬੀ ਹਰਭਜਨ ਕੌਰ ਸ੍ਰੀ ਮਾਤਾ ਚੰਦ ਕੌਰ ਜੀ ਦੀ ਅਗੁਵਾਈ ਵਿਚ ਸੇਵਾ ਕਰਨ ਨੂੰ ਆਪਣੇ ਧੰਨ ਭਾਗ ਸਮਝਦੇ। ਆਪ ਨੂੰ ਮਿਲਣ ਵਾਲੇ ਗੁਰਸਿੱਖ ਮਾਈ ਭਾਈ ਨੂੰ ਇੱਕ ਅਪਣੱਤ ਭਰਿਆ ਅਹਿਸਾਸ ਹੁੰਦਾ। ਕੋਈ ਗੁੱਸਾ ਨਹੀਂ, ਕੋਈ ਗਿਲਾ ਨਹੀਂ, ਕੋਈ ਮੰਗ ਨਹੀਂ, ਬਸ ਸੇਵਾ ਹੀ ਸਭ ਕੁਝ। ਸਤਿਗੁਰੂ ਦੀਆਂ ਖੁਸ਼ੀਆਂ ਹੀ ਇੱਕੋ-ਇੱਕ ਉਦੇਸ਼ ਸੀ, ਜਿਸ ਵਿਚ ਉਹ ਗੁਰੂ-ਮਿਹਰ ਨਾਲ ਕਾਮਯਾਬ ਹੋਏ। ਗੁਰੂ-ਘਰ ਦੀ ਸੇਵਾ ਕਰਦਿਆਂ ਜੇਕਰ ਪਤੀ ਦੇਵ ਗੁਰਪੁਰੀ ਪਿਆਨਾ ਕਰ ਗਏ ਤਾਂ ਵੀ 'ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।' ਵਡੇਰੀ ਉਮਰ ਹੁੰਦਿਆਂ ਵੀ ਸੇਵਾ ਤੋਂ ਅਵੇਸਲੇ ਨਹੀਂ ਹੋਏ।

ਉਨ੍ਹਾਂ ਵੱਲੋਂ ਗੁਰੂ-ਘਰ ਵਿੱਚ ਨਿਭਾਈਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹਜੂਰ ਪਾਤਸ਼ਾਹ ਸਤਿਗੁਰੂ ਉਦੇ ਸਿੰਘ ਜੀ ਨੇ ਬੀਬੀ ਹਰਭਜਨ ਕੌਰ ਜੀ ਨੂੰ 'ਨਿਸ਼ਕਾਮ ਸੇਵਕ ਸਨਮਾਨ' ਨਾਲ ਨਿਵਾਜਿਆ ਹੈ। ਇਸ ਭਾਗਾਂ ਭਰੇ ਅਵਸਰ ਤੇ ਵਿਸ਼ਵ ਨਾਮਧਾਰੀ ਸੰਗਤ ਜਿੱਥੇ ਸ੍ਰੀ ਸਤਿਗੁਰੂ ਜੀ ਪ੍ਰਤੀ ਆਭਾਰ ਪ੍ਰਗਟ ਕਰਦੀ ਹੈ, ਉੱਥੇ ਬੀਬੀ ਜੀ ਨੂੰ ਵਧਾਈਆਂ ਭੇਂਟ ਕਰਦੀ ਹੈ।

| | |
|---|---|
| ੧੮ ਚੇਤਰ ੨੦੭੭ | ਹੋਲਾ ਮਹੱਲਾ |
| 31 ਮਾਰਚ 2021 | ਸ੍ਰੀ ਭੈਣੀ ਸਾਹਿਬ |

# ਮਾਨ-ਪੱਤਰ

## ਬੀਬੀ ਬਲਬੀਰ ਕੌਰ

ਸੇਵਾ ਤੇ ਸਿਮਰਨ, ਸਿੱਖੀ ਦੇ ਦੋ ਮੁੱਖ ਧੁਰੇ ਹਨ। ਸਾਡੇ ਸਤਿਗੁਰੂ ਸਾਹਿਬਾਨ ਨੇ ਵੀ ਹੱਥੀਂ ਸੇਵਾ ਕਰਨ ਦੇ ਮਹਾਤਮ ਨੂੰ ਤਰਜੀਹ ਦਿੱਤੀ ਤੇ ਸਾਧ ਸੰਗਤ ਦੀ ਆਪ ਹੱਥੀਂ ਸੇਵਾ ਕਰਨ ਦੇ ਪੂਰਨੇ ਪਾਏ। ਸਿੱਖ ਧਰਮ ਵਿਚ ਨਿਸ਼ਕਾਮ ਸੇਵਾ ਕਰਨ ਵਾਲੇ ਗੁਰੂ ਪਿਆਰੇ ਸਿੱਖਾਂ ਸੇਵਕਾਂ ਨੂੰ ਮਾਨਿਆਂ ਸਤਿਕਾਰਿਆ ਜਾਂਦਾ ਹੈ। ਗੁਰਸਿੱਖੀ ਜੀਵਨ ਅਤੇ ਸੇਵਾ ਨਾਲ ਓਤ-ਪੋਤ ਬੀਬੀ ਬਲਬੀਰ ਕੌਰ ਨੇ ਸਤਿਗੁਰੂ ਹੁਕਮਾਂ ਤੇ ਫੁੱਲ ਚੜ੍ਹਾਉਂਦਿਆਂ ਆਪਣਾ ਸਾਰਾ ਜੀਵਨ ਹੀ ਨਾਮ ਜੱਪਣ, ਬਾਣੀ ਪੜ੍ਹਨ ਅਤੇ ਹੱਥੀਂ ਸੇਵਾ ਕਰਨ ਦੇ ਲੇਖੇ ਲਾਇਆ।

ਬੀਬੀ ਬਲਬੀਰ ਕੌਰ ਦਾ ਜਨਮ ਪਿਤਾ ਸ੍ਰ. ਸਾਧੂ ਸਿੰਘ ਅਤੇ ਮਾਤਾ ਗੁਰਦਿਆਲ ਕੌਰ ਦੇ ਗ੍ਰਹਿ ਵਿਖੇ 1940 ਈ. ਕੋਟ ਪਿੰਡੀਦਾਸ ਜ਼ਿਲਾ ਸ਼ੇਖੂਪੁਰਾ ਵਿਖੇ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਨਾਲ ਸੰਤ ਕਸ਼ਮੀਰਾ ਸਿੰਘ ਹੁਰਾਂ ਨਾਲ ਆਨੰਦ ਕਾਰਜ ਹੋਏ ਅਤੇ ਜੀਵਨ ਨਗਰ ਰਹਿੰਦਿਆਂ ਗੁਰੂ-ਘਰ ਦੇ ਸਿੱਖ ਸੇਵਕਾਂ ਦੇ ਕਪੜੇ ਸਿਊਣ ਦੀ ਸੇਵਾ ਕੀਤੀ। 1975 ਈ. ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਬੀਬੀ ਬਲਬੀਰ ਕੌਰ ਆਪਣੇ ਵੱਡੇ ਪੁੱਤਰ ਅਤੇ ਪੁੱਤਰੀਆਂ ਸਹਿਤ ਸ੍ਰੀ ਭੈਣੀ ਸਾਹਿਬ ਸਵਾ ਲੱਖ ਪਾਠਾਂ ਦੇ ਕੁੰਭ ਵਿੱਚ ਸ਼ਾਮਲ ਹੋ ਗਏ। ਇਥੇ ਹੀ ਪਾਠ ਦੀ ਰੌਲ ਵੀ ਲੌਂਦੇ ਅਤੇ ਮਾਤਾ ਚੰਦ ਕੌਰ ਜੀ ਦੀ ਰਹਿਨੁਮਾਈ ਹੇਠ ਸਿੱਖਾਂ ਸਾਧਾਂ ਦੇ ਕਪੜੇ ਸਿਊਣ ਦੀ ਸੇਵਾ ਵੀ ਕਰਦੇ ਰਹੇ। 1977 ਈ. ਵਿੱਚ ਆਪਣੇ ਪਤੀ ਸੰਤ ਕਸ਼ਮੀਰਾ ਸਿੰਘ ਅਤੇ ਤਿੰਨ ਪੁੱਤਰ ਅਤੇ ਚਾਰ ਧੀਆਂ ਨਾਲ ਬੀਬੀ ਬਲਬੀਰ ਕੌਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਪੱਕੇ ਤੌਰ ਤੇ ਸ੍ਰੀ ਭੈਣੀ ਸਾਹਿਬ ਆ ਵੱਸੇ। ਬੀਬੀ ਜੀ ਨੇ ਸੋਲਾਂ ਵਰ੍ਹੇ ਨਾਮਧਾਰੀ ਹਾਕੀ ਟੀਮ ਦੇ ਲੰਗਰ ਦੀ ਸੇਵਾ ਕੀਤੀ। 1987 ਈ. ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗਤ ਨੂੰ ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਝਾੜੂ ਮਾਰਨ ਦੀ ਸੇਵਾ ਕਰਨ ਦਾ ਹੁਕਮ ਕੀਤਾ ਜੋ ਬੀਬੀ ਬਲਬੀਰ ਕੌਰ ਜੀ, ਜਿਨ੍ਹਾਂ ਚਿਰ ਸਰੀਰ ਸਾਥ ਦਿੰਦਾ ਰਿਹਾ ਕਈ ਵਰ੍ਹੇ ਝਾੜੂ ਮਾਰਨ ਦੀ ਸੇਵਾ ਨਿਭਾਉਂਦੇ ਰਹੇ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸ ਪਰਿਵਾਰ ਤੇ ਵੱਡੀ ਬਖਸ਼ਿਸ ਹੀ ਸੀ ਕਿ ਪਤੀ ਸੰਤ ਕਸ਼ਮੀਰਾ ਸਿੰਘ ਦਾ ਸਤਿਗੁਰੂ ਚਰਨਾਂ ਨਾਲ ਸੁਦਾਮੇਂ ਵਰਗਾ ਪਿਆਰ ਨਿਭਿਆ। ਬੀਬੀ ਜੀ ਦੇ ਤਿੰਨੋਂ ਸਪੁੱਤਰਾਂ (ਸੁਖਦੇਵ ਸਿੰਘ, ਹਰਪਾਲ ਸਿੰਘ ਅਤੇ ਰਛਪਾਲ ਸਿੰਘ) ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਬਖਸ਼ਿਸ਼ਾਂ ਦੇ ਪਾਤਰ, ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਦਾ ਸੁੱਖ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਦਾ ਸਨੇਹ ਮਾਨਣ ਵਾਲੇ ਬੀਬੀ ਬਲਬੀਰ ਕੌਰ ਜੀ ਨੂੰ ਸਤਿਗੁਰੂ ਉਦੇ ਸਿੰਘ ਜੀ ਦੇ ਕਰ-ਕੰਵਲਾਂ ਨਾਲ 'ਨਿਸ਼ਕਾਮ ਸੇਵਕ ਸਨਮਾਨ' ਨਾਲ ਸਨਮਾਨਿਤ ਕਰਦਿਆਂ ਵਿਸ਼ਵ ਨਾਮਧਾਰੀ ਸੰਗਤ ਹਾਰਦਿਕ ਖੁਸ਼ੀ ਅਨੁਭਵ ਕਰਦੀ ਹੈ।

| | |
|---|---|
| ੧੮ ਚੇਤਰ ੨੦੭੭ | ਹੋਲਾ ਮਹੱਲਾ |
| 31 ਮਾਰਚ 2021 | ਸ੍ਰੀ ਭੈਣੀ ਸਾਹਿਬ |

# ਮਾਨ-ਪੱਤਰ

## ਪ੍ਰਿੰ. ਜਗਜੀਤ ਕੌਰ

ਸੁਚੱਜੇ ਸਮਾਜ ਦੀ ਸਿਰਜਣਾ ਦੀ ਨੀਂਹ ਇੱਕ ਅਧਿਆਪਕ ਦੁਆਰਾ ਹੀ ਰੱਖੀ ਜਾਂਦੀ ਹੈ। ਅਧਿਆਪਕ ਇੱਕ ਮੋਮਬੱਤੀ ਦੀ ਤਰ੍ਹਾਂ ਹੈ, ਜਿਹੜਾ ਆਪ ਜਲਦਾ ਹੈ ਤੇ ਹਰ ਪਾਸੇ ਰੌਸ਼ਨੀ ਫ਼ੈਲਾਉਂਦਾ ਹੈ। ਗਿਆਨ ਦਾ ਇਹ ਚਾਨਣ ਵਿਦਿਆਰਥੀਆਂ ਨੂੰ ਆਪਣੀਆਂ ਮੰਜ਼ਿਲਾਂ ਸਰ ਕਰਨ ਵਿੱਚ ਰਾਹ ਦਸੇਰਾ ਹੁੰਦਾ ਹੈ। ਐਸੇ ਗਿਆਨ ਦਾ ਚਾਨਣ ਵੰਡਣ ਵਾਲੇ ਪ੍ਰਿੰ. ਜਗਜੀਤ ਕੌਰ ਦਾ ਜਨਮ 4 ਜੂਨ 1957 ਈ. ਨੂੰ ਪਿਤਾ ਸ. ਕਰਮ ਸਿੰਘ ਤੂਰ ਅਤੇ ਮਾਤਾ ਜਗੀਰ ਕੌਰ ਤੂਰ ਦੇ ਘਰ ਹੋਇਆ। ਪੜ੍ਹਨ ਦੀ ਲਗਨ ਅਤੇ ਮਿਹਨਤੀ ਸੁਭਾਅ ਸਦਕਾ ਆਪ ਨੇ ਐਮ. ਏ. ਪੰਜਾਬੀ ਅਤੇ ਬੀ. ਐਡ. ਦੀਆਂ ਡਿਗਰੀਆਂ ਹਾਸਲ ਕੀਤੀਆਂ। ਆਪ ਦਾ ਵਿਆਹ ਸ੍ਰੀ ਭੈਣੀ ਸਾਹਿਬ ਦੇ ਗੁਆਂਢੀ ਪਿੰਡ ਕਟਾਣੀ ਖੁਰਦ ਵਿਖੇ ਸਵ. ਸ. ਜਗਦੇਵ ਸਿੰਘ ਨਾਲ ਹੋਇਆ। ਪਹਿਲੀ ਵਾਰ ਸੁਹਰੇ ਪਰਿਵਾਰ ਨਾਲ ਸ੍ਰੀ ਭੈਣੀ ਸਾਹਿਬ ਆਏ ਤਾਂ ਆਪ ਨੂੰ ਪੂਰਨ ਅਰਥਾਂ ਵਿੱਚ ਨਾਮਧਾਰੀ ਇਤਿਹਾਸ, ਸਾਹਿਤ ਅਤੇ ਸੱਭਿਆਚਾਰ ਬਾਰੇ ਪਤਾ ਲੱਗਾ।

1987 ਈ. ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਦੋਂ ਨਾਮਧਾਰੀ ਬੱਚਿਆਂ ਦੇ ਉੱਜਲ ਭਵਿੱਖ ਲਈ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ਼ੁਰੂ ਕੀਤੀ ਤਾਂ ਉਸੇ ਸਾਲ 6 ਨਵੰਬਰ ਨੂੰ ਆਪ ਬਤੌਰ ਪੰਜਾਬੀ ਅਧਿਆਪਕ ਵਜੋਂ ਭਰਤੀ ਹੋਏ। ਇਸ ਸੇਵਾ ਨੂੰ ਆਪ ਨੇ 1987 ਤੋਂ 2003 ਈ. ਤੱਕ ਬੜੀ ਹੀ ਸੂਝ-ਬੂਝ ਅਤੇ ਲਗਨ ਨਾਲ ਨਿਭਾਇਆ। ਆਪ ਦਾ ਬੱਚਿਆਂ ਨਾਲ ਵਿਹਾਰ, ਅਨੁਸ਼ਾਸਨੀ ਸੁਭਾਅ ਅਤੇ ਸਕੂਲ ਪ੍ਰਤੀ ਸੱਚੀ ਨਿਸ਼ਠਾ ਨੂੰ ਦੇਖ ਪ੍ਰਬੰਧਕਾਂ ਨੇ 2003 ਈ. ਵਿੱਚ ਆਪ ਨੂੰ ਪ੍ਰਿੰਸੀਪਲ ਨਿਯੁਕਤ ਕਰ ਦਿੱਤਾ।

ਇਸ ਵੱਡੇ ਅਹੁਦੇ ਤੇ ਹੁੰਦਿਆਂ ਵੀ ਆਪ ਦਾ ਸੁਭਾਅ ਨਿਰਮਾਣ ਅਤੇ ਮਿਲਣਸਾਰ ਰਿਹਾ। ਸਕੂਲ ਨੂੰ ਹਮੇਸ਼ਾ ਹੀ ਆਪਣੇ ਪਰਿਵਾਰ ਵਾਂਗ ਸੰਭਾਲਿਆ। ਛੋਟੇ-ਵੱਡੇ ਅਹੁਦਿਆਂ 'ਤੇ ਨਿਯੁਕਤ ਸਾਰੇ ਸਟਾਫ ਮੈਂਬਰਾਂ ਨੂੰ ਜਿੱਥੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦੇ, ਉੱਥੇ ਉਨ੍ਹਾਂ ਦੇ ਹਰ ਦੁੱਖ ਸੁੱਖ ਦੇ ਸਾਥੀ ਬਣਦੇ।

ਪ੍ਰਿੰ. ਜਗਜੀਤ ਕੌਰ ਦਾ ਬੱਚਿਆਂ ਨੂੰ ਪੜ੍ਹਾਉਣ ਅਤੇ ਸਮਝਾਉਣ ਦਾ ਢੰਗ ਵਿਲੱਖਣ ਸੀ। 30 ਸਾਲ ਦੇ ਅਧਿਆਪਨ ਕਾਰਜ-ਕਾਲ ਦੌਰਾਨ ਕਦੇ ਕਿਸੇ ਵਿਦਿਆਰਥੀ ਨੂੰ ਚਪੇੜ ਤੱਕ ਨਹੀਂ ਮਾਰੀ। ਪਰ ਆਪ ਦੀ ਸ਼ਖ਼ਸੀਅਤ ਦਾ ਬੱਚਿਆਂ ਉੱਪਰ ਐਸਾ ਪ੍ਰਭਾਵ ਹੁੰਦਾ ਕਿ ਬੱਚਾ ਆਪ ਦੀ ਮਿੱਠੀ-ਮਿੱਠੀ ਝਿੜਕ ਨੂੰ ਸਰੀਰਕ ਸਜ਼ਾ ਤੋਂ ਵੱਧ ਸਮਝਦਾ। ਬੱਚਿਆਂ ਕੋਲੋਂ ਹੋਈਆਂ ਗਲਤੀਆਂ ਪ੍ਰਤੀ ਆਪ ਦਾ ਪ੍ਰਤੀਕਰਮ ਇਹ ਸੀ ਕਿ ਗਲਤੀਆਂ ਦੀ ਸਜ਼ਾ ਨਾਲੋਂ ਬੱਚਿਆਂ ਅੰਦਰ ਨੈਤਿਕ ਗੁਣ ਪੈਦਾ ਕੀਤੇ ਜਾਣ, ਜਿਸ ਕਾਰਨ ਬੱਚਿਆਂ ਅੰਦਰ ਦੁਬਾਰਾ ਗਲਤੀਆਂ ਕਰਨ ਦੀ ਗੁੰਜਾਇਸ਼ ਹੀ ਨਾ ਰਹੇ। ਇਸ ਲਈ ਆਪ ਬੱਚਿਆਂ ਨੂੰ ਇਮਾਨਦਾਰੀ, ਸੱਚਾਈ, ਦਇਆ ਅਤੇ ਨਿਰਮਾਣਤਾ ਆਦਿ ਵਿਸ਼ਿਆਂ 'ਤੇ ਪਰਿਵਾਰ ਦੇ ਵੱਡੇ ਮੈਂਬਰ ਵਾਂਗ ਕੋਲ ਸੱਦ ਕੇ ਸਮਝਾਉਂਦੇ।

2013 ਈ. ਵਿੱਚ ਸਕੂਲ ਪ੍ਰਬੰਧਕਾਂ ਨੇ ਆਪ ਦੇ ਵਿਸ਼ਾਲ ਤਜ਼ਰਬੇ ਅਤੇ ਡੂੰਘੇ ਅਧਿਐਨ ਨੂੰ ਦੇਖਦਿਆਂ ਮੁੱਖ ਸਲਾਹਕਾਰ ਵਜੋਂ ਨਿਯੁਕਤ ਕਰ ਲਿਆ। 2017 ਈ. ਵਿੱਚ ਆਪ ਹਜ਼ੂਰ ਸਤਿਗੁਰੂ ਜੀ ਤੋਂ ਖੁਸ਼ੀਆਂ ਲੈ ਆਪਣੇ ਪੁੱਤਰ ਹਨੀ ਸਿੰਘ ਕੋਲ ਕੈਨੇਡਾ ਚਲੇ ਗਏ।

ਪ੍ਰਿੰ. ਜਗਜੀਤ ਕੌਰ ਜੀ ਦੀ ਅਧਿਆਪਨ ਸੇਵਾ ਨੂੰ ਮੁੱਖ ਰੱਖ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੁਆਰਾ 'ਮਾਸਟਰ ਨਿਹਾਲ ਸਿੰਘ ਯਾਦਗਾਰੀ ਪੁਰਸਕਾਰ-2021' ਨਾਲ ਨਿਵਾਜਦਿਆਂ ਦੇਖ ਨਾਮਧਾਰੀ ਪੰਥ ਖੁਸ਼ੀ ਅਨੁਭਵ ਕਰਦਾ ਹੈ ਅਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਪ੍ਰਿੰ. ਜਗਜੀਤ ਕੌਰ ਦੀ ਦੀਰਘ ਆਯੂ ਅਤੇ ਤੰਦਰੁਸਤੀ ਦੀ ਅਰਦਾਸ ਕਰਦਾ ਹੈ।

੧੮ ਚੇਤਰ ੨੦੭੭ ਹੋਲਾ ਮਹੱਲਾ

31 ਮਾਰਚ 2021 ਸ੍ਰੀ ਭੈਣੀ ਸਾਹਿਬ

# ਮਾਨ-ਪੱਤਰ

## ਸੰਤ ਸਾਧਾ ਸਿੰਘ

ਸੇਵਾ, ਸਿਮਰਨ ਅਤੇ ਧਰਮ ਦੀ ਕਿਰਤ ਕਰਨ ਵਾਲੇ ਗੁਰਸਿੱਖ ਹੀ ਸਿੱਖੀ ਵਿਚ ਪਰਵਾਨ ਗਿਣੇ ਜਾਂਦੇ ਹਨ। ਸੰਤ ਸਾਧਾ ਸਿੰਘ ਜੀ ਦਿੱਲੀ ਵਾਲੇ ਐਸੇ ਹੀ ਗੁਰੂ ਸਵਾਰੇ ਸੱਜਣ ਪੁਰਖ ਹਨ, ਜਿਨ੍ਹਾਂ ਨੇ ਗੁਰੂ ਘਰ ਦੀ ਸੇਵਾ ਕਰਕੇ ਨਵੇਂ ਮਿਆਰ ਕਾਇਮ ਕੀਤੇ ਹਨ।

ਸੰਤ ਸਾਧਾ ਸਿੰਘ ਜੀ ਦਾ ਜਨਮ 11 ਭਾਦਰੋਂ 1989 ਬਿ. ਮੁਤਾਬਿਕ 1932 ਈ. ਨੂੰ ਸੰਤ ਝੰਡਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਬਾਲ ਕੌਰ ਦੀ ਕੁੱਖੋਂ ਪਿੰਡ ਮੁਹਾਰ ਜ਼ਿਲ੍ਹਾ ਸਿਆਲਕੋਟ ਵਿੱਚ ਹੋਇਆ। ਆਪ ਜੀ ਦਾ ਦਾਦਾ ਖੁਸ਼ਹਾਲ ਸਿੰਘ ਮਹੰਤ ਵਧਾਵਾ ਸਿੰਘ ਖਾਨ ਪੁਰ ਵਾਲਿਆਂ ਤੋਂ ਭਜਨ ਪੁੱਛ ਕੇ ਨਾਮਧਾਰੀ ਸਿੰਘ ਸੱਜਿਆ। ਇਸ ਘਰ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲਾਂ 1927 ਈ. ਵਿੱਚ ਅਤੇ ਫਿਰ 1940 ਈ. ਦੇ ਕਰੀਬ ਚਰਨ ਪਾਏ। ਇਸੇ ਹਵੇਲੀ ਵਿਚ ਸੰਤ ਸੁੰਦਰ ਸਿੰਘ ਪੂੰਗਾਂ ਵਾਲੇ ਵੀ ਉਤਾਰਾ ਕਰਦੇ। ਇਹ ਬਾਲਕ ਉਹਨਾਂ ਦੀ ਸੰਗਤ ਵਿਚ ਖੁਸ਼ ਰਹਿ ਕੇ ਨਾਮ-ਬਾਣੀ ਨਾਲ ਜੁੜਨ ਦਾ ਯਤਨ ਕਰਦਾ। ਖਾਲਸਾ ਹਾਈ ਸਕੂਲ ਨਾਰੋਵਾਲ ਵਿਚ ਨੌਵੀ ਕਲਾਸ ਵਿਚ ਪੜ੍ਹਦੇ ਸਨ ਕਿ ਦੇਸ਼ ਵੰਡਿਆ ਗਿਆ। ਪਹਿਲਾ ਪਰਿਵਾਰ ਸਤਿਗੁਰੂ ਦੇ ਹੁਕਮ ਅਨੁਸਾਰ ਜੀਵਨ ਨਗਰ ਫਿਰ ਭੜੋਲਿਆਂ ਵਾਲੀ ਅਤੇ ਰਾਣੀਆਂ ਵਿਚ ਰਹਿ ਕੇ 1949 ਵਿਚ ਹੀ ਪਰਿਵਾਰ ਦਿੱਲੀ ਆ ਟਿਕਿਆ। ਸੰਤ ਜੀ ਪੰਜ ਭੈਣਾਂ ਦੇ ਇਕਲੌਤੇ ਭਾਈ ਹਨ। ਆਪ ਦਾ ਆਨੰਦ ਕਾਰਜ 1950 ਵਿਚ ਕਰਤਾਰ ਪੁਰ ਨਿਵਾਸੀ ਬੀਬੀ ਗੁਰਦੀਪ ਕੌਰ ਜੀ ਨਾਲ ਹੋਇਆ। ਸੰਤਾਨ ਵੱਜੋਂ- ਕਿਰਪਾਲ ਸਿੰਘ, ਸਤਪਾਲ ਸਿੰਘ (ਭਗਤ ਜੀ), ਟਹਿਲ ਸਿੰਘ ਅਤੇ ਜਸਮੀਤ ਸਿੰਘ ਚਾਰ ਲੜਕੇ ਅਤੇ ਬੀਬੀ ਸਰਬਜੀਤ ਕੌਰ, ਬੀਬੀ ਮਨਜੀਤ ਕੌਰ ਅਤੇ ਬੀਬੀ ਪਵਨਜੀਤ ਕੌਰ ਤਿੰਨ ਬੇਟੀਆਂ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ 1956 ਈ. ਦੇ ਦਿੱਲੀ ਹੋਲੇ ਮਹੱਲੇ ਤੋਂ ਸੰਤ ਸਾਧਾ ਸਿੰਘ ਜੀ ਨੇ ਲੰਗਰ ਦੀ ਸੇਵਾ ਅਰੰਭੀ ਜੋ ਅੱਜ ਤੱਕ ਨਿਰੰਤਰ ਨਿਭਾ ਰਹੇ ਹਨ। ਗੁਰੂ ਘਰ ਦੀ ਉਗਰਾਹੀ ਦੀ ਸੇਵਾ ਕਰਨੀ ਅਤੇ ਆਪ ਵੀ ਗੁਰੂ ਘਰ ਦੇ ਕਾਰਜਾਂ ਵਾਸਤੇ ਖੁੱਲੇ ਦਿਲ ਮਾਇਆ ਦੀ ਸੇਵਾ ਅਤੇ ਤਨ ਮਨ ਕਰਕੇ ਹੱਥੀਂ ਸੇਵਾ ਕਰਕੇ ਗੁਰੂ ਕੀਆਂ ਬਖਸ਼ਿਸ਼ਾਂ ਦੇ ਪਾਤਰ ਬਣੇ।

ਸੰਤ ਸਾਧਾ ਸਿੰਘ ਜੀ ਇੱਕ ਵਧੀਆ ਪਾਠਕ ਵੀ ਹਨ ਅਤੇ ਹੋਰਾਂ ਨੂੰ ਵੀ ਗੁਰ ਇਤਿਹਾਸ ਪੜ੍ਹਨ ਲਈ ਪ੍ਰੇਰਦੇ ਹਨ। ਲੱਕੜੀ ਦੇ ਉਸਤਾਦ ਕਾਰੀਗਰ ਹਨ। ਸ੍ਰੀ ਭੈਣੀ ਸਾਹਿਬ ਦੇ ਰਾਮ ਮੰਦਰ, ਨਵੇਂ ਬਣੇ ਲੰਗਰ ਹਾਲ ਅਤੇ ਲੰਗਰ ਅਹਾਤੇ ਦਾ ਤਿੰਨਾਂ ਮੁਖ ਦਰਵਾਜਿਆਂ ਦੀ ਅਤੇ ਰਮੇਸ਼ ਨਗਰ ਧਰਮਸ਼ਾਲਾ ਦੀ ਸਾਰੀ ਸੇਵਾ ਆਪ ਦੀ ਰੇਖ ਦੇਖ ਵਿਚ ਹੀ ਸਿਰੇ ਚੜ੍ਹੀ ਸੀ। ਗੁਰੂ ਚਰਨਾਂ ਦੇ ਅਨਿੰਨ ਭਗਤ ਪ੍ਰਧਾਨ ਸਾਧਾ ਸਿੰਘ ਜੀ ਬਾਰੇ ਇੱਕ ਵੇਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ ਸੀ ਕਿ ਇਹ (ਸਾਧਾ ਸਿੰਘ) ਮੁਹਾਰਾਂ ਵਾਲੇ ਬੇ-ਮੁਹਾਰੇ ਨਹੀਂ ਹਨ। ਸੰਤ ਸਾਧਾ ਸਿੰਘ ਨੂੰ ਮਿਲ ਕੇ ਹਰ ਗੁਰ ਸਿੱਖ ਆਪਣੇ ਸਕਿਆਂ ਤੋਂ ਵੀ ਵੱਧ ਅਪਣੱਤ ਭਰਿਆ ਅਹਿਸਾਸ ਕਰਦਾ ਹੈ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ-ਕਮਲਾਂ ਦੁਆਰਾ ਹੋਲਾ ਮਹੱਲਾ 1921 ਈ. ਸ੍ਰੀ ਭੈਣੀ ਸਾਹਿਬ ਵਿਖੇ ਸੰਤ ਸਾਧਾ ਸਿੰਘ ਜੀ ਨੂੰ "ਨਿਸ਼ਕਾਮ-ਸੇਵਕ ਸਨਮਾਨ" ਅਰਪਿਤ ਕਰਕੇ ਵਿਸ਼ਵ ਨਾਮਧਾਰੀ ਸੰਗਤ ਗੌਰਵੰਤ ਮਹਿਸੂਸ ਕਰਦੀ ਹੈ।

| | |
|---|---|
| ੧੮ ਚੇਤਰ ੨੦੭੭ | ਹੋਲਾ ਮਹੱਲਾ |
| 31 ਮਾਰਚ 2021 | ਸ੍ਰੀ ਭੈਣੀ ਸਾਹਿਬ |



## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸੇਵਾਦਰਾਂ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਦੇ ਹੋਏ।



ਸੰਤ ਸਾਧਾ ਸਿੰਘ ਦਿੱਲੀ ਸ੍ਰੀ ਸਤਿਗੁਰੂ ਜੀ ਪਾਸੋਂ
'ਨਿਸ਼ਕਾਮ ਸੇਵਕ ਸਨਮਾਨ' ਹਾਸਿਲ ਕਰਦੇ ਹੋਏ।



ਸੰਤ ਗੁਰਬਚਨ ਸਿੰਘ ਚੰਡੀਗੜ੍ਹ ਸ੍ਰੀ ਸਤਿਗੁਰੂ ਜੀ ਪਾਸੋਂ
'ਗਿਆਨ ਮਾਰਤੰਡ ਪੰ. ਗੋਪਾਲ ਸਿੰਘ' ਸਨਮਾਨ ਹਾਸਿਲ ਕਰਦੇ ਹੋਏ।



ਬੀਬੀ ਹਰਭਜਨ ਕੌਰ ਸ੍ਰੀ ਸਤਿਗੁਰੂ ਜੀ ਪਾਸੋਂ
'ਨਿਸ਼ਕਾਮ ਸੇਵਕ ਸਨਮਾਨ' ਹਾਸਿਲ ਕਰਦੇ ਹੋਏ।




ਸ੍ਰੀ ਸਤਿਗੁਰੂ ਜੀ ਪਾਸੋਂ ਪ੍ਰਿੰ. ਜਗਜੀਤ ਕੌਰ ਦਾ ਸਨਮਾਨ
'ਮਾ. ਨਿਹਾਲ ਸਿੰਘ ਯਾਦਗਾਰੀ ਪੁਰਸਕਾਰ-2021'
ਰਾਗੀ ਬਲਵੰਤ ਸਿੰਘ ਹਾਸਿਲ ਕਰਦੇ ਹੋਏ।





ਬੀਬੀ ਬਲਬੀਰ ਕੌਰ ਸ੍ਰੀ ਸਤਿਗੁਰੂ ਜੀ ਪਾਸੋਂ
'ਨਿਸ਼ਕਾਮ ਸੇਵਕ ਸਨਮਾਨ' ਹਾਸਿਲ ਕਰਦੇ ਹੋਏ।

Date of Publication: 20-04-2021,
Date of Posting: 21-22 Sep. 2021

RNI NO. 55658/93







Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.